12-MAY-PAGE-1.qxd 5/11/2023 10:28 PM Page 1

ਸ਼ੁੱਕਰਵਾਰ, 12 ਮਈ, 2023
29 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 341

# ਨਵਾਂ ਜ਼ਮਾਨਾ

DAILY NAWAN ZAMANA • FRIDAY, 12 MAY, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਹੁਣ ਆਈ ਦਿੱਲੀ ਸਰਕਾਰ ਕੇਜਰੀਵਾਲ ਦੇ ਕੰਟਰੋਲ 'ਚ



**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਵੀਰਵਾਰ ਸਰਬਸੰਮਤੀ ਨਾਲ ਦਿੱਲੀ ਸਰਕਾਰ ਅਤੇ ਕੇਂਦਰ ਵਿਚਾਲੇ ਸ਼ਕਤੀਆਂ ਦੇ ਵਿਵਾਦ 'ਤੇ ਆਪਣਾ ਅਹਿਮ ਫੈਸਲਾ ਸੁਣਾਇਆ। ਉਸ ਨੇ ਕਿਹਾ ਕਿ ਦਿੱਲੀ ਸਰਕਾਰ ਕੋਲ ਉਹੀ ਅਧਿਕਾਰ ਹਨ, ਜੋ ਦਿੱਲੀ ਵਿਧਾਨ ਸਭਾ ਕੋਲ ਹਨ। ਦਿੱਲੀ ਸਰਕਾਰ ਕੋਲ ਸੇਵਾਵਾਂ ਉੱਤੇ ਵਿਧਾਨਕ ਅਤੇ ਕਾਰਜਕਾਰੀ ਅਧਿਕਾਰ ਹੈ। ਦਿੱਲੀ ਸਰਕਾਰ ਕੋਲ ਜਨਤਕ ਵਿਵਸਥਾ, ਪੁਲਸ ਅਤੇ ਜ਼ਮੀਨ ਵਰਗੇ ਵਿਸ਼ਿਆਂ ਤੋਂ ਇਲਾਵਾ ਸੇਵਾਵਾਂ ਉੱਤੇ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਹਨ।

ਸੁਪਰੀਮ ਕੋਰਟ ਨੇ ਕਿਹਾ ਕਿ ਉਹ ਜਸਟਿਸ ਅਸ਼ੋਕ ਭੂਸ਼ਣ ਦੇ 2019 ਦੇ ਫੈਸਲੇ ਨਾਲ ਸਹਿਮਤ ਨਹੀਂ। 2019 'ਚ ਜਸਟਿਸ ਭੂਸ਼ਣ ਨੇ ਪੂਰੀ ਤਰ੍ਹਾਂ ਕੇਂਦਰ ਦੇ ਹੱਕ 'ਚ ਫੈਸਲਾ ਦਿੱਤਾ ਸੀ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਪ੍ਰਧਾਨਗੀ ਵਾਲੀ ਬੈਂਚ, ਜਿਸ 'ਚ ਜਸਟਿਸ ਐੱਮ ਆਰ ਸ਼ਾਹ, ਜਸਟਿਸ ਕ੍ਰਿਸ਼ਨਾ ਮੁਰਾਰੀ, ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਪੀ ਐੱਸ ਨਰਸਿਮਹਾ ਸ਼ਾਮਲ ਸਨ, ਨੇ ਪ੍ਰਸ਼ਾਸਨਕ ਸੇਵਾਵਾਂ 'ਤੇ ਅਧਿਕਾਰ ਬਾਰੇ ਦਿੱਲੀ ਸਰਕਾਰ ਦੀ ਪਟੀਸ਼ਨ 'ਤੇ ਸਰਬਸੰਮਤੀ ਨਾਲ ਫੈਸਲਾ ਦਿੱਤਾ। ਸੁਪਰੀਮ ਕੋਰਟ ਨੇ ਕਿਹਾ-ਦਿੱਲੀ ਵਿਧਾਨ ਸਭਾ ਦੇ ਮੈਂਬਰ, ਹੋਰ ਵਿਧਾਨ ਸਭਾਵਾਂ ਵਾਂਗ ਲੋਕਾਂ ਦੁਆਰਾ ਸਿੱਧੇ ਤੌਰ 'ਤੇ ਚੁਣੇ ਜਾਂਦੇ ਹਨ। ਲੋਕਤੰਤਰ ਅਤੇ ਸੰਘੀ ਢਾਂਚੇ ਦਾ ਸਤਿਕਾਰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਕਿ ਧਾਰਾ 239 ਏ ਏ ਦਿੱਲੀ ਵਿਧਾਨ ਸਭਾ ਨੂੰ ਬਹੁਤ ਸਾਰੀਆਂ ਸ਼ਕਤੀਆਂ ਦਿੰਦੀ ਹੈ, ਪਰ ਕੇਂਦਰ ਨਾਲ ਸੰਤੁਲਨ ਬਣਾਇਆ ਗਿਆ ਹੈ। ਦਿੱਲੀ ਦੇ ਮਾਮਲਿਆਂ 'ਚ ਵੀ ਸੰਸਦ ਦਾ ਅਧਿਕਾਰ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਇਸ ਨੂੰ ਦਿੱਲੀ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਪਾਰਟੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੰਮੀ ਲੜਾਈ ਬਾਅਦ ਇਹ ਜਿੱਤ ਹਾਸਲ ਕੀਤੀ

● ਬਾਕੀ ਸਫ਼ਾ 2 'ਤੇ

## ਰਾਜਪਾਲ ਦਾ ਠਾਕਰੇ ਨੂੰ ਫਲੋਰ ਟੈਸਟ ਦਾ ਹੁਕਮ ਗੈਰ-ਕਾਨੂੰਨੀ ਸੀ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਕਿਹਾ ਕਿ ਰਾਜਪਾਲ ਵੱਲੋਂ ਪਿਛਲੇ ਸਾਲ 30 ਜੂਨ ਨੂੰ ਮਹਾਰਾਸ਼ਟਰ ਵਿਧਾਨ ਸਭਾ 'ਚ ਆਪਣਾ ਬਹੁਮਤ ਸਾਬਤ ਕਰਨ ਲਈ ਤੱਤਕਾਲੀ ਮੁੱਖ ਮੰਤਰੀ ਊਧਵ ਠਾਕਰੇ ਨੂੰ ਤਲਬ ਕਰਨਾ ਸਹੀ ਨਹੀਂ ਸੀ। ਅਦਾਲਤ ਨੇ ਹਾਲਾਂਕਿ ਪਹਿਲਾਂ ਵਾਲੀ ਸਥਿਤੀ ਨੂੰ ਬਹਾਲ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਠਾਕਰੇ ਨੇ ਵੋਟਿੰਗ ਤੋਂ ਪਹਿਲਾਂ ਅਸਤੀਫਾ ਦੇ ਦਿੱਤਾ ਸੀ। ਊਧਵ ਠਾਕਰੇ ਦੀ ਅਗਵਾਈ ਵਾਲੀ ਮਹਾ ਵਿਕਾਸ ਅਗਾੜੀ ਸਰਕਾਰ ਦੇ ਪਤਨ ਅਤੇ ਪਿਛਲੇ ਸਾਲ ਸ਼ਿਵ ਸੈਨਾ ਦੇ ਏਕਨਾਥ ਸ਼ਿੰਦੇ ਧੜੇ ਦੀ ਬਗਾਵਤ ਤੋਂ ਬਾਅਦ ਮਹਾਰਾਸ਼ਟਰ 'ਚ ਪੈਦਾ ਹੋਏ ਸਿਆਸੀ ਸੰਕਟ ਨਾਲ ਜੁੜੀਆਂ ਕਈ ਪਟੀਸ਼ਨਾਂ 'ਤੇ ਸਰਬਸੰਮਤੀ ਨਾਲ ਫੈਸਲਾ ਸੁਣਾਉਂਦੇ ਹੋਏ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਕਿਹਾ ਕਿ ਸ਼ਿੰਦੇ ਧੜੇ ਦੇ ਸਪੀਕਰ ਵੱਲੋਂ ਭਰਤ ਗੋਗਾਵਾਲੇ ਨੂੰ ਸ਼ਿਵ ਸੈਨਾ ਦਾ ਵ੍ਹਿਪ ਨਿਯੁਕਤ ਕਰਨ ਦਾ ਫੈਸਲਾ ਗੈਰ-ਕਾਨੂੰਨੀ ਸੀ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਕਿਉਂਕਿ ਠਾਕਰੇ ਨੇ ਭਰੋਸੇ ਦੀ ਵੋਟ ਦਾ ਸਾਹਮਣਾ ਕੀਤੇ ਬਿਨਾਂ ਅਸਤੀਫਾ ਦੇ ਦਿੱਤਾ ਸੀ, ਰਾਜਪਾਲ ਵਲੋਂ ਸਦਨ 'ਚ ਸਭ ਤੋਂ ਵੱਡੀ ਭਾਜਪਾ ਦੇ ਕਹਿਣ 'ਤੇ ਸ਼ਿੰਦੇ ਨੂੰ ਸਰਕਾਰ ਬਣਾਉਣ ਲਈ ਸੱਦਾ ਦੇਣਾ ਸਹੀ ਸੀ। ਬੈਂਚ 'ਚ ਜਸਟਿਸ ਐੱਮ ਆਰ ਸ਼ਾਹ, ਜਸਟਿਸ ਕ੍ਰਿਸ਼ਨਾ ਮੁਰਾਰੀ, ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਪੀ ਐੱਸ ਨਰਸਿਮਹਾ ਸ਼ਾਮਲ ਸਨ। ਫੈਸਲੇ ਨਾਲ ਠਾਕਰੇ ਸਰਕਾਰ ਤਾਂ ਬਹਾਲ ਨਹੀਂ ਹੋਵੇਗੀ, ਪਰ ਸਪੀਕਰ ਨੂੰ ਸ਼ਿੰਦੇ ਧੜੇ ਦੇ ਵਿਧਾਇਕਾਂ

● ਬਾਕੀ ਸਫ਼ਾ 2 'ਤੇ

### ਜਵਾਨ ਸ਼ਹੀਦ



**ਮਹਿਲ ਕਲਾਂ (ਵਜੀਦਕੇ, ਲੋਹਗੜ)**

ਨੇੜਲੇ ਪਿੰਡ ਵਜੀਦਕੇ ਕਲਾਂ ਦਾ ਫੌਜੀ ਜਵਾਨ ਲਾਂਸ ਨਾਇਕ ਜਸਵੀਰ ਸਿੰਘ ਪੁੱਤਰ ਕੁਲਦੀਪ ਸਿੰਘ ਜੰਮੂ-ਕਸ਼ਮੀਰ ਦੇ ਮੇਂਢਰ ਖੇਤਰ 'ਚ ਡਿਊਟੀ ਦੌਰਾਨ ਗੋਲੀ ਲੱਗਣ ਕਾਰਨ ਸ਼ਹੀਦ ਹੋ ਗਿਆ। ਉਹ 2016 'ਚ ਫੌਜ 'ਚ ਭਰਤੀ ਹੋਇਆ ਸੀ ਤੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

### ਸੁਪਰੀਮ ਕੋਰਟ ਵੱਲੋਂ ਇਮਰਾਨ ਦੀ ਗ੍ਰਿਫਤਾਰੀ ਗੈਰਕਾਨੂੰਨੀ ਕਰਾਰ



**ਇਸਲਾਮਾਬਾਦ** : ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਵੀਰਵਾਰ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਗ੍ਰਿਫਤਾਰੀ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਕੌਮੀ ਜਵਾਬਦੇਹੀ ਬਿਊਰੋ ਨੂੰ ਉਨ੍ਹਾਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ। ਸਰਕਾਰ ਦੀ ਤਰਜਮਾਨ ਮਰੀਅਮ ਔਰੰਗਜ਼ੇਬ ਨੇ ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ—ਲਾਡਲੇ ਦੀ ਗ੍ਰਿਫ਼ਤਾਰੀ ਤੋਂ ਇਨਸਾਫ ਦੇਣ ਵਾਲੇ ਪ੍ਰੇਸ਼ਾਨ ਹਨ। ਸੁਪਰੀਮ ਕੋਰਟ ਇਕ ਦਹਿਸ਼ਤਗਰਦ ਨੂੰ ਸ਼ਹਿ ਦੇ ਰਹੀ ਹੈ। 9 ਮਈ ਨੂੰ ਇਮਰਾਨ ਦੀ ਗ੍ਰਿਫ਼ਤਾਰੀ ਦੇ ਬਾਅਦ ਇਕ ਸਾਜ਼ਿਸ਼ ਤਹਿਤ ਹਿੰਸਾ ਫੈਲਾਈ ਗਈ। ਫੌਜ 'ਤੇ ਹਮਲੇ ਕੀਤੇ ਗਏ। ਸਿਰਫ 48 ਘੰਟੇ ਬਾਅਦ ਸੁਪਰੀਮ ਕੋਰਟ ਦੇ ਢਿੱਡ 'ਚ ਦਰਦ ਉਠਣਾ ਸਮਝ ਤੋਂ ਬਾਹਰ ਹੈ। ਮਰੀਅਮ ਨੇ ਅੱਗੇ ਕਿਹਾ—ਤੁਹਾਡੇ ਲਾਡਲੇ ਨੇ ਜਿੰਨਾ ਨੁਕਸਾਨ ਇਕ ਦਿਨ ਵਿਚ ਕੀਤਾ ਹੈ, ਓਨਾ ਤਾਂ ਭਾਰਤ 75 ਸਾਲ ਵਿਚ ਨਹੀਂ ਕਰ ਸਕਿਆ।

## ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਭਲਵਾਨਾਂ ਦੇ ਸੰਘਰਸ਼ ਦਾ ਸਮਰਥਨ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**

ਭਲਵਾਨਾਂ ਦੇ ਧਰਨੇ ਵਾਲੀ ਥਾਂ ਦਾ ਦੌਰਾ ਕਰਨ ਉਪਰੰਤ ਕੇਂਦਰੀ ਟਰੇਡ ਯੂਨੀਅਨਾਂ ਦੇ ਮੰਚ ਵੱਲੋਂ ਦਿੱਲੀ ਵਿਖੇ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਦਸ ਕੇਂਦਰੀ ਟਰੇਡ ਯੂਨੀਅਨਾਂ (ਇੰਟਕ, ਏ ਆਈ ਟੀ ਯੂ ਸੀ, ਐੱਚ ਐੱਮ ਐੱਸ, ਸੀਟੂ, ਏ ਆਈ ਯੂ ਟੀ ਯੂ ਸੀ, ਸੇਵਾ, ਏ ਆਈ ਸੀ ਸੀ ਟੀ ਯੂ , ਐੱਲ ਪੀ ਐੱਫ, ਯੂ ਟੀ ਯੂ ਸੀ) ਦੇ ਪਲੇਟਫਾਰਮ ਦੇ ਆਗੂਆਂ ਮਹਿਲਾ ਭਲਵਾਨਾਂ ਵੱਲੋਂ ਮੰਗਾਂ ਨੂੰ ਲੈ ਕੇ ਪੁਰਸ਼ ਭਲਵਾਨਾਂ ਦੇ ਸਮਰਥਨ ਨਾਲ ਲਗਾਤਾਰ ਸ਼ਾਂਤਮਈ ਧਰਨੇ ਵਾਲੀ ਜਗ੍ਹਾ ਦਾ ਦੌਰਾ ਕਰਕੇ ਰੈਸਲਰ ਫੈਡਰੇਸ਼ਨ ਆਫ ਇੰਡੀਆ ਦੀ ਪ੍ਰਧਾਨਗੀ ਤੋਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਜਿਨਸੀ ਸ਼ੋਸ਼ਣ ਦੀਆਂ ਦੋ ਐੱਫ ਆਈ ਆਰ, ਜਿਨ੍ਹਾਂ ਵਿੱਚੋਂ ਇੱਕ ਪੋਕਸੋ ਐਕਟ ਅਧੀਨ ਹੈ, ਦੇ ਤਹਿਤ ਉਸ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਉਨ੍ਹਾਂ ਆਪਣਾ ਸਮਰਥਨ ਪੱਤਰ ਦਿੱਤਾ ਅਤੇ ਉਨ੍ਹਾਂ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਲਈ ਲਗਾਤਾਰ ਸਮਰਥਨ ਦੇਣ ਦਾ ਭਰੋਸਾ ਦਿੱਤਾ, ਕਿਉਂਕਿ ਕਾਨੂੰਨ ਦਾ ਰਾਜ ਕਾਇਮ ਰੱਖਣ ਅਤੇ ਔਰਤਾਂ ਦੇ ਮਾਣ-ਸਨਮਾਨ ਲਈ ਇਹ ਸੰਘਰਸ਼ ਸਮੁੱਚੇ ਸਮਾਜ ਲਈ ਹੈ।

ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਅਮਰਜੀਤ ਕੌਰ ਜਨਰਲ ਸਕੱਤਰ ਏਟਕ, ਅਸ਼ੋਕ ਸਿੰਘ ਮੀਤ ਪ੍ਰਧਾਨ ਇੰਟਕ, ਸਿੰਧੂ ਸਕੱਤਰ ਸੀਟੂ, ਸੰਤੋਸ਼ ਰਾਏ ਸਕੱਤਰ ਏ ਆਈ ਸੀ ਟੀ ਯੂ., ਚੌਰਸੀਆ ਸਕੱਤਰ ਦਿੱਲੀ ਏ ਆਈ ਯੂ ਟੀ ਯੂ ਸੀ, ਲਤਾ ਬੇਨ ਸਕੱਤਰ ਦਿੱਲੀ ਸੇਵਾ, ਧਰਮਿੰਦਰ ਸਕੱਤਰ ਯੂ ਟੀ ਯੂ ਸੀ, ਕੁਲਦੀਪ ਦਿੱਲੀ ਇੰਟਕ ਸਮੇਤ ਹੋਰ ਸ਼ਾਮਲ ਸਨ। ਬੁਲਾਰਿਆਂ ਨੇ ਹੁਕਮਰਾਨਾਂ ਦੇ ਦੋਹਰੇ ਮਾਪਦੰਡਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੋਕਸੋ ਐਕਟ ਦੇ ਬਾਵਜੂਦ ਦੋਸ਼ੀ ਦੀ ਗ੍ਰਿਫਤਾਰੀ ਦਾ ਕੋਈ ਆਸਾਰ ਨਜ਼ਰ ਨਹੀਂ ਆ ਰਿਹਾ। ਉਹ ਰੈਸਲਰ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਬਣੇ ਹੋਏ ਹਨ ਅਤੇ ਕਹਿੰਦੇ ਹਨ ਕਿ ਉਹ ਉਦੋਂ ਤੱਕ ਅਸਤੀਫਾ ਨਹੀਂ ਦੇਣਗੇ, ਜਦੋਂ ਤੱਕ ਪ੍ਰਧਾਨ

● ਬਾਕੀ ਸਫ਼ਾ 2 'ਤੇ



### ਨਬਾਲਗ ਭਲਵਾਨ ਦਾ ਮੈਜਿਸਟ੍ਰੇਟ ਅੱਗੇ ਬਿਆਨ ਦਰਜ

**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਉਣ ਵਾਲੀ ਨਾਬਾਲਗ ਭਲਵਾਨ ਨੇ ਜ਼ਾਬਤਾ ਫੌਜਦਾਰੀ ਦੀ ਧਾਰਾ 164 ਦੇ ਤਹਿਤ ਮੈਜਿਸਟ੍ਰੇਟ ਦੇ ਸਾਹਮਣੇ ਬਿਆਨ ਦਰਜ ਕਰਵਾ ਦਿੱਤਾ ਹੈ। ਪੁਲਸ ਨੇ ਦੱਸਿਆ ਕਿ ਨਾਬਾਲਗ ਭਲਵਾਨ ਦਾ ਬਿਆਨ ਅਧਿਕਾਰਤ ਤੌਰ 'ਤੇ ਬੁੱਧਵਾਰ ਦਰਜ ਕੀਤਾ ਗਿਆ। ਨੇੜ-ਭਵਿੱਖ 'ਚ ਬਾਕੀ ਛੇ ਮਹਿਲਾ ਭਲਵਾਨਾਂ ਦੇ ਵੀ ਮੈਜਿਸਟਰੇਟ ਦੇ ਸਾਹਮਣੇ ਬਿਆਨ ਲਏ ਜਾਣਗੇ। ਇਸੇ ਦੌਰਾਨ ਬ੍ਰਿਜ ਭੂਸ਼ਣ ਦੇ ਖਿਲਾਫ ਢੁਕਵੀਂ ਕਾਰਵਾਈ ਨਾ ਹੋਣ ਤੋਂ ਨਾਰਾਜ਼ ਪ੍ਰਦਰਸ਼ਨਕਾਰੀ ਭਲਵਾਨਾਂ ਨੇ ਸਿਰ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਕਾਲਾ ਦਿਵਸ ਮਨਾਇਆ। ਇਹ ਭਲਵਾਨ ਕਈ ਦਿਨ ਤੋਂ ਜੰਤਰ ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਹਨ।

## ਅੰਮ੍ਰਿਤਸਰ ਧਮਾਕਿਆਂ ਦੇ ਸੰਬੰਧ 'ਚ ਪੰਜ ਗ੍ਰਿਫ਼ਤਾਰ



ਆਜ਼ਾਦਵੀਰ ਨੇ 6 ਮਈ ਨੂੰ ਪਹਿਲੇ ਧਮਾਕੇ ਤੋਂ ਪਹਿਲਾਂ ਸਾਰਾਗੜ੍ਹੀ ਸਰਾਂ ਵਿਚ ਆਪਣੀ ਤਸਵੀਰ ਖਿੱਚੀ। ਪੁਲਸ ਨੇ ਇਸ ਨੂੰ ਉਸ ਦੇ ਮੋਬਾਈਲ ਤੋਂ ਰਿਕਵਰ ਕੀਤਾ ਹੈ।

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਇੱਥੇ ਦਰਬਾਰ ਸਾਹਿਬ ਕੰਪਲੈਕਸ ਨੇੜੇ ਧਮਾਕਿਆਂ ਦੇ ਸੰਬੰਧ 'ਚ 5 ਜਣੇ ਕਾਬੂ ਕਰ ਲਏ ਗਏ ਹਨ। ਇਨ੍ਹਾਂ ਨੂੰ ਫੜਾਉਣ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਨੇ ਅਹਿਮ ਰੋਲ ਨਿਭਾਇਆ। ਡੀ ਜੀ ਪੀ ਗੌਰਵ ਯਾਦਵ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਸ਼ੰਸਾ ਵੀ ਕੀਤੀ ਹੈ।

ਬੀਤੇ ਦਿਨਾਂ ਵਿਚ ਹੋਏ ਦੋ ਧਮਾਕਿਆਂ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਨੇੜੇ ਬੁੱਧਵਾਰ ਰਾਤ ਸਾਢੇ 12 ਵਜੇ ਇਕ ਹੋਰ ਧਮਾਕਾ ਹੋਇਆ, ਹਾਲਾਂਕਿ ਇਸ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਫੜੇ ਗਏ ਮੁਲਜ਼ਮਾਂ ਦੀ ਪਛਾਣ ਬਾਬਾ ਬਕਾਲਾ ਦੇ ਪਿੰਡ ਵਡਾਲਾ ਕਲਾਂ ਦੇ ਆਜ਼ਾਦ ਵੀਰ ਸਿੰਘ, ਗੁਰਦਾਸਪੁਰ ਦੇ ਪਿੰਡ ਦੁਬੜੀ ਦੇ ਅਮਰੀਕ ਸਿੰਘ, 88 ਫੁੱਟੀ ਰੋਡ ਦੇ ਧਰਮਿੰਦਰ ਸਿੰਘ ਤੇ ਹਰਜੀਤ ਸਿੰਘ ਅਤੇ ਗੇਟ ਹਕੀਮਾ ਖੇਤਰ ਦੇ ਸਾਹਿਬ ਸਿੰਘ

● ਬਾਕੀ ਸਫ਼ਾ 2 'ਤੇ

## ਗੈਸ ਲੀਕ ਹੋਣ ਕਾਰਨ ਕਈ ਬੱਚੇ ਬੇਹੋਸ਼



**ਰੋਪੜ (ਬਿੰਦਰਾ)**-ਨੰਗਲ ਵਿੱਚ ਇੱਕ ਫੈਕਟਰੀ ਵਿੱਚ ਵੀਰਵਾਰ ਗੈਸ ਲੀਕ ਹੋਣ ਕਾਰਨ ਇਕ ਸਕੂਲ ਦੇ ਕਰੀਬ ਦੋ ਦਰਜਨ ਬੱਚੇ ਬੇਹੋਸ਼ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇਕ ਬੱਚੀ ਨੂੰ ਪੀ ਜੀ ਆਈ ਰੈਫਰ ਕਰਨਾ ਪਿਆ। ਫੈਕਟਰੀ ਨੇੜੇ ਸੇਂਟ ਸੋਲਜਰ ਸਕੂਲ ਵਿੱਚ ਕਰੀਬ 2400 ਬੱਚੇ ਪੜ੍ਹਦੇ ਹਨ। ਬੱਚਿਆਂ ਨੇ ਸਿਰ ਅਤੇ ਗਲੇ ਵਿੱਚ ਦਰਦ ਦੀ ਸ਼ਿਕਾਇਤ ਕੀਤੀ। ਘਟਨਾ ਦੀ ਜਾਣਕਾਰੀ ਮਿਲਣ 'ਤੇ ਸਰਕਾਰੀ ਅਧਿਕਾਰੀਆਂ ਵਿੱਚ ਅਫਰਾ-ਤਫਰੀ ਫੈਲ ਗਈ। ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਅਤੇ ਐੱਸ ਐੱਸ ਪੀ ਰੋਪੜ ਵਿਵੇਕਸ਼ੀਲ ਸੋਨੀ ਦੂਜੇ ਅਫਸਰਾਂ ਨਾਲ ਮੌਕੇ 'ਤੇ ਪੁੱਜ ਗਏ। ਨੇੜ-ਤੇੜ ਤੋਂ ਐਂਬੂਲੈਂਸਾਂ ਤੇ ਮੈਡੀਕਲ ਸਟਾਫ ਵੀ ਬੁਲਾਇਆ ਗਿਆ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੋ ਇਸ ਹਲਕੇ ਤੋਂ ਵਿਧਾਇਕ ਹਨ, ਵੀ ਮੌਕੇ 'ਤੇ ਪੁੱਜ ਗਏ ਅਤੇ ਬੱਚਿਆਂ ਅਤੇ ਸਟਾਫ ਦੀ ਸਹਾਇਤਾ ਦੇ ਕੰਮ ਦੀ ਨਿਗਰਾਨੀ ਕੀਤੀ। ਡਿਪਟੀ ਕਮਿਸ਼ਨਰ ਨੇ ਕਿਹਾ ਹੈ ਕਿ 24 ਬੱਚਿਆਂ ਅਤੇ ਇਕ ਟੀਚਰ ਨੂੰ ਹਸਪਤਾਲ ਪੁਜਾਇਆ ਗਿਆ। 18/19 ਬੱਚਿਆਂ ਨੂੰ ਮੁਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। 4/5 ਬੱਚਿਆਂ ਨੂੰ ਅੰਡਰ

● ਬਾਕੀ ਸਫ਼ਾ 2 'ਤੇ

## ਜ਼ਿੰਦਗੀ ਖੇਤ ਮਜ਼ਦੂਰਾਂ ਦੇ ਲੇਖੇ ਲਾਉਣ ਵਾਲੇ ਮੰਗਤ ਸਿੰਘ ਬੁੱਟਰ ਨਹੀਂ ਰਹੇ



**ਮੋਗਾ** : ਮਿਹਨਤਕਸ਼ ਲੋਕਾਂ ਦੀ ਲਾਮਬੰਦੀ ਲਈ ਹਰ ਪਲ ਤਤਪਰ ਰਹਿਣ ਵਾਲੇ ਸਾਰੀ ਉਮਰ 'ਪੰਜਾਬ ਖੇਤ ਮਜ਼ਦੂਰ ਸਭਾ' ਦੇ ਝੰਡੇ ਦੀ ਅਗਵਾਈ ਵਿੱਚ ਖੇਤ ਮਜ਼ਦੂਰਾਂ ਦੇ ਹੱਕਾਂ ਲਈ ਲੜਦੇ ਰਹਿਣ ਵਾਲੇ ਸਮਰਪਿਤ ਕਮਿਊਨਿਸਟ ਕਾਮਰੇਡ ਮੰਗਤ ਸਿੰਘ ਬੁੱਟਰ ਨਹੀਂ ਰਹੇ। ਖੇਤ ਮਜ਼ਦੂਰਾਂ ਨੂੰ ਚੇਤਨ ਅਤੇ ਜਥੇਬੰਦ ਕਰਨ ਲਈ ਮਾਸਟਰ ਹਰੀ ਸਿੰਘ ਧੂਤ ਤੇ ਰੁਲਦੂ ਖਾਨ ਵਰਗੇ ਆਗੂਆਂ ਦੀ ਪਹਿਲਕਦਮੀ ਨਾਲ 1954 ਵਿੱਚ ਸਥਾਪਤ ਕੀਤੀ ਖੇਤ ਮਜ਼ਦੂਰ ਸਭਾ ਦੇ ਕਾਮਰੇਡ ਮੰਗਤ ਸਿੰਘ ਵੀ ਇੱਕ ਸਮਰਪਿਤ ਕਾਰਕੁਨ ਸਨ। ਕਾਮਰੇਡ ਸਰਵਨ ਸਿੰਘ ਚੜਿੱਕ ਹੁਰਾਂ ਦੀ ਪ੍ਰੇਰਨਾ ਨਾਲ ਭਰ ਜੁਆਨੀ ਵਿੱਚ ਤੁਰੇ ਕਾਮਰੇਡ ਮੰਗਤ ਸਿੰਘ ਬੁੱਟਰ ਗੁਰਦਿਆਂ ਅਤੇ ਲਿਵਰ ਦੀ ਬਿਮਾਰੀ ਨਾਲ ਲੜਦੇ ਹੋਏ ਵੀਰਵਾਰ ਆਪਣੇ ਪਰਵਾਰ ਅਤੇ ਕਮਿਊਨਿਸਟ ਸਾਥੀਆਂ ਨੂੰ ਵਿਛੋੜਾ ਦੇ ਗਏ।

ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਭੋਲਾ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਸ਼ੇਰ ਸਿੰਘ ਸਰਪੰਚ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਸੁਪਰੀਮ ਕੋਰਟ ਨੇ ਹੁਕਮ ਸਪੱਸ਼ਟ ਕੀਤਾ,
ਦਿੱਲੀ ਸਰਕਾਰ ਦੇ ਵਧੇ ਅਧਿਕਾਰ ਮੀਆਂ।
ਕੇਂਦਰ ਸਰਕਾਰ ਦਾ ਜੋ ਨਿਯੁਕਤ ਕਰਿਆ,
ਓਸ ਅਫਸਰ ਲਈ ਹੋਈ ਆ ਹਾਰ ਮੀਆਂ।
ਲੋਕਤੰਤਰ ਦੇ ਪੱਖ ਵਿੱਚ ਹੁਕਮ ਆਇਆ,
ਖਾ ਗਈ ਮਾਰ ਹੈ ਕੇਂਦਰ ਸਰਕਾਰ ਮੀਆਂ।
ਦਲੀਲਾਂ ਕੇਂਦਰੀ ਲੀਡਰ ਕਈ ਜਿਵੇਂ ਦੇਂਦੇ,
ਲੱਗਦਾ ਅਜੇ ਨਹੀਂ ਮੰਨ ਰਹੇ ਮਾਰ ਮੀਆਂ।
ਮੁੱਕਿਆ ਇੱਟ-ਖੜਿੱਕਾ ਨਹੀਂ ਜਾਪਦਾ ਈ,
ਖਹਿਬੜ ਪਹਿਲਾਂ ਦੇ ਵਾਂਗ ਹੀ ਰਹੂ ਮੀਆਂ।
ਰੂਪ ਬਦਲ ਕੇ ਉਲਝਣ ਹੀ ਪਈ ਰਹਿਣੀ,
ਸੁੱਕਿਆ ਲੋਕਾਂ ਦਾ ਰਹੂ ਫਿਰ ਲਹੂ ਮੀਆਂ।

-ਤੀਸ ਮਾਰ ਖਾਂ

### ਪਿਛਲੇ ਸੀਜ਼ਨ ਨਾਲੋਂ ਕਣਕ ਦੀ 75 ਲੱਖ ਟਨ ਵੱਧ ਖਰੀਦ

**ਨਵੀਂ ਦਿੱਲੀ** : ਹਾੜ੍ਹੀ ਦੇ ਸੀਜ਼ਨ (2022-23) ਦੌਰਾਨ ਮੰਗਲਵਾਰ ਤੱਕ ਕਣਕ ਦੀ ਖਰੀਦ 252 ਲੱਖ ਟਨ ਕੀਤੀ ਜਾ ਚੁੱਕੀ ਹੈ। ਇਹ ਪਿਛਲੇ ਸੀਜ਼ਨ ਨਾਲੋਂ 75 ਲੱਖ ਟਨ ਵੱਧ ਹੈ। ਪਿਛਲੇ ਸੀਜ਼ਨ 'ਚ ਇਹ 188 ਲੱਖ ਟਨ ਸੀ। ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਵੱਲੋਂ ਜਾਰੀ ਬਿਆਨ ਅਨੁਸਾਰ 20 ਲੱਖ ਕਿਸਾਨਾਂ ਨੂੰ ਬੁੱਧਵਾਰ ਸ਼ਾਮ ਨੂੰ 47,000 ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ (ਐੱਮ ਐੱਸ ਪੀ 'ਤੇ) ਸਿੱਧੇ ਤੌਰ 'ਤੇ ਉਨ੍ਹਾਂ ਦੇ ਬੈਂਕ ਖਾਤਿਆਂ 'ਚ ਭੇਜੀ ਜਾ ਚੁੱਕੀ ਹੈ ਤੇ ਹੋਰ ਕਿਸਾਨਾਂ ਨੂੰ ਹਾਲੇ ਲਾਭ ਮਿਲਣਾ ਹੈ। ਰੋਜ਼ਾਨਾ ਔਸਤਨ 2 ਲੱਖ ਟਨ ਤੋਂ ਵੱਧ ਕਣਕ ਦੀ ਖਰੀਦ ਕੀਤੀ ਜਾ ਰਹੀ ਹੈ।

ਕਣਕ ਦੀ ਖਰੀਦ 'ਚ ਮੁੱਖ ਯੋਗਦਾਨ ਤਿੰਨ ਰਾਜਾਂ ਪੰਜਾਬ, ਹਰਿਆਣਾ ਅਤੇ ਮੱਧ ਪ੍ਰਦੇਸ਼ ਦਾ ਹੈ ਤੇ ਇਨ੍ਹਾਂ ਰਾਜਾਂ 'ਚ ਕ੍ਰਮਵਾਰ 118.68, 62.18 ਅਤੇ 66.50 ਲੱਖ ਟਨ ਦੀ ਖਰੀਦ ਕੀਤੀ ਗਈ ਹੈ।




ਪੰਜਾਬ ਸਰਕਾਰ
ਮੁੱਖ ਮੰਤਰੀ
ਭਗਵੰਤ ਮਾਨ
ਦੀ ਅਗਵਾਈ ਹੇਠ
ਮਹਾਨ ਸਿੱਖ ਜਰਨੈਲ
ਬਾਬਾ ਬੰਦਾ ਸਿੰਘ ਬਹਾਦਰ
ਨੂੰ
ਸਰਹਿੰਦ ਫ਼ਤਹਿ ਦਿਵਸ
ਦੀ 313ਵੀਂ ਵਰ੍ਹੇਗੰਢ
ਮੌਕੇ ਸ਼ਰਧਾਪੂਰਵਕ ਸਤਿਕਾਰ ਭੇਟ ਕਰਦੀ ਹੈ

ਸਰਹਿੰਦ ਫ਼ਤਹਿ ਦਿਵਸ ਪੰਜਾਬ ਵਿੱਚ ਮੁਗ਼ਲਾਂ ਦੇ ਜ਼ੁਲਮ ਦਾ ਖ਼ਾਤਮਾ ਕਰਦਿਆਂ ਸਰਹਿੰਦ ਦੀ ਇਤਿਹਾਸਕ ਜਿੱਤ ਅਤੇ
ਦਸਮੇਸ਼ ਪਿਤਾ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹਾਦਤ ਦਾ ਬਦਲਾ ਲਏ ਜਾਣ ਦਾ ਪ੍ਰਤੀਕ ਹੈ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

## ਆਈ ਐੱਮ ਏ ਦੇ ਡਾਕਟਰਾਂ ਨੇ ਕੀਤਾ ਸਿਵਲ ਸਰਜਨ ਦਾ ਸਵਾਗਤ



**ਮੋਗਾ (ਅਮਰਜੀਤ ਬੱਬਰੀ)**-ਇੰਡੀਅਨ ਮੈਡੀਕਲ ਐਸੋਸੀਏਸ਼ਨ ਇਕਾਈ ਮੋਗਾ ਦੇ ਪ੍ਰਧਾਨ ਡਾਕਟਰ ਸੰਜੀਵ ਮਿੱਤਲ ਅਤੇ ਉਨ੍ਹਾਂ ਦੇ ਸਹਿਕਰਮੀ ਡਾਕਟਰਾਂ ਨੇ ਸਿਵਲ ਸਰਜਨ ਡਾਕਟਰ ਰਾਜੇਸ਼ ਅੱਤਰੀ ਜੀ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।

ਇਸ ਮੌਕੇ ਉਨ੍ਹਾਂ ਸਿਵਲ ਸਰਜਨ ਨੂੰ ਜੀ ਆਇਆਂ ਆਖਿਆ ਅਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਰਹੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਆਸ ਜ਼ਾਹਰ ਕੀਤੀ ਕਿ ਡਾ ਅੱਤਰੀ ਦੇ ਸਿਵਲ ਸਰਜਨ ਬਣਨ ਨਾਲ ਜ਼ਿਲ੍ਹਾ ਸਿਹਤ ਸੇਵਾਵਾਂ ਦੇ ਖੇਤਰ ਵਿਚ ਬੁਲੰਦੀਆਂ ਛੂਹੇਗਾ। ਇਸ ਮੌਕੇ ਡਾਕਟਰ ਸੰਜੀਵ ਮਿੱਤਲ ਨੇ ਕਿਹਾ ਕਿ ਨਿੱਜੀ ਹਸਪਤਾਲ ਅਤੇ ਸਰਕਾਰੀ ਹਸਪਤਾਲ ਮਿਲ ਕੇ ਆਮ ਜਨਤਾ ਦੀਆਂ ਸਿਹਤ ਸਹੂਲਤਾਂ ਲਈ ਮਿਲ ਜੁਲ ਕੇ ਕੰਮ ਕਰਕੇ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨਗੇ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਫਰੈਸ਼ਰ ਪਾਰਟੀ



**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਸਕੂਲ ਦੇ ਵਿਹੜੇ ਆਏ ਨਵੇਂ ਮਹਿਮਾਨ ਭਾਵ ਨਰਸਰੀ ਜਮਾਤ ਦੇ ਵਿਦਿਆਰਥੀਆਂ ਲਈ 'ਫਰੈਸ਼ਰ ਪਾਰਟੀ' ਆਯੋਜਤ ਕੀਤੀ ਗਈ, ਜਿਸ ਵਿੱਚ ਬੱਚਿਆਂ ਵੱਲੋਂ ਰੈਂਪ ਵਾਕ, ਮਾਡਲਿੰਗ ਤੇ ਹੋਰ ਵੀ ਕਈ ਤਰ੍ਹਾਂ ਦੀਆਂ ਉਮਰ ਮੁਤਾਬਕ ਗਤੀਵਿਧੀਆਂ ਕੀਤੀਆਂ ਗਈਆਂ। ਉਨ੍ਹਾਂ ਸਕੂਲ ਅੰਦਰ ਆਉਂਦੇ ਹੀ ਨਵੀਆਂ-ਨਵੀਆਂ ਗੱਲਾਂ ਸਿੱਖੀਆਂ। ਇਸ ਮੁਕਾਬਲੇ ਦੌਰਾਨ ਲੜਕਿਆਂ ਵਿਚੋਂ ਏਕਮਜੋਤ ਸਿੰਘ (ਮਿਸਟਰ ਫਰੈਸ਼ਰ), ਆਰਵ ਸਿੰਘ (ਫਸਟ ਰਨਰ-ਅੱਪ) ਅਤੇ ਹਿੰਮਤ ਸਿੰਘ (ਸੈਕਿੰਡ ਰਨਰਅਪ) ਰਹੇ। ਇਸੇ ਤਰ੍ਹਾਂ ਹੀ ਲੜਕੀਆਂ ਵਿਚੋਂ ਪ੍ਰਭਸੀਰਤ ਕੌਰ (ਮਿਸ ਫਰੈਸ਼ਰ), ਨਿਮਰਤ ਕੌਰ (ਫਸਟ ਰਨਰ-ਅੱਪ) ਅਤੇ ਐਸ਼ਨੂਰ ਕੌਰ (ਸੈਕਿੰਡ ਰਨਰ-ਅੱਪ) ਰਹੇ। ਜੇਤੂ ਬੱਚਿਆਂ ਨੂੰ ਖਿਤਾਬ ਵੀ ਨਿਵਾਜ਼ੇ ਗਏ। ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਇਹਨਾਂ ਨੰਨ੍ਹੇ-ਮੁੰਨਿਆਂ ਦੇ ਮੁੱਢਲੇ ਜੀਵਨ ਨੂੰ ਪਹਿਲੇ ਦਿਨ ਤੋਂ ਹੀ ਸੁਖਾਵਾਂ ਮਾਹੌਲ ਦੇਣਾ ਸਾਡਾ ਫ਼ਰਜ਼ ਬਣਦਾ ਹੈ। ਸਕੂਲ ਦੀ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆ ਤੇ ਸਤਵੀਰ ਸਿੰਘ ਸੇਖੋਂ ਨੇ ਵੀ ਜੇਤੂ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ।

## ਫੂਡ ਸੇਫਟੀ ਵੈਨ ਰਾਹੀਂ ਖਾਣ-ਪੀਣ ਦੀਆਂ ਵਸਤੂਆਂ ਦੀ ਕੀਤੀ ਗਈ ਚੈਕਿੰਗ




**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿਹਤ ਵਿਭਾਗ ਵੱਲੋਂ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਫੂਡ ਸੇਫਟੀ ਵੈਨ ਰਾਹੀਂ ਕਸਬਾ ਮਮਦੋਟ ਵਿਖੇ ਖਾਣ-ਪੀਣ ਵਾਲੀਆਂ ਵਸਤੂਆਂ ਦੀ ਚੈਕਿੰਗ ਕੀਤੀ ਗਈ ਤੇ ਮਿਲਾਵਟੀ ਖ਼ਾਦ ਪਦਾਰਥਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਲਗਭਗ 10 ਸੈਂਪਲਾਂ ਦੀ ਜਾਂਚ ਕੀਤੀ ਗਈ ਤੇ ਮੌਕੇ 'ਤੇ ਰਿਪੋਰਟ ਤਿਆਰ ਕਰਕੇ ਦਿੱਤੀ ਗਈ। ਇਹ ਜਾਣਕਾਰੀ ਫੂਡ ਸੇਫਟੀ ਅਫ਼ਸਰ ਹਰਵਿੰਦਰ ਸਿੰਘ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਚਲਾਈਆਂ ਗਈਆਂ। ਇਨ੍ਹਾਂ ਸੱਤ ਫੂਡ ਸੇਫਟੀ ਵੈਨਾਂ ਵਿੱਚੋਂ ਇੱਕ ਵੈਨ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਵੈਨ ਰਾਹੀਂ ਮਹਿਜ਼ 50 ਰੁਪਏ ਵਿੱਚ ਘਰੇਲੂ ਖਾਣ ਪੀਣ ਵਾਲੀਆਂ ਚੀਜ਼ਾਂ ਜਿਵੇਂ ਲੂਣ, ਮਸਾਲੇ, ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਆਦਿ ਦੀ ਸ਼ੁੱਧਤਾ ਤੇ ਗੁਣਵਤਾ ਬਾਰੇ ਜਾਂਚ ਹੋ ਸਕੇਗੀ, ਜਿਸ ਦੀ ਰਿਪੋਰਟ ਮੌਕੇ 'ਤੇ ਦਿੱਤੀ ਜਾਵੇਗੀ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਫੂਡ ਵੈਨ ਦਾ ਵੱਧ-ਵੱਧ ਤੋ ਲਾਹਾ ਲੈਣ। ਉਨ੍ਹਾਂ ਦੱਸਿਆ ਕਿ ਇਸ ਮੌਕੇ ਫੂਡ ਜਾਗਰੂਕਤਾ ਕੈਂਪ ਵੀ ਲਗਾਇਆ ਜਿਸ ਦੌਰਾਨ ਉਨ੍ਹਾਂ ਲੋਕਾਂ ਨੂੰ ਖ਼ਾਧ ਪਦਾਰਥਾਂ ਦੇ ਮਾੜੇ ਅਤੇ ਚੰਗੇ ਗੁਣਾ ਦੀ ਜਾਣਕਾਰੀ ਦਿੱਤੀ ਅਤੇ ਫੂਡ ਵਿਕਰੇਤਾ ਨੂੰ ਅਪੀਲ ਕੀਤੀ ਕਿ ਉਹ ਫੂਡ ਸੇਫਟੀ ਸਟੈਂਡਰਡ ਐਕਟ 2006 ਅਧੀਨ ਆਪਣੇ ਕਾਰੋਬਾਰ ਦਾ ਲਾਇੰਸਸ ਜਾਂ ਰਜਿਸਟ੍ਰੇਸ਼ਨ ਜ਼ਰੂਰ ਲੈਣ।

## ਸ੍ਰੀ ਖਾਟੂ ਸ਼ਿਆਮ ਦੇ ਮੰਦਰ ਦੇ ਨਵ-ਨਿਰਮਾਣ ਲਈ ਨੀਂਹ ਪੱਥਰ ਰੱਖਿਆ



**ਤਪਾ ਮੰਡੀ (ਅਰੁਣ ਗੋਇਲ)**-ਦਰਾਜ ਰੇਲਵੇ ਫਾਟਕ ਨਜ਼ਦੀਕ ਬਣੇ ਪੰਚਮੁੱਖੀ ਹਨੂੰਮਾਨ ਅਤੇ ਸ਼ਨੀਦੇਵ ਮੰਦਿਰ ਤਪਾ ਵਿਖੇ ਸ੍ਰੀ ਖਾਟੂ ਸ਼ਿਆਮ ਜੀ ਦੇ ਮੰਦਿਰ ਦੀ ਨੀਂਹ ਪੱਥਰ ਸੀਨੀਅਰ ਸਿਟੀਜਨ ਗਿਰਧਾਰੀ ਲਾਲ ਮਿੱਤਲ ਤੇ ਰਾਮ ਲਾਲ ਠੇਕੇਦਾਰ ਨੇ ਧਾਰਮਿਕ ਗੀਤੀ ਰਿਵਾਜਾਂ ਅਨੁਸਾਰ ਰੱਖਿਆ ਗਿਆ। ਪੂਜਾ ਅਰਚਨਾ ਸ਼ਾਸਤਰੀ ਕਾਲਾ ਰਾਮ ਸ਼ਰਮਾ ਨੇ ਕਰਾਈ। ਹਾਜ਼ਰ ਪ੍ਰਬੰਧਕਾਂ ਹਰੀਸ਼ ਕੁਮਾਰ ਗੋਸ਼ਾ, ਕਰਨ ਮਿੱਤਲ, ਕਿਰਤੀ ਦੇਵ ਸ਼ਰਮਾ, ਭਾਰਤ ਭੂਸ਼ਨ ਭਾਂਸਲ, ਬਿੱਟੂ ਮੋੜ, ਕਾਲਾ ਘੁੰਨਸ, ਵਿਪੁਨ ਗੁਪਤਾ ਆਦਿ ਨੇ ਦੱਸਿਆ ਕਿ ਇਸ ਸਥਾਨ 'ਤੇ ਪਹਿਲਾਂ ਲੱਖਾਂ ਰੁਪਏ ਦੀ ਲਾਗਤ ਨਾਲ 33 ਫੁੱਟ ਉਚੀ ਸ੍ਰੀ ਹਨੂੰਮਾਨ ਜੀ ਦੀ ਮੂਰਤੀ ਸਥਾਪਤ ਕੀਤੀ ਗਈ ਸੀ। ਹੁਣ ਮੰਡੀ ਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਖਾਟੂ ਸ਼ਿਆਮ ਜੀ ਦੇ ਮੰਦਰ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਿਆ ਗਿਆ ਹੈ, ਜਿਸ 'ਤੇ ਵੀ ਲੱਖਾਂ ਰੁਪਏ ਲਾਗਤ ਆਵੇਗੀ। ਇਹ ਸਿਰਫ ਤੇ ਸਿਰਫ ਮੰਡੀ ਵਾਸੀਆਂ ਦੀ ਹੀ ਦੇਣ ਹੈ। ਇਸ ਨੀਂਹ ਪੱਥਰ ਸਮੇਂ ਮੰਡੀ ਦੀਆਂ ਧਾਰਮਿਕ, ਸਮਾਜਿਕ, ਵਪਾਰਕ ਤੇ ਰਾਜਨੀਤਕ ਸੰਸਥਾਵਾਂ ਤੋਂ ਇਲਾਵਾ ਟਰੱਕ ਯੂਨੀਅਨ ਦੇ ਪ੍ਰਧਾਨ ਨਰਾਇਣ ਸਿੰਘ ਪੰਧੇਰ, ਰੇਸ਼ਮ ਸਿੰਘ ਪੀ.ਏ, ਜੱਸੀ ਪੁਰਬਾ, ਮਦਨ ਲਾਲ ਗਰਗ, ਜਸਵਿੰਦਰ ਚੱਠਾ, ਸੁਰਿੰਦਰ ਸਿੰਘ, ਡਾ. ਬਾਲ ਚੰਦ ਬਾਸਲ, ਹੇਮ ਰਾਜ ਸ਼ੰਟੀ ਮੋੜ, ਜਵਾਹਰ ਲਾਲ ਬਾਂਸਲ, ਸੱਤਪਾਲ ਮੋੜ, ਕੇਵਲ ਮਿੱਤਲ, ਜਗਨ ਨਾਥ ਸ਼ਰਮਾ ਮੈਨੇਜਰ, ਪਵਨ ਕੁਮਾਰ ਢਿੱਲਵਾਂ, ਅਨਿਲ ਭੈਣੀ, ਸੂਰਜ ਭਾਨ ਆਲੀਕੇ ਆਦਿ ਵੱਡੀ ਗਿਣਤੀ 'ਚ ਮੰਡੀ ਵਾਸੀਆਂ ਨੇ ਸ਼ਮੂਲੀਅਤ ਕੀਤੀ।

## ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਮੀਟਿੰਗ



**ਮੱਖੂ (ਰਛਪਾਲ ਸਿੰਘ ਸੰਧੂ)**-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਮਖੂ ਦੀ ਮੀਟਿੰਗ ਹਰਦੇਵ ਸਿੰਘ ਔਜਲਾ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਦਫਤਰ ਕਿਸਾਨ ਅਰਾਮ ਘਰ ਵਿਖੇ ਹੋਈ। ਇਸ ਮੌਕੇ ਲਖਵਿੰਦਰ ਸਿੰਘ ਪੀਰ ਮੁਹੰਮਦ ਤੇ ਪ੍ਰਗਟ ਸਿੰਘ ਤਲਵੰਡੀ ਨੇ ਕਿਹਾ ਕਿ ਝੋਨੇ ਦੇ ਬਿਜਾਈ ਸ਼ੁਰੂ ਹੋਣ ਵਾਲੀ ਹੈ, ਪਰ ਨਹਿਰੀ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਨਾ ਹੀ ਨਹਿਰਾਂ ਤੇ ਸੂਇਆਂ ਦੀ ਸਫ਼ਾਈ ਪੂਰੀ ਹੋਈ ਹੈ। ਜੇਕਰ ਕਿਤੇ ਸਫ਼ਾਈ ਕੀਤੀ ਵੀ ਗਈ ਹੈ ਤਾਂ ਸਿਰਫ ਖਾਨਾਪੂਰਤੀ ਕੀਤੀ ਗਈ ਹੈ। ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਨਹਿਰਾਂ ਦੀ ਸਫ਼ਾਈ ਤਰੁੰਤ ਕਰਾਈ ਜਾਵੇ ਤਾਂ ਜੁ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਭਗਵਾਨ ਸਿੰਘ ਗੱਟਾ, ਨਿਰਮਲ ਸਿੰਘ, ਕੁਲਵੀਰ ਸਿੰਘ ਪ੍ਰਧਾਨ ਯੂਥ ਵਿੰਗ ਜਿਲ੍ਹਾ ਦਰਸਨ ਸਿੰਘ, ਗੁਰਦੀਪ ਸਿੰਘ ਸ਼ੀਹਾਂਪਾੜੀ, ਗੁਰਦੇਵ ਸਿੰਘ ਖ਼ਜ਼ਾਨਚੀ ਕਾਰਜ ਸਿੰਘ ਤਲਵੰਡੀ ਆਦਿ ਹਾਜ਼ਰ ਸਨ।

## ਮਾਤਾ ਗੁਜਰੀ ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਪਲੇਸਮੈਂਟ ਡਰਾਈਵ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ ਨੇ ਐਮ ਸੀ ਏ ਤੇ ਬੀ ਸੀ ਏ ਆਖਰੀ ਸਾਲ ਦੇ ਵਿਦਿਆਰਥੀਆਂ ਲਈ ਬੋਫਿਨ ਕੋਡਰਜ਼, ਵੈੱਬ ਤੇ ਮੋਬਾਈਲ ਐਪ ਡਿਵੈਲਪਮੈਂਟ ਕੰਪਨੀ, ਮੋਹਾਲੀ ਦੇ ਸਹਿਯੋਗ ਨਾਲ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ। ਇਸ ਮੌਕੇ ਪੰਜ ਵਿਦਿਆਰਥੀਆਂ ਨੇ ਆਖਰੀ ਰਾਊਂਡ ਪਾਸ ਕਰਕੇ ਨਿਯੁਕਤੀ ਪੱਤਰ ਪ੍ਰਾਪਤ ਕੀਤੇ। ਇਸ ਪ੍ਰਕਿਰਿਆ ਨੂੰ ਤਿੰਨ ਗੇੜਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ ਬਾਰਾਂ ਵਿਦਿਆਰਥੀਆਂ ਨੂੰ ਸ਼ਾਰਟਲਿਸਟ ਕੀਤਾ ਗਿਆ ਸੀ। ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੌਰਾਨ ਹੀ ਆਪਣੇ ਸੁਨਹਿਰੀ ਭਵਿੱਖ ਲਈ ਰੁਜ਼ਗਾਰ ਦੇ ਸੰਭਾਵਿਤ ਮੌਕੇ ਤਲਾਸ਼ ਕਰਨੇ ਚਾਹੀਦੇ ਹਨ ਤੇ ਇਸ ਤਰ੍ਹਾਂ ਦੀਆਂ ਉਸਾਰੂ ਗਤੀਵਿਧੀਆਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਡਾ. ਮੁਕੇਸ਼ ਕੁਮਾਰ ਨੇ ਵਿਭਾਗ ਦੇ ਫੈਕਲਟੀ ਮੈਂਬਰਾਂ ਨਾਲ ਪਲੇਸਮੈਂਟ ਡਰਾਈਵ ਦੀ ਚੋਣ ਪ੍ਰਕਿਰਿਆ ਦਾ ਸੰਚਾਲਨ ਕੀਤਾ। ਉਨ੍ਹਾ ਪ੍ਰਿੰਸੀਪਲ ਦਾ ਵਿਦਿਆਰਥੀਆਂ ਨੂੰ ਪ੍ਰੇਰਨਾ ਅਤੇ ਹੌਸਲਾ ਅਫਜ਼ਾਈ ਦੇਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ, ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਡਾ. ਜਗਦੀਸ਼ ਸਿੰਘ ਤੇ ਡਾ. ਸੌਰਵ ਸ਼ਰਮਾ ਹਾਜ਼ਰ ਸਨ।

# ਪਹਿਲਵਾਨ ਕੁੜੀਆਂ ਦੇ ਹੱਕ 'ਚ ਮੋਦੀ ਸਰਕਾਰ ਦੇ ਪੁਤਲੇ ਸਾੜੇ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਕੌਮਾਂਤਰੀ ਜੇਤੂ ਪਹਿਲਵਾਨ ਕੁੜੀਆਂ ਦੇ ਜਿਨਸੀ ਸ਼ੋਸ਼ਣ ਦੇ ਨਾਮਜ਼ਦ ਦੋਸ਼ੀ ਭਾਜਪਾ ਐੱਮ ਪੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਸਾਰੇ ਅਹੁਦਿਆਂ ਤੋਂ ਬਰਖ਼ਾਸਤ ਕਰਕੇ ਤੁਰੰਤ ਗ੍ਰਿਫ਼ਤਾਰ ਕਰਵਾਉਣ ਦੀ ਮੁੱਖ ਮੰਗ ਸਮੇਤ ਹੋਰ ਮੰਗਾਂ ਨੂੰ ਲੈ ਕੇ ਉਸ ਦੀ ਸਰਪ੍ਰਸਤ ਮੋਦੀ ਸਰਕਾਰ ਵਿਰੁੱਧ 4 ਜ਼ਿਲ੍ਹਿਆਂ ਵਿਚ ਭਾਰੀ ਰੋਸ ਪ੍ਰਦਰਸ਼ਨ ਤੇ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਨਸਾ, ਅੰਮ੍ਰਿਤਸਰ ਤੇ ਸੰਗਰੂਰ ਡੀ ਸੀ ਦਫਤਰਾਂ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਐੱਸ ਡੀ ਐੱਮ ਦਫਤਰ ਅੱਗੇ ਕੁੱਲ ਮਿਲਾ ਕੇ ਸੈਂਕੜਿਆਂ ਦੀ ਤਾਦਾਦ ਵਿਚ ਔਰਤਾਂ ਸਮੇਤ ਹਜ਼ਾਰਾਂ ਕਿਸਾਨ, ਮਜ਼ਦੂਰ ਅਤੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਕਾਮਿਆਂ ਨੇ ਸਾਂਝੇ ਰੋਸ ਪ੍ਰਦਰਸ਼ਨ ਕੀਤੇ। ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਡੀ ਟੀ ਐੱਫ ਸਮੇਤ ਕੁਝ ਜਥੇਬੰਦੀਆਂ ਨੇ ਹਮਾਇਤੀ ਸ਼ਮੂਲੀਅਤ ਵੀ ਕੀਤੀ। ਉਕਤ ਸ਼ਹਿਰਾਂ ਵਿੱਚ ਅਰਥੀ ਸਾੜ ਮੁਜ਼ਾਹਰਿਆਂ ਉਪਰੰਤ ਪ੍ਰਦਰਸ਼ਨਕਾਰੀਆਂ ਵੱਲੋਂ ਪ੍ਰਧਾਨ ਮੰਤਰੀ ਦੇ ਨਾਂਅ ਡੀ ਸੀ/ ਐੱਸ ਡੀ ਐੱਮ ਦਫਤਰਾਂ ਦੇ ਹਾਜ਼ਰ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪੇ ਗਏ, ਜਿਨ੍ਹਾਂ ਵਿੱਚ ਬ੍ਰਿਜ ਭੂਸ਼ਣ ਦੀ ਸਾਰੇ ਅਹੁਦਿਆਂ ਤੋਂ ਬਰਖਾਸਤਗੀ ਅਤੇ ਤੁਰੰਤ ਗ੍ਰਿਫਤਾਰੀ ਤੋਂ ਇਲਾਵਾ ਜੰਤਰ ਮੰਤਰ ਵਿਖੇ ਸ਼ਾਂਤਮਈ ਧਰਨਾ ਦੇ ਰਹੀਆਂ ਖਿਡਾਰਨਾਂ ਦੀ ਘੇਰਾਬੰਦੀ ਤੁਰੰਤ ਖਤਮ ਕਰਨ ਅਤੇ ਜਾਬਰ ਪੁਲਸੀ ਹੱਲੇ ਰਾਹੀਂ ਜ਼ਖਮੀ ਕੀਤੇ ਕੁੜੀਆਂ-ਮੁੰਡਿਆਂ ਦੇ ਮੁਫਤ ਸਰਕਾਰੀ ਇਲਾਜ ਅਤੇ ਢੁਕਵਾਂ ਮੁਆਵਜ਼ਾ ਦੇਣ ਦੀਆਂ ਮੰਗਾਂ ਉੱਤੇ ਜ਼ੋਰ ਦਿੱਤਾ ਗਿਆ। ਮੋਦੀ ਸਰਕਾਰ ਅਤੇ ਬ੍ਰਿਜ ਭੂਸ਼ਣ ਮੁਰਦਾਬਾਦ ਦੇ ਆਕਾਸ਼ ਗੁੰਜਾਊ ਨਾਹਰੇ ਮਾਰਦੇ ਭਾਰੀ ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਮੁੱਖ ਬੁਲਾਰਿਆਂ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੂਬਾ ਆਗੂ ਜਨਕ ਸਿੰਘ ਭੁਟਾਲ ਤੇ ਜਗਤਾਰ ਸਿੰਘ ਕਾਲਾਝਾੜ ਤੋਂ ਇਲਾਵਾ ਔਰਤ ਆਗੂ ਜਸਵੀਰ ਕੌਰ ਉਗਰਾਹਾਂ, ਮਨਜੀਤ ਕੌਰ ਤੋਲਾਵਾਲ, ਸਰੋਜ ਰਾਣੀ ਦਿਆਲਪੁਰਾ, ਪਰਮਜੀਤ ਕੌਰ ਕੋਟ ਮੁਗਲ, ਜਸਪਾਲ ਕੌਰ ਮਧੂਛਾਂਗਾ, ਜਸਪ੍ਰੀਤ ਕੌਰ ਖੁਡਾਲ, ਨਰਿੰਦਰ ਕੌਰ ਆਹਲੂਪੁਰ ਪੰਜਾਬ ਖੇਤ ਮਜ਼ਦੂਰ ਯੂਨੀਅਨ ਸ਼ਾਮਲ ਸਨ। ਬੁਲਾਰਿਆਂ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਨਜਾਇਜ਼ ਤੌਰ 'ਤੇ ਇਖਲਾਕੀ ਦੋਸ਼ੀ ਬ੍ਰਿਜ ਭੂਸ਼ਣ ਦਾ ਬਚਾਅ ਕਰ ਰਹੀ ਹੈ। ਸਰਕਾਰੀ ਹੁਕਮਾਂ ਤਹਿਤ ਹੀ ਪੁਲਸ ਨੇ ਸ਼ਾਂਤਮਈ ਰੋਸ ਦਾ ਜਮਹੂਰੀ ਹੱਕ ਕੁਚਲਣ ਲਈ ਪਹਿਲਵਾਨ ਖਿਡਾਰਨਾਂ 'ਤੇ ਰਾਤ ਸਮੇਂ ਜਾਬਰ ਹੱਲਾ ਕਰਨ ਮਗਰੋਂ ਉਨ੍ਹਾਂ ਦੇ ਵਿਰੋਧ ਪ੍ਰਦਰਸ਼ਨ ਦੇ ਆਲੇ-ਦੁਆਲੇ ਬੈਰੀਕੇਡ ਲਗਾ ਦਿੱਤੇ ਹਨ ਅਤੇ ਕਿਸੇ ਆਮ ਵਿਅਕਤੀ ਨੂੰ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ।

ਕਿਸਾਨ ਆਗੂ ਨੇ ਦੱਸਿਆ ਕਿ ਭਲਕੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਮੋਗਾ, ਬਠਿੰਡਾ, ਪਟਿਆਲਾ, ਬਰਨਾਲਾ, ਫਰੀਦਕੋਟ, ਫਾਜ਼ਿਲਕਾ, ਫਿਰੋਜ਼ਪੁਰ, ਤਰਨ ਤਾਰਨ, ਗੁਰਦਾਸਪੁਰ ਦੇ ਡੀ ਸੀ ਦਫਤਰਾਂ ਅੱਗੇ ਅਤੇ ਜਲੰਧਰ ਵਿੱਚ ਨਕੋਦਰ ਐੱਸ ਡੀ ਐਮ ਦਫਤਰ ਅੱਗੇ 10 ਜ਼ਿਲ੍ਹਿਆਂ ਵਿੱਚ ਅਤੇ ਪਰਸੋਂ ਮਲੇਰਕੋਟਲਾ, ਲੁਧਿਆਣਾ, ਮੁਕਤਸਰ ਡੀ ਸੀ ਦਫਤਰਾਂ ਅੱਗੇ 3 ਜ਼ਿਲ੍ਹਿਆਂ ਵਿੱਚ ਅਰਥੀ ਫੂਕ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

## ਅਣ-ਅਧਿਕਾਰਤ ਕਲੋਨੀਆਂ ਨੂੰ ਰੈਗੂਲਰ ਕਰਵਾਉਣ ਦੀ ਅੰਤਮ ਮਿਤੀ ਭਲਕੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਰਕਾਰ ਦੁਆਰਾ ਅਣ-ਅਧਿਕਾਰਤ ਕਲੋਨੀਆਂ ਨੂੰ ਰੈਗੂਲਰਾਇਜੇਸ਼ਨ ਲਈ ਜਾਰੀ ਪਾਲਿਸੀਆਂ ਤਹਿਤ ਜਿਹੜੇ ਕਲੋਨੀਕਾਰਾਂ ਦੁਆਰਾ ਬੀ.ਡੀ.ਏ. ਬਠਿੰਡਾ ਵਿਖੇ ਅਪਲਾਈ ਕੀਤਾ ਗਿਆ ਸੀ, ਪ੍ਰੰਤੂ ਰੈਗੂਲਰਾਇਜ਼ ਨਹੀਂ ਹੋਈਆਂ, ਪੰਜਾਬ ਸਰਕਾਰ ਵੱਲੋਂ ਪੈਂਡਿੰਗ ਪਈਆਂ ਪ੍ਰਤੀਬੇਨਤੀਆਂ ਦੇ ਨਿਪਟਾਰੇ ਹਿੱਤ 6 ਮਹੀਨਿਆਂ ਦਾ ਸਮਾਂ ਮੁਕਰਰ ਕੀਤਾ ਗਿਆ ਸੀ ਜਿਸ ਦੀ ਅੰਤਮ ਮਿਤੀ 13 ਮਈ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ ਨੇ ਦੱਸਿਆ ਕਿ ਜਿਹੜੇ ਕਲੋਨਾਈਜ਼ਰਾਂ ਨੇ ਆਪਣੀਆਂ ਕਲੋਨੀਆਂ ਰੈਗੂਲਰ ਕਰਵਾਉਣ ਹਿੱਤ ਦਰਖਾਸਤਾਂ ਦਿੱਤੀਆਂ ਸਨ, ਪਰ ਤਰੁਟੀਆਂ ਦੂਰ ਨਾ ਕਰਨ ਕਰਕੇ ਰੈਗੂਲਰਾਇਜ਼ ਨਹੀਂ ਹੋ ਸਕੀਆਂ। ਉਹ ਰਹਿੰਦੇ ਸਮੇਂ ਅੰਦਰ ਆਪਣੀ ਬਕਾਇਆ ਫੀਸ ਤੇ ਬਕਾਇਆ ਦਸਤਾਵੇਜ਼ ਜਮ੍ਹਾਂ ਕਰਵਾ ਕੇ ਪੰਜਾਬ ਸਰਕਾਰ ਦੁਆਰਾ ਪ੍ਰਦਾਨ ਕੀਤੇ ਮੌਕੇ ਦਾ ਲਾਭ ਉਠਾ ਸਕਦੇ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤਹਿਤ ਕੋਈ ਨਵੀਂ ਅਰਜ਼ੀ ਨਹੀਂ ਲਈ ਜਾਵੇਗੀ ਅਤੇ ਸਿਰਫ ਪਹਿਲਾਂ ਤੋਂ ਬਕਾਇਆ ਅਰਜ਼ੀਆਂ 'ਤੇ ਹੀ ਵਿਚਾਰ ਹੋਵੇਗਾ। ਉਨ੍ਹਾ ਅਜਿਹੇ ਪੈਂਡਿੰਗ ਕੇਸਾਂ ਨਾਲ ਸੰਬੰਧਤ ਕਲੋਨਾਈਜ਼ਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬਿਨਾਂ ਕਿਸੇ ਹੋਰ ਦੇਰੀ ਤੋਂ ਸਰਕਾਰ ਵੱਲੋਂ ਦਿੱਤੇ ਗਏ ਮੌਕੇ ਦੇ ਲਾਭ ਉਠਾਉਣ ਅਤੇ ਆਪਣੀ ਬਣਦੀ ਫੀਸ ਜਾਂ ਲੋੜੀਂਦੇ ਦਸਤਾਵੇਜ਼ ਸੰਬੰਧਤ ਮਹਿਕਮੇ ਕੋਲ ਜਮ੍ਹਾਂ ਕਰਵਾਉਣ। ਉਨ੍ਹਾ ਇਹ ਵੀ ਦੱਸਿਆ ਕਿ ਅਜਿਹੀਆਂ ਅਰਜ਼ੀਆਂ ਦਾ ਨਿਪਟਾਰਾ ਜ਼ਿਲ੍ਹਾ ਪੱਧਰ 'ਤੇ ਹੋ ਰਿਹਾ ਹੈ। ਉਨ੍ਹਾ ਦੱਸਿਆ ਕਿ ਕਲੋਨਾਈਜ਼ਰ ਡੀ.ਟੀ.ਪੀ. ਦਫਤਰ ਫਾਜ਼ਿਲਕਾ (ਪਲਾਨਿੰਗ ਐਂਡ ਰੈਗੂਲੇਟਰੀ) ਗਰਾਊਂਡ ਫਲੋਰ ਕਮਰਾ ਨੰ. 104, ਸੀ-ਬਲਾਕ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਾਜ਼ਿਲਕਾ ਵਿਖੇ ਸੰਪਰਕ ਕਰਕੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

## ਡਰੋਲੀ ਵਿਖੇ ਰੂਹਾਨੀ ਸਤਿਸੰਗ ਅੱਜ ਤੋਂ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਨੇੜਲੇ ਪਿੰਡ ਡਰੋਲੀ ਵਿਖੇ ਗੁਰਦੁਆਰਾ ਕਮੇਟੀ ਤੇ ਗ੍ਰਾਮ ਪੰਚਾਇਤ ਵੱਲੋਂ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਅਨਾਜ ਮੰਡੀ ਵਿਖੇ 12 ਮਈ ਤੋਂ 15 ਮਈ ਤੱਕ ਰੂਹਾਨੀ ਸਤਿਸੰਗ ਦੀਵਾਨ ਸਜਾਏ ਜਾ ਰਹੇ ਹਨ।

ਰਾੜਾ ਸਾਹਿਬ ਸੰਪਰਦਾਇ ਦੇ ਮੌਜੂਦਾ ਮੁਖੀ ਸੰਤ ਬਾਬਾ ਬਲਜਿੰਦਰ ਸਿੰਘ ਰੋਜ਼ਾਨਾ ਸ਼ਾਮ 7 ਵਜੇ ਤੋਂ 10 ਵਜੇ ਤੱਕ ਸੰਗਤਾਂ ਨੂੰ ਹਰ ਜਸ ਕੀਰਤਨ ਰਾਹੀਂ ਨਿਹਾਲ ਕਰਨਗੇ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੀਦਾਰ ਸਿੰਘ ਤੇ ਖਜ਼ਾਨਚੀ ਪਰਮਪਾਲ ਸਿੰਘ ਨੇ ਦੱਸਿਆ ਕਿ ਆਖਰੀ ਦਿਨ ਸੋਮਵਾਰ ਨੂੰ ਅੰਮ੍ਰਿਤ ਸੰਚਾਰ ਵੀ ਹੋਵੇਗਾ। ਦੀਵਾਨਾ ਸਮੇਂ ਗੁਰੂ ਕਾ ਅਟੁੱਟ ਲੰਗਰ ਲੰਗਰ ਵੀ ਵਰਤੇਗਾ।

## ਸੁਪਰੀਮ ਕੋਰਟ ਦਾ ਫੈਸਲਾ ਮੋਦੀ ਸਰਕਾਰ ਦੀ ਤਾਨਾਸ਼ਾਹੀ 'ਤੇ ਕਰਾਰੀ ਚੋਟ : ਕੰਗ



**ਚੰਡੀਗੜ੍ਹ** : ਅਧਿਕਾਰਾਂ ਨੂੰ ਲੈ ਕੇ ਕੇਜਰੀਵਾਲ ਸਰਕਾਰ ਅਤੇ ਕੇਂਦਰ ਵਿਚਕਾਰ ਚੱਲ ਰਹੇ ਰੇੜਕੇ ਦਰਮਿਆਨ ਵੀਰਵਾਰ ਮਾਣਯੋਗ ਸੁਪਰੀਮ ਕੋਰਟ ਨੇ ਦਿੱਲੀ ਦੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਹੱਕ ਵਿੱਚ ਅਹਿਮ ਫੈਸਲਾ ਦਿੱਤਾ ਹੈ। ਇਸ ਮੌਕੇ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਦਫਤਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਇਸ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਲੋਕਤੰਤਰ ਦੀ ਜਿੱਤ ਕਰਾਰ ਦਿੱਤਾ।

ਮਲਵਿੰਦਰ ਕੰਗ ਨੇ ਕਿਹਾ ਕਿ ਮਾਣਯੋਗ ਅਦਾਲਤ ਵੱਲੋਂ ਪ੍ਰਸ਼ਾਸਨਿਕ ਅਧਿਕਾਰਾਂ, ਜਿਨ੍ਹਾਂ ਵਿੱਚ ਵੱਖ-ਵੱਖ ਵਿਭਾਗਾਂ ਵਿਚਲੇ ਅਫਸਰਾਂ ਦੀਆਂ ਨਿਯੁਕਤੀਆਂ, ਤਬਾਦਲੇ ਵਿੱਚ ਦਿੱਲੀ ਸਰਕਾਰ ਨੂੰ ਫੈਸਲੇ ਕਰਨ ਦੇ ਅਧਿਕਾਰ ਤੇ ਮੋਹਰ ਲਾਉਣਾ ਲੋਕਤੰਤਰ ਦੀ ਜਿੱਤ ਹੈ। ਜਿਸ ਵੇਲੇ ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਦਿੱਲੀ ਸਮੇਤ ਦੇਸ਼ ਦੇ ਸਮੂਹ ਰਾਜਾਂ ਦੇ ਅਧਿਕਾਰਾਂ ਨੂੰ ਖਤਮ ਕਰ ਆਪਣੀ ਤਾਨਾਸ਼ਾਹੀ ਸਥਾਪਤ ਕਰਨ ਦਾ ਯਤਨ ਕਰ ਰਹੀ ਹੈ, ਉਸ ਵੇਲੇ ਅਦਾਲਤਾਂ ਹੀ ਲੋਕਤੰਤਰ ਨੂੰ ਬਚਾਉਣ ਦੀ ਆਖਰੀ ਉਮੀਦ ਹਨ ਅਤੇ ਅੱਜ ਦੇ ਫੈਸਲੇ ਨਾਲ ਇਹ ਸਿੱਧ ਹੁੰਦਾ ਹੈ ਕਿ ਸੁਪਰੀਮ ਕੋਰਟ ਕਿਸੇ ਨੂੰ ਵੀ ਸੰਵਿਧਾਨ ਦੀ ਆਤਮਾ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ। ਉਹਨਾ ਕਿਹਾ ਕਿ ਭਾਜਪਾ ਵੱਲੋਂ ਗਵਰਨਰ ਅਤੇ ਲੈਫਟੀਨੈਂਟ ਗਵਰਨਰ ਰਾਹੀਂ ਰਾਜਾਂ ਦੀਆਂ ਚੁਣੀਆਂ ਸਰਕਾਰਾਂ ਦੇ ਕੰਮਾਂ ਵਿੱਚ ਕੀਤੀ ਜਾ ਰਹੀ ਬੇਲੋੜੀ ਦਖਲਅੰਦਾਜ਼ੀ, ਰਾਜਾਂ ਦੇ ਅਧਿਕਾਰਾਂ ਨੂੰ ਲਗਾਤਾਰ ਸੀਮਤ ਕਰ, ਉਨ੍ਹਾਂ ਨੂੰ ਕਮਜ਼ੋਰ ਕਰਨਾ, ਜਿੱਥੇ ਲੋਕਾਂ ਦੇ ਫਤਵੇ ਦਾ ਮਜ਼ਾਕ ਉਡਾਉਣਾ ਹੈ, ਉੱਥੇ ਇਹ ਸੰਵਿਧਾਨ ਅਤੇ ਦੇਸ਼ ਦੇ ਸੰਘੀ ਢਾਂਚੇ ਨਾਲ ਖਿਲਵਾੜ ਹੈ। ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦਾ ਜ਼ਿਕਰ ਕਰਦਿਆਂ ਕੰਗ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਕੇਜਰੀਵਾਲ ਨੂੰ ਦੋ ਵਾਰ ਵੱਡਾ ਬਹੁਮਤ ਦੇ ਕੇ ਆਪਣਾ ਲੀਡਰ ਚੁਣਿਆ, ਪਰ ਭਾਜਪਾ ਦੀ ਕੇਂਦਰ ਸਰਕਾਰ ਨੇ ਉਨ੍ਹਾਂ ਦੇ ਕੰਮਾਂ ਵਿੱਚ ਲਗਾਤਾਰ ਦਖਲਅੰਦਾਜ਼ੀ ਕੀਤੀ ਅਤੇ ਇੱਕ ਨੋਟੀਫਿਕੇਸ਼ਨ ਜਾਰੀ ਕਰ ਅਧਿਕਾਰੀਆਂ ਦੇ ਤਬਾਦਲੇ ਤੱਕ ਦਾ ਅਧਿਕਾਰ ਖੋਹ ਲਿਆ। ਉਨ੍ਹਾ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਪਿਛਲੇ ਲਗਭਗ ਇੱਕ ਦਹਾਕੇ ਤੋਂ ਦੇਸ਼ ਅਤੇ ਦਿੱਲੀ ਦੇ ਲੋਕਾਂ ਦੇ ਅਧਿਕਾਰਾਂ ਲਈ ਲੰਮੀ ਲੜਾਈ ਲੜੀ ਅਤੇ ਅੱਜ ਮਾਣਯੋਗ ਸੁਪਰੀਮ ਕੋਰਟ ਨੇ ਉਸ 'ਤੇ ਮੋਹਰ ਲਾਉਂਦਿਆਂ ਭਾਜਪਾ ਦੀ ਤਾਨਾਸ਼ਾਹੀ 'ਤੇ ਕਰਾਰੀ ਚਪੇੜ ਮਾਰੀ ਹੈ।

## ਐੱਸ ਐੱਫ ਸੀ ਪਬਲਿਕ ਸਕੂਲ 'ਚ ਮਨਾਇਆ ਰੈੱਡ ਕਰਾਸ ਦਿਵਸ




**ਮੋਗਾ (ਅਮਰਜੀਤ ਬੱਬਰੀ)**-ਐਸ ਐਫ ਸੀ ਪਬਲਿਕ ਸਕੂਲ ਜਲਾਲਾਬਾਦ ਮੋਗਾ ਵਿਖੇ ਰੈਡ ਕਰਾਸ ਦਿਵਸ ਮਨਾਇਆ ਗਿਆ ਜਿਸ ਵਿਚ ਬੱਚਿਆਂ ਨੇ ਭਾਸ਼ਣ ਪਤੀਯੋਗਤਾ ਦੁਆਰਾ ਰੈਡ ਕਰਾਸ ਦਾ ਇਤਿਹਾਸ, ਮਹੱਤਵ ਅਤੇ ਰੈਡ ਕਰਾਸ ਦੁਆਰਾ ਦਿੱਤੀ ਜਾਂਦੀ ਸਹਾਇਤਾ ਬਾਰੇ ਜਾਣੂ ਕਰਵਾਇਆ।

ਬੱਚਿਆਂ ਨੇ ਭਾਸ਼ਣ ਦੌਰਾਨ ਦੱਸਿਆ ਕਿ ਵਿਸ਼ਵ ਰੈਡ ਕਰਾਸ ਦਿਵਸ ਹਰ ਸਾਲ 8 ਮਈ ਨੂੰ ਮਨਾਇਆ ਜਾਂਦਾ ਹੈ। ਰੈਡ ਕਰਾਸ ਇੱਕ ਅਜਿਹੀ ਸੰਸਥਾ ਹੈ ਜੋ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਪ੍ਰਕ੍ਰਿਤਕ ਜਾਂ ਮਾਨਵੀ ਆਫਤ ਦੇ ਸ਼ਿਕਾਰ ਲੋਕਾਂ ਨੂੰ ਬਚਾਉਣ ਦਾ ਕਾਰਜ ਕਰਦੀ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਅਤੇ ਦੁਰਘਟਨਾਵਾਂ ਵਿੱਚ ਜ਼ਖਮੀ ਲੋਕਾਂ ਦੀ ਦੇਖ ਰੇਖ ਕਰਨਾ ਹੈ। ਇਸ ਮੌਕੇ ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦਲ ਅਤੇ ਸਕੂਲ ਪ੍ਰਿੰਸੀਪਲ ਸੀਨਮ ਜਿੰਦਲ ਨੇ ਰੈਡ ਕਰਾਸ ਬਾਰੇ ਦੱਸਿਆ ਕਿ ਇਸ ਦਾ ਨਿਸ਼ਾਨ ਸਿਹਤ ਵਿਭਾਗ ਦਾ ਨਹੀਂ ਰੈਡ ਕਰਾਸ ਸੁਸਾਇਟੀ ਹੈ ਜੋ ਸਾਲਾਂ ਤੋਂ ਹੀ ਸਿਹਤ ਸੰਸਥਾਵਾਂ ਪ੍ਰਦਾਨ ਕਰਨ ਦਾ ਕੰਮ ਕਰਦੀ ਆ ਰਹੀ ਹੈ । ਇਸ ਸੰਸਥਾ ਦਾ ਹੈਡਕੁਆਟਰ ਸਵਿਟਜ਼ਰਲੈਂਡ ਦੇ ਸ਼ਹਿਰ ਜਨੇਵਾ ਵਿੱਚ ਸਥਿਤ ਹੈ ਅਤੇ ਇਸ ਦਾ ਮੁੱਖ ਉਦੇਸ਼ ਮਾਨਵ ਸਮਾਜ ਦੀ ਸੇਵਾ ਕਰਨਾ ਹੈ।

## ...ਸ.ਫਾ 1 ਦੇ ਬਾਕੀ

### ਅੰਮ੍ਰਿਤਸਰ ਧਮਾਕਿਆਂ ਦੇ...

ਵਜੋਂ ਹੋਈ ਹੈ। ਡੀ ਜੀ ਪੀ ਗੌਰਵ ਯਾਦਵ ਨੇ ਵੀਰਵਾਰ ਪੱਤਰਕਾਰਾਂ ਨੂੰ ਦੱਸਿਆ ਕਿ ਆਜ਼ਾਦ ਵੀਰ ਅਤੇ ਅਮਰੀਕ ਸਿੰਘ ਨੇ ਧਮਾਕਾਖੇਜ਼ ਸਮੱਗਰੀ ਇਕੱਠੀ ਕੀਤੀ ਸੀ, ਜਦਕਿ ਧਮਾਕਾਖੇਜ਼ ਸਮੱਗਰੀ ਦੀ ਸਪਲਾਈ ਕਰਨ ਅਤੇ ਮੁਹੱਈਆ ਕਰਵਾਉਣ 'ਚ ਧਰਮਿੰਦਰ ਸਿੰਘ, ਹਰਜੀਤ ਸਿੰਘ ਅਤੇ ਸਾਹਿਬ ਸਿੰਘ ਸ਼ਾਮਲ ਹਨ। ਡੀ ਜੀ ਪੀ ਨੇ ਦੱਸਿਆ ਕਿ ਸਾਹਿਬ ਸਿੰਘ ਪਟਾਕਿਆਂ ਦੇ ਨਿਰਮਾਣ ਲਈ ਵਰਤੇ ਜਾਣ ਵਾਲੇ ਵਿਸਫੋਟਕਾਂ ਦਾ ਲਾਇਸੈਂਸ ਧਾਰਕ ਹੈ। ਪੁਲਸ ਨੇ ਇੱਕ ਔਰਤ ਨੂੰ ਵੀ ਗ੍ਰਿਫਤਾਰ ਕੀਤਾ ਹੈ, ਜਿਸ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ 1.1 ਕਿਲੋਗ੍ਰਾਮ ਧਮਾਕਾਖੇਜ਼ ਸਮੱਗਰੀ ਤੋਂ ਇਲਾਵਾ ਕੁਝ ਕੱਟੜਪੰਥੀ ਸਾਹਿਤ ਵੀ ਬਰਾਮਦ ਕੀਤਾ ਹੈ। ਆਜ਼ਾਦ ਵੀਰ ਅਤੇ ਅਮਰੀਕ ਸਿੰਘ ਕਈ ਦਿਨਾਂ ਤੋਂ ਹਰਿਮੰਦਰ ਸਾਹਿਬ ਕੰਪਲੈਕਸ ਸਥਿਤ ਗੁਰੂ ਰਾਮਦਾਸ ਸਰਾਂ 'ਚ ਸਨ। ਉਨ੍ਹਾਂ ਨੇ ਦੇਸੀ ਬੰਬ ਬਣਾਇਆ। ਡੀ ਜੀ ਪੀ ਨੇ ਕਿਹਾ ਕਿ ਪੁਲਸ ਕਮਿਸ਼ਨਰ ਨੌਨਿਹਾਲ ਸਿੰਘ ਨੂੰ ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਐੱਸ ਆਈ ਟੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾ ਦੱਸਿਆ ਕਿ ਆਜ਼ਾਦ ਵੀਰ ਸਿੰਘ ਨੇ ਬੁੱਧਵਾਰ ਰਾਤ ਸਰਾਂ ਦੇ ਬਾਥਰੂਮ 'ਚ ਜਾ ਕੇ ਪਿੱਛੇ ਗਲਿਆਰੇ ਵਾਲੇ ਪਾਸੇ ਬੰਬ ਸੁੱਟਿਆ। ਮੁਲਜ਼ਮਾਂ ਨੇ ਪਹਿਲਾਂ ਵੀ ਹੈਰੀਟੇਜ ਸਟਰੀਟ 'ਤੇ ਹੋਏ ਧਮਾਕਿਆਂ ਦੀ ਗੱਲ ਕਬੂਲੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨੂੰ ਦੱਸਿਆ ਕਿ ਦਰਬਾਰ ਸਾਹਿਬ ਵਿਚਲੇ ਸੀ ਸੀ ਟੀ ਵੀ ਕੈਮਰਿਆਂ ਰਾਹੀਂ ਨਿਗਰਾਨੀ ਕਰ ਰਹੀ ਟੀਮ ਦੀ ਚੌਕਸੀ ਕਾਰਨ ਇਹ ਵਿਅਕਤੀ ਕਾਬੂ ਕੀਤੇ ਗਏ ਹਨ। ਸਰਾਂ ਦੇ ਪਿੱਛੇ ਧਮਾਕਾ ਹੋਣ ਤੋਂ ਬਾਅਦ ਟੀਮ ਨੇ ਸੀ ਸੀ ਟੀ ਵੀ ਕੈਮਰਿਆਂ ਰਾਹੀਂ ਘਟਨਾ ਦਾ ਪਤਾ ਲਾਇਆ। ਇਸ ਮਾਮਲੇ ਵਿਚ ਸ੍ਰੀ ਗੁਰੂ ਰਾਮਦਾਸ ਸਰਾਂ ਦੀ ਦੂਜੀ ਮੰਜ਼ਲ ਤੋਂ ਇਕ ਵਿਅਕਤੀ ਨੂੰ ਕਾਬੂ ਕੀਤਾ, ਜੋ ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਸਰਾਂ ਦੇ ਵਰਾਂਡੇ ਵਿਚ ਆ ਕੇ ਲੇਟ ਗਿਆ ਸੀ। ਉਸ ਦੀ ਨਿਸ਼ਾਨਦੇਹੀ 'ਤੇ ਬਾਅਦ ਵਿਚ ਇਕ ਜੋੜੇ ਨੂੰ ਕਾਬੂ ਕੀਤਾ, ਜਿਸ ਦਾ ਨਵਾਂ ਵਿਆਹ ਹੋਇਆ ਸੀ ਅਤੇ ਸਰਾਂ ਦੇ ਕਮਰੇ 'ਚ ਠਹਿਰਿਆ ਹੋਇਆ ਸੀ। ਟੀਮ ਨੇ ਘਟਨਾ ਸਥਾਨ ਤੋਂ ਕੁੱਝ ਕਾਗਜ਼ ਦੇ ਟੁਕੜੇ ਅਤੇ ਇਸ ਵਿਅਕਤੀ ਕੋਲੋਂ ਬੈਗ ਵੀ ਬਰਾਮਦ ਕੀਤਾ, ਜੋ ਪੁਲਸ ਨੂੰ ਸੌਂਪ ਦਿੱਤਾ ਗਿਆ। ਇਨ੍ਹਾਂ ਵਿੱਚੋਂ ਇਕ ਵਿਅਕਤੀ 40 ਵਰ੍ਹਿਆਂ ਦਾ ਹੈ ਅਤੇ ਬਾਕੀ 2 ਉਸ ਤੋਂ ਘੱਟ ਉਮਰ ਦੇ ਹਨ। ਧਾਮੀ ਨੇ ਕਾਬੂ ਕੀਤੇ ਵਿਅਕਤੀਆਂ ਅਤੇ ਉਨ੍ਹਾਂ ਕੋਲੋਂ ਬਰਾਮਦ ਹੋਏ ਸਾਮਾਨ ਬਾਰੇ ਕੁਝ ਹੋਰ ਖੁਲਾਸਾ ਕਰਨ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਜਾਂਚ ਦਾ ਮਾਮਲਾ ਹੈ ਤੇ ਇਸ ਬਾਰੇ ਪੁਲਸ ਹੀ ਖੁਲਾਸਾ ਕਰੇਗੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਅਤੇ ਪੁਲਸ ਇਨ੍ਹਾਂ ਧਮਾਕਿਆਂ ਨੂੰ ਰੋਕਣ 'ਚ ਅਸਫਲ ਰਹੀ ਹੈ। ਇਸ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਸਮੂਹ 'ਚ ਸਕੈਨਰ ਅਤੇ ਸੁਰੱਖਿਆ ਪ੍ਰਬੰਧ ਤੇ ਚੌਕਸੀ ਨੂੰ ਹੋਰ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਬੇਹੱਦ ਚਿੰਤਾਜਨਕ ਹੈ ਕਿ ਪੰਜਾਬ ਦੇ ਹਾਲਾਤ ਖਰਾਬ ਕਰਨ ਦੀਆਂ ਕਾਰਵਾਈਆਂ ਹੋ ਰਹੀਆਂ ਹਨ। ਉਨ੍ਹਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਅਜਿਹੀਆਂ ਘਟਨਾਵਾਂ ਨੂੰ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਹੋਣ ਦਾ ਵੀ ਖਦਸ਼ਾ ਪ੍ਰਗਟਾਇਆ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਇਸ 'ਤੇ ਗਹਿਰਾ ਚਿੰਤਨ ਕਰੇ ਅਤੇ ਆਪਣੀ ਬਣਦੀ ਜ਼ੁੰਮੇਵਾਰੀ ਨਿਭਾਵੇ। ਉਨ੍ਹਾ ਸੰਗਤ ਨੂੰ ਅਪੀਲ ਕੀਤੀ ਕਿ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਬਿਨਾਂ ਡਰ-ਭੈਅ ਦੇ ਨਤਮਸਤਕ ਹੋਣ ਲਈ ਆਉਣ। ਉਨ੍ਹਾ ਸਰਕਾਰ ਨੂੰ ਵਿਰਾਸਤੀ ਮਾਰਗ ਅਤੇ ਗਲਿਆਰੇ ਦੇ ਵਿਕਾਸ ਅਤੇ ਰੱਖ-ਰਖਾਵ ਵੱਲ ਵਿਸ਼ੇਸ਼ ਤਵੱਜੋ ਦੇਣ ਲਈ ਕਿਹਾ।

### ਹੁਣ ਆਈ ਦਿੱਲੀ ਸਰਕਾਰ...

ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਕਿ ਸੁਪਰੀਮ ਕੋਰਟ ਨੇ ਦਿੱਲੀ ਦੇ ਲੋਕਾਂ ਨਾਲ ਇਨਸਾਫ ਕੀਤਾ ਹੈ। ਉਨ੍ਹਾ ਪ੍ਰਧਾਨ ਮੰਤਰੀ ਨੂੰ ਰਾਜਾਂ ਦਾ ਪਿਤਾ ਦੱਸਿਆ ਤੇ ਕਿਹਾ ਕਿ ਉਪ ਰਾਜਪਾਲ ਨੂੰ ਬੇਨਤੀ ਕਰਨਗੇ ਕਿ ਉਹ ਕੰਮ ਵਿਚ ਲੱਤ ਨਾ ਅੜਾਉਣ। ਨਾਕਾਬਲ ਤੇ ਭ੍ਰਿਸ਼ਟ ਅਫਸਰ ਹਟਾਏ ਜਾਣਗੇ ਤੇ ਇਮਾਨਦਾਰਾਂ ਨੂੰ ਉੱਚੇ ਅਹੁਦੇ ਦਿੱਤੇ ਜਾਣਗੇ। ਲੋਕਾਂ ਦਾ ਕੰਮ ਰੋਕਣ ਵਾਲਿਆਂ ਨੂੰ ਕਰਮ ਦਾ ਫਲ ਭੁਗਤਣਾ ਪਏਗਾ। ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਅਮਨ ਕਾਨੂੰਨ, ਪੁਲਸ ਤੇ ਜ਼ਮੀਨ ਨੂੰ ਛੱਡ ਕੇ ਬਾਕੀ ਮਾਮਲਿਆਂ ਵਿਚ ਉਪ ਰਾਜਪਾਲ ਦਿੱਲੀ ਸਰਕਾਰ ਦੇ ਸਲਾਹ ਤੇ ਸਹਿਯੋਗ ਨਾਲ ਕੰਮ ਕਰਨਗੇ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਦਿੱਲੀ ਸਰਕਾਰ ਅਫਸਰਾਂ ਦੀ ਪੋਸਟਿੰਗ ਤੇ ਬਦਲੀ ਆਪਣੇ ਹਿਸਾਬ ਨਾਲ ਕਰ ਸਕੇਗੀ। ਉਪ ਰਾਜਪਾਲ ਨੂੰ ਸਲਾਹ ਮੰਨਣੀ ਪਏਗੀ।

### ਰਾਜਪਾਲ ਦਾ ਠਾਕਰੇ ਨੂੰ...

ਦੀ ਯੋਗਤਾ ਬਾਰੇ ਫੈਸਲਾ ਕਰਨਾ ਪੈਣਾ ਹੈ ਕਿ ਉਨ੍ਹਾ ਦੀ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਵਿਰੁੱਧ ਬਗਾਵਤ ਸਹੀ ਸੀ ਜਾਂ ਨਹੀਂ।

ਬੈਂਚ ਨੇ ਪੰਜ ਵੱਡੇ ਸਵਾਲਾਂ ਦੇ ਜਵਾਬ ਦਿੱਤੇ। ਇਨ੍ਹਾਂ ਵਿੱਚੋਂ ਚਾਰ ਊਧਵ ਠਾਕਰੇ ਦੇ ਹੱਕ 'ਚ ਗਏ। ਸਿਰਫ ਇਕ ਕਾਰਨ ਠਾਕਰੇ ਨੂੰ ਸੱਤਾ ਵਾਪਸ ਨਹੀਂ ਮਿਲੇਗੀ ਤੇ ਸ਼ਿੰਦੇ ਮੁੱਖ ਮੰਤਰੀ ਬਣੇ ਰਹਿਣਗੇ।

ਸ਼ਿਵ ਸੈਨਾ, ਕਾਂਗਰਸ ਤੇ ਐੱਨ ਸੀ ਪੀ ਦੀ ਮਹਾਂ ਵਿਕਾਸ ਅਘਾੜੀ ਸਰਕਾਰ ਚੱਲ ਰਹੀ ਸੀ। 21 ਜੂਨ 2022 ਨੂੰ ਸ਼ਿਵ ਸੈਨਾ ਦੇ ਏਕਨਾਥ ਸ਼ਿੰਦੇ ਨੇ 15 ਵਿਧਾਇਕਾਂ ਨਾਲ ਬਗਾਵਤ ਕਰ ਦਿੱਤੀ। ਇਕ ਹਫਤੇ ਬਾਅਦ 28 ਜੂਨ ਨੂੰ ਵੇਲੇ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਮੁੱਖ ਮੰਤਰੀ ਠਾਕਰੇ ਨੂੰ ਬਹੁਮਤ ਸਾਬਤ ਕਰਨ ਲਈ ਕਿਹਾ। ਸ਼ਿਵ ਸੈਨਾ ਨੇ ਰਾਜਪਾਲ ਦੇ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ। ਸੁਪਰੀਮ ਕੋਰਟ ਨੇ ਸਟੇਅ ਨਹੀਂ ਦਿੱਤਾ। ਇਸ ਦੇ ਬਾਅਦ ਠਾਕਰੇ ਨੇ ਫਲੋਰ ਟੈਸਟ ਤੋਂ ਪਹਿਲਾਂ ਹੀ ਅਸਤੀਫਾ ਦੇ ਦਿੱਤਾ।

ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਰਾਜਪਾਲ ਦਾ ਠਾਕਰੇ ਨੂੰ ਫਲੋਰ ਟੈਸਟ ਕਰਾਉਣ ਦਾ ਹੁਕਮ ਨਿਯਮ ਮੁਤਾਬਕ ਨਹੀਂ ਸੀ। ਆਪੋਜ਼ੀਸ਼ਨ ਪਾਰਟੀਆਂ ਨੇ ਬੇਵਿਸਾਹੀ ਮਤੇ ਦੀ ਕੋਈ ਗੱਲ ਨਹੀਂ ਕੀਤੀ। ਰਾਜਪਾਲ ਕੋਲ ਠਾਕਰੇ 'ਚ ਭਰੋਸੇ 'ਤੇ ਸ਼ੱਕ ਕਰਨ ਦੀ ਕੋਈ ਠੋਸ ਜਾਣਕਾਰੀ ਨਹੀਂ ਸੀ, ਯਾਨੀ ਕਿ ਨਾ ਉਨ੍ਹਾ ਕੋਲ ਕੋਈ ਚਿੱਠੀ ਸੀ ਤੇ ਨਾ ਕੋਈ ਮੈਮੋਰੈਂਡਮ। ਇਹ ਵੀ ਸੰਕੇਤ ਨਹੀਂ ਸਨ ਕਿ ਵਿਧਾਇਕ ਹਮਾਇਤ ਵਾਪਸ ਲੈਣੀ ਚਾਹੁੰਦੇ ਹਨ। ਜੇ ਮੰਨ ਵੀ ਲਿਆ ਜਾਵੇ ਕਿ ਵਿਧਾਇਕ ਸਰਕਾਰ ਤੋਂ ਅੱਡ ਹੋਣਾ ਚਾਹੁੰਦੇ ਸਨ ਤਾਂ ਉਨ੍ਹਾਂ ਸਿਰਫ ਇਕ ਗਰੁੱਪ ਹੀ ਬਣਾਇਆ ਸੀ। ਅਜਿਹੇ ਵਿਚ ਫਲੋਰ ਟੈਸਟ ਦੀ ਵਰਤੋਂ ਸਿਆਸੀ ਪਾਰਟੀ ਦੇ ਆਪਸੀ ਕਲੇਸ਼ ਨੂੰ ਸੁਲਝਾਉਣ ਲਈ ਨਹੀਂ ਕੀਤੀ ਜਾ ਸਕਦੀ। ਸੰਵਿਧਾਨ ਤੇ ਕਾਨੂੰਨ ਰਾਜਪਾਲ ਨੂੰ ਸਿਆਸੀ ਖੇਤਰ ਵਿਚ ਦਖਲ ਦੇਣ ਤੇ ਪਾਰਟੀ ਦੇ ਅੰਦਰੂਨੀ ਵਿਵਾਦਾਂ ਵਿਚ ਰੋਲ ਅਦਾ ਕਰਨ ਦਾ ਅਧਿਕਾਰ ਨਹੀਂ ਦਿੰਦੇ। ਰਾਜਪਾਲ ਇਕ ਖਾਸ ਨਤੀਜੇ ਕਢਾਉਣ ਲਈ ਅਹੁਦੇ ਦੀ ਵਰਤੋਂ ਨਹੀਂ ਕਰ ਸਕਦੇ। ਸੁਪਰੀਮ ਕੋਰਟ ਨੇ ਵ੍ਹਿੱਪ ਦੇ ਬਾਰੇ ਸਪੱਸ਼ਟ ਕੀਤਾ ਕਿ ਸ਼ਿਵ ਸੈਨਾ ਦੇ ਚੀਫ ਵ੍ਹਿੱਪ ਵਜੋਂ ਗੋਗਾਵਾਲੇ ਦੀ ਨਿਯੁਕਤੀ ਦਾ ਸਪੀਕਰ ਦਾ ਫੈਸਲਾ ਗੈਰਕਾਨੂੰਨੀ ਸੀ। ਸਿਰਫ ਵਿਧਾਇਕ ਤੈਅ ਨਹੀਂ ਕਰ ਸਕਦੇ ਕਿ ਵ੍ਹਿੱਪ ਕੌਣ ਹੋਵੇਗਾ, ਇਹ ਪਾਰਟੀ ਨੇ ਤੈਅ ਕਰਨਾ ਹੁੰਦਾ ਹੈ। ਸਪੀਕਰ ਨੇ ਇਹ ਜਾਨਣ ਦਾ ਯਤਨ ਨਹੀਂ ਕੀਤਾ ਕਿ ਗੋਗਾਵਾਲੇ ਤੇ ਪ੍ਰਭੂ ਵਿੱਚੋਂ ਕਿਹੜਾ ਪਾਰਟੀ ਨੇ ਤੈਅ ਕੀਤਾ ਹੈ। ਸਪੀਕਰ ਨੂੰ ਸਿਰਫ ਸਿਆਸੀ ਪਾਰਟੀ ਵੱਲੋਂ ਨਿਯੁਕਤ ਵ੍ਹਿੱਪ ਨੂੰ ਮਾਨਤਾ ਦੇਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਬਗਾਵਤ ਕਰਨ ਵਾਲੇ 15 ਵਿਧਾਇਕਾਂ ਦਾ ਫੈਸਲਾ ਵੱਡੀ ਬੈਂਚ ਕਰੇਗੀ। ਉਸ ਨੇ ਬੈਂਚ ਨੂੰ ਸਮੇਂ ਸੀਮਾ 'ਚ ਫੈਸਲਾ ਕਰਨ ਲਈ ਕਿਹਾ ਹੈ। ਸਪੀਕਰ ਭਾਜਪਾ ਦੇ ਰਾਹੁਲ ਨਾਰਵੇਕਰ ਹਨ। ਉਹ ਜਾਂ ਤਾਂ ਬਾਗੀ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦਾ ਫੈਸਲਾ ਲਟਕਾ ਸਕਦੇ ਹਨ ਜਾਂ ਮੈਂਬਰੀ ਬਰਕਰਾਰ ਰੱਖਣ ਦਾ ਫੈਸਲਾ ਕਰ ਸਕਦੇ ਹਨ। ਠਾਕਰੇ ਸਰਕਾਰ ਡਿੱਗਣ ਵੇਲੇ ਸਪੀਕਰ ਨਹੀਂ ਸਨ। ਕਾਨੂੰਨ ਮੁਤਾਬਕ ਸਪੀਕਰ ਨਾ ਹੋਣ 'ਤੇ ਉਨ੍ਹਾ ਦੇ ਸਾਰੇ ਸੰਵਿਧਾਨਕ ਕੰਮ ਡਿਪਟੀ ਸਪੀਕਰ ਕਰਦਾ ਹੈ। ਮਹਾਰਾਸ਼ਟਰ 'ਚ ਉਦੋਂ ਐੱਨ ਸੀ ਪੀ ਦੇ ਨਰਹਰੀ ਜਿਰਵਾਲ ਡਿਪਟੀ ਸਪੀਕਰ ਸਨ। ਸਿਆਸੀ ਗਿਣਤੀਆਂ-ਮਿਣਤੀਆਂ ਕਰਕੇ ਆਮ ਤੌਰ 'ਤੇ ਸਪੀਕਰ ਆਪਣੀ ਪਾਰਟੀ ਨੂੰ ਫਾਇਦਾ ਪਹੁੰਚਾਉਣ ਵਾਲੇ ਫੈਸਲੇ ਕਰਦੇ ਹਨ। ਇਸੇ ਅੰਦੇਸ਼ੇ 'ਚ ਸ਼ਿੰਦੇ ਨੇ ਸੁਪਰੀਮ ਕੋਰਟ ਦੇ ਨਬਾਮ ਰੇਬੀਆ ਕੇਸ ਦੇ ਫੈਸਲੇ ਦਾ ਸਹਾਰਾ ਲੈ ਕੇ ਸਪੀਕਰ ਦੀ ਤਾਕਤ 'ਤੇ ਰੋਕ ਲਗਵਾ ਦਿੱਤੀ ਸੀ। ਇਸ ਵਿਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਸਪੀਕਰ ਉਸ ਸੂਰਤ 'ਚ ਵਿਧਾਇਕਾਂ ਦੀ ਅਯੋਗਤਾ ਬਾਰੇ ਫੈਸਲਾ ਨਹੀਂ ਕਰ ਸਕਦੇ, ਜੇ ਉਨ੍ਹਾਂ ਨੂੰ ਹਟਾਉਣ ਦੀ ਮੰਗ ਬਾਰੇ ਫੈਸਲਾ ਪੈਂਡਿੰਗ ਹੈ। ਹੁਣ ਸੁਪਰੀਮ ਕੋਰਟ ਨੇ ਨਬਾਮ ਰੇਬੀਆ ਮਾਮਲਾ ਵੱਡੀ ਬੈਂਚ ਹਵਾਲੇ ਕਰ ਦਿੱਤਾ ਹੈ। ਉਹ ਫੈਸਲਾ ਕਰੇਗੀ ਕਿ ਜੇ ਸਪੀਕਰ ਨੂੰ ਹਟਾਉਣ ਦਾ ਮਤਾ ਪੇਸ਼ ਕੀਤਾ ਜਾਂਦਾ ਹੈ ਤਾਂ ਕੀ ਉਹ ਦਲ-ਬਦਲ ਵਿਰੋਧੀ ਕਾਨੂੰਨ ਤਹਿਤ ਵਿਧਾਇਕਾਂ ਦੀ ਅਯੋਗਤਾ ਦਾ ਫੈਸਲਾ ਸਾਰੇ ਮਾਮਲਿਆਂ ਵਿਚ ਨਹੀਂ ਲੈ ਸਕਦੇ।

## ਪੰਜਾਬ ਪੈਨਸ਼ਨਰਜ਼ ਯੂਨੀਅਨ ਲੁਧਿਆਣਾ ਦੀ ਮੀਟਿੰਗ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਲੁਧਿਆਣਾ ਦੀ ਮੀਟਿੰਗ ਸਾਥੀ ਮੋਹਣਜੀਤ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਸਾਥੀ ਹਰਜਿੰਦਰ ਸਿੰਘ ਸੀਲੋ ਨੇ ਏਜੰਡੇ ਸਬੰਧੀ ਜਾਣਕਾਰੀ ਦਿੱਤੀ। ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਸੂਬਾਈ ਆਗੂ ਚਰਨ ਸਿੰਘ ਸਰਾਭਾ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦਾ ਮਜ਼ਾਕ ਉਡਾ ਰਹੀ, ਪੈਨਸ਼ਨਰਾਂ ਨੂੰ 2.59 ਦਾ ਗੁਣਾਕ ਪੈਨਸ਼ਨ ਸੋਧਣ ਲਈ ਲਾਗੂ ਕਰਨ ਦੀ ਬਜਾਏ ਸ਼੍ਰੀ ਭਗਵੰਤ ਸਿੰਘ ਮਾਨ ਸਰਕਾਰ ਮੰਗਾਂ ਨੂੰ ਲਟਕਾ ਰਹੀ ਹੈ। ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇਣ ਲਈ ਪੰਜਾਬ ਸਰਕਾਰ ਢੰਗ ਟਪਾ ਰਹੀ ਹੈ। ਜੁਲਾਈ 2015 ਤੋਂ ਦਸੰਬਰ 2015 ਤੱਕ ਦਾ ਬਕਾਇਆ, ਜੋ 10 ਅਪ੍ਰੈਲ ਤੱਕ ਦੇਣਾ ਮੰਨਿਆ ਸੀ, ਆਪ ਦੀ ਸਰਕਾਰ ਨੇ ਨਹੀਂ ਦਿੱਤਾ। ਮੌਜੂਦਾ ਸਰਕਾਰ ਪਹਿਲੀਆਂ ਸਰਕਾਰ ਵਾਲੀ ਨੀਤੀ 'ਤੇ ਚੱਲ ਰਹੀ ਹੈ। ਮੀਟਿੰਗ ਵਿੱਚ ਦਰਸ਼ਨ ਸਿੰਘ ਥਰੀਕੇ, ਮਨਜੀਤ ਸਿੰਘ ਗਿੱਲ, ਜਗਜੀਤ ਸਿੰਘ ਆਦਿ ਹਾਜ਼ਰ ਸਨ।

## ਕਿੰਡਰ ਗਾਰਟਨ ਸਕੂਲ 'ਚ ਸਾਅਦਤ ਹਸਨ ਮੰਟੋ ਦਾ ਜਨਮ ਦਿਵਸ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਥੋਂ ਦੀ ਨਾਮਵਰ ਸਿੱਖਿਆ ਸੰਸਥਾ ਕਿੰਡਰ ਗਾਰਟਨ ਐਂਡ ਸੀ.ਸੈ. ਸਕੂਲ ਵਿਖੇ ਪ੍ਰਸਿੱਧ ਕਹਾਣੀਕਾਰ ਸਾਅਦਤ ਹਸਨ ਮੰਟੋ ਦਾ 111ਵਾਂ ਜਨਮ ਦਿਵਸ ਮਨਾਇਆ ਗਿਆ। ਸਕੂਲ ਦੇ ਡਾਇਰੈਕਟਰ ਮੈਡਮ ਸ਼੍ਰੀਮਤੀ ਸਰਬਜੀਤ ਕੌਰ ਨੇ ਹਸਨ ਮੰਟੋ ਦੇ ਜੀਵਨ ਬਾਰੇ ਦੱਸਿਆ ਕਿ ਉਨ੍ਹਾਂ ਦਾ ਜਨਮ 11 ਮਈ 1912 ਨੂੰ ਸਮਰਾਲੇ ਦੇ ਨੇੜਲੇ ਪਿੰਡ ਪਪੜੌਦੀ ਵਿਖੇ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ। ਉਨ੍ਹਾਂ ਕਿਹਾ ਕਿ ਸਾਹਿਤਕ ਸੰਸਾਰ ਵਿੱਚ ਪ੍ਰਸਿੱਧ ਅਫਸਾਨਾਨਿਗਾਰ ਮੰਟੋ ਦਾ ਇਸ ਇਲਾਕੇ ਨਾਲ ਸਬੰਧ ਹੋਣਾ ਇਲਾਕੇ ਲਈ ਫਖਰ ਵਾਲੀ ਗੱਲ ਹੈ। ਇਥੋਂ ਨੇੜਲਾ ਇਲਾਕੇ ਦਾ ਪਿੰਡ ਪਪਰੌੜੀ ਹਸਨ ਮੰਟੋ ਦੇ ਨਾਂ ਨਾਲ ਜਾਣਿਆ ਤੇ ਪਛਾਣਿਆ ਜਾਂਦਾ ਹੈ। ਉਨ੍ਹਾ ਕਿਹਾ ਕਿ ਮੰਟੋ ਉਹ ਸ਼ਖਸ ਹੈ, ਜਿਸ ਨੇ ਉਸ ਵੇਲੇ ਦੇ ਸਮਾਜ ਵਿੱਚ ਫੈਲ ਰਹੀ ਕੁਰੀਤੀਆਂ ਦਾ ਬੜੀ ਦਲੇਰੀ ਨਾਲ ਪਾਜ ਉਧੇੜਿਆ। ਉਨ੍ਹਾਂ ਕਿਹਾ ਕਿ ਬੇਸ਼ੱਕ ਆਪਣੀਆਂ ਲਿਖਤਾਂ ਰਾਹੀਂ ਉਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਦੀ ਕਰੋਪੀ ਦਾ ਸ਼ਿਕਾਰ ਵੀ ਹੋਣਾ ਪਿਆ, ਪਰ ਉਹ ਸਰਕਾਰੀ ਜਬਰ ਅੱਗੇ ਝੁਕੇ ਨਹੀਂ। ਉਨ੍ਹਾਂ ਆਪਣੀਆਂ ਲਿਖਤਾਂ ਨੂੰ ਜਾਰੀ ਰੱਖਿਆ। ਡਾਇਰੈਕਟਰ ਸਰਬਜੀਤ ਕੌਰ ਨੇ ਸਾਅਦਤ ਹਸਨ ਮੰਟੋ ਦਾ ਹੱਥੀਂ ਲਿਖਿਆ ਕਤਬਾ ਪੜ੍ਹ ਕੇ ਬੱਚਿਆਂ ਨੂੰ ਸੁਣਾਇਆ। ਭਾਵੇਂ 15 ਅਗਸਤ 1947 ਨੂੰ ਸਾਡਾ ਦੇਸ਼ ਅਜ਼ਾਦ ਹੋਇਆ, ਹਰ ਸਾਲ ਅਸੀਂ ਇਸ ਦਿਵਸ ਦੀ ਖੁਸ਼ੀ ਮਨਾਉਂਦੇ ਹਾਂ, ਪਰ ਸਾਅਦਤ ਹਸਨ ਮੰਟੋ ਨੇ ਇਸ ਨੂੰ ਆਜ਼ਾਦੀ ਕਦੇ ਨਹੀਂ ਕਿਹਾ। ਉਨ੍ਹਾ ਹਮੇਸ਼ਾ ਹੀ ਇਸ ਦਿਨ ਨੂੰ ਵੰਡ ਜਾਂ ਵਟਾਂਦਰੇ ਦਾ ਨਾਂਅ ਦਿੱਤਾ। ਸਾਅਦਤ ਹਸਨ ਮੰਟੋ ਨੇ ਖੋਲ ਦੋ, ਠੰਡਾ ਗੋਸ਼ਤ, ਤਮਾਸ਼ਾ, ਕਾਲੀ ਸਲਵਾਰ ਤੇ ਟੋਭਾ ਟੇਕ ਸਿੰਘ ਵਰਗੀਆਂ ਕਹਾਣੀਆਂ ਲਿਖੀਆ, ਇਨ੍ਹਾਂ ਵਿੱਚੋਂ ਉਨ੍ਹਾਂ ਦੀ ਸਭ ਤੋਂ ਪ੍ਰਸਿੱਧ ਕਹਾਣੀ 'ਟੋਭਾ ਟੇਕ ਸਿੰਘ' ਹੈ। ਇਸ ਕਹਾਣੀ 'ਤੇ ਨਾਟਕ ਖੇਡੇ ਗਏ। ਕਿੰਡਰ ਗਾਰਟਨ ਸਕੂਲ ਵਿੱਚ ਸਾਅਦਤ ਹਸਨ ਮੰਟੋ ਸਾਹਿਬ ਦੇ ਨਾਂ 'ਤੇ ਸਕੂਲ ਦੀ ਲਾਇਬਰੇਰੀ ਦਾ ਨਾਂ ਰੱਖਿਆ। ਸਕੂਲ ਦੀ ਚਲਦੀ ਸਵੇਰ ਦੀ ਸਭਾ ਵਿੱਚ ਹੀ ਸਕੂਲ ਦੇ ਡਾਇਰੈਕਟਰ ਮੈਡਮ ਨੇ ਉਨ੍ਹਾਂ ਦੀ ਬੇਟੀ ਨੁਜ਼ਤ ਮੰਟੋ ਨੂੰ ਸਾਅਦਤ ਹਸਨ ਮੰਟੋ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੱਤੀ ਤੇ ਨੁਜ਼ਤ ਮੰਟੋ ਨੇ ਸਕੂਲ ਦੇ ਬੱਚਿਆਂ ਤੇ ਅਧਿਆਪਕਾਂ ਨੂੰ ਢੇਰ ਸਾਰੀਆਂ ਦੁਆਵਾਂ ਦਿੱਤੀਆਂ। ਸਕੂਲ ਦੇ ਡਾਇਰੈਕਟਰ ਸਰਬਜੀਤ ਕੌਰ, ਪ੍ਰਿੰਸੀਪਲ ਰਣਜੋਤ ਕੌਰ, ਅਧਿਆਪਕਾਂ ਤੇ ਵਿਦਿਆਥੀਆਂ ਨੇ ਮਿਲ ਕੇ ਕੇਕ ਕੱਟਿਆ।

### ਗੈਸ ਲੀਕ ਹੋਣ...

ਆਬਜ਼ਰਵੇਸ਼ਨ ਰੱਖਿਆ ਗਿਆ ਹੈ। ਉਹਨਾਂ ਕਿਹਾ ਕਿ ਪੀ ਜੀ ਆਈ ਭੇਜੀ ਗਈ ਬੱਚੀ ਦੀ ਹਾਲਤ ਸਥਿਰ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਹੈ ਕਿ ਇਕ ਕਮੇਟੀ ਬਣਾਈ ਗਈ ਹੈ, ਜੋ ਗੈਸ ਲੀਕ ਹੋਣ ਦੇ ਕਾਰਨਾਂ ਦਾ ਪਤਾ ਕਰੇਗੀ। ਇਸ ਕਮੇਟੀ ਵਿੱਚ ਉੱਚ ਅਧਿਕਾਰੀਆਂ ਤੋਂ ਇਲਾਵਾ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਮਾਹਿਰ ਵੀ ਸ਼ਾਮਲ ਹਨ। ਕਮੇਟੀ ਨੂੰ ਜਾਂਚ ਰਿਪੋਰਟ ਛੇਤੀ ਦੇਣ ਨੂੰ ਕਿਹਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਫਵਾਹਾਂ ਤੋਂ ਬਚਣ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਕੂਲ ਖਾਲੀ ਕਰਵਾ ਕੇ ਬੱਚਿਆਂ ਨੂੰ ਘਰਾਂ ਨੂੰ ਭੇਜਿਆ। ਸਕੂਲ ਨੇੜੇ ਨੈਸ਼ਨਲ ਫਰਟੀਲਾਈਜ਼ਰ ਅਤੇ ਪੰਜਾਬ ਅਲਕਲਈਜ਼ ਐਂਡ ਕੈਮੀਕਲ ਫੈਕਟਰੀਆਂ ਸਥਿਤ ਹਨ।

**ਭਲਾਣ (ਹਰਭਜਨ ਢਿੱਲੋਂ)** : ਘਟਨਾ 'ਤੇ ਚਿੰਤਾ ਪ੍ਰਗਟਾਉਂਦਿਆਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਸਰਕਾਰ ਤੇ ਪ੍ਰਦੂਸ਼ਣ ਕੰਟਰੋਲ ਵਿਭਾਗ 'ਤੇ ਕਈ ਤਰ੍ਹਾਂ ਦੇ ਸਵਾਲ ਖੜੇ ਕੀਤੇ। ਉਨ੍ਹਾ ਸਰਕਾਰ ਤੋਂ ਮੰਗ ਕੀਤੀ ਕਿ ਨੰਗਲ ਇੱਕ ਬਹੁਤ ਹੀ ਸੰਵੇਦਨਸ਼ੀਲ ਖੇਤਰ ਹੈ ਅਤੇ ਇਸ ਤਰ੍ਹਾਂ ਫੈਕਟਰੀ ਵਿਚੋਂ ਗੈਸ ਲੀਕੇਜ ਹੋਣਾ ਬਹੁਤ ਹੀ ਚਿੰਤਾ ਵਾਲੀ ਗੱਲ ਹੈ, ਜਿਸ ਨੂੰ ਲੈ ਕੇ ਸੂਬਾ ਸਰਕਾਰ ਨੂੰ ਸੁਚੇਤ ਹੋਣ ਦੀ ਲੋੜ ਹੈ।

ਉਨ੍ਹਾ ਮੰਗ ਕੀਤੀ ਕਿ ਇਸ ਘਟਨਾ ਦੀ ਗੰਭੀਰਤਾ ਨਾਲ ਸਰਕਾਰ ਵੱਲੋਂ ਜਾਂਚ ਕਰਵਾਈ ਜਾਵੇ, ਤਾਂ ਜੋ ਅੱਗਿਓਂ ਅਜਿਹੀ ਸਥਿਤੀ ਪੈਦਾ ਨਾ ਹੋਵੇ ਤੇ ਲਾਪਰਵਾਹ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ।

### ਜ਼ਿੰਦਗੀ ਖੇਤ ਮਜ਼ਦੂਰਾਂ ਦੇ...

ਦੀ ਅਗਵਾਈ ਹੇਠ ਉਨ੍ਹਾ ਦੀ ਮ੍ਰਿਤਕ ਦੇਹ ਉਪਰ ਲਾਲ ਝੰਡੇ ਪਾ ਕੇ ਕਾਫਲੇ ਤੋਂ ਵਿਛੜੇ ਸਾਥੀ ਨੂੰ ਸਨਮਾਨ ਭੇਟ ਕੀਤਾ ਗਿਆ। ਇਸ ਮੌਕੇ ਪਾਰਟੀ ਦੇ ਕੰਟਰੋਲ ਕਮਿਸ਼ਨ ਮੈਂਬਰ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਮੀਤ ਸਕੱਤਰ ਗੁਰਦਿੱਤ ਸਿੰਘ ਦੀਨਾ, ਬਲਾਕ ਸਕੱਤਰ ਸਬਰਾਜ ਸਿੰਘ ਢੁੱਡੀਕੇ, ਇਕਬਾਲ ਸਿੰਘ ਤਖਾਣਵੱਧ, ਹਰਬੰਸ ਸਿੰਘ ਢਿੱਲੋਂ, ਡਾ. ਇੰਦਰਬੀਰ ਸਿੰਘ ਗਿੱਲ, ਜਗਸੀਰ ਸਿੰਘ ਖੋਸਾ, ਪੋਹਲਾ ਸਿੰਘ ਬਰਾੜ, ਚਮਕੌਰ ਸਿੰਘ ਧੂੜਕੋਟ, ਸੀਤਾ ਤਖਾਣਵੱਧ, ਜਗਤਾਰ ਸਿੰਘ ਸਰਪੰਚ ਬੁੱਟਰ, ਦਰਸ਼ਨ ਸਿੰਘ ਸਰਪੰਚ ਭੁੱਲਰ ਪੱਤੀ, ਅਕਾਸ਼ਦੀਪ ਸਿੰਘ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਜਗਜੀਤ ਸਿੰਘ ਮੈਂਬਰ ਪੰਚਾਇਤ, ਆਪ ਆਗੂ ਪਰਮਜੀਤ ਸਿੰਘ ਪੰਮਾ ਸਮੇਤ ਵੱਡੀ ਗਿਣਤੀ ਪਾਰਟੀ ਵਰਕਰ ਤੇ ਆਮ ਲੋਕ ਹਾਜ਼ਰ ਸਨ। ਉਨ੍ਹਾ ਦੇ ਬੇਟੇ ਬੋਹੜ ਸਿੰਘ ਬੁੱਟਰ ਅਤੇ ਬੂਟਾ ਸਿੰਘ ਨੇ ਮ੍ਰਿਤਕ ਦੇਹ ਨੂੰ ਅਗਨੀ ਭੇਟ ਕੀਤਾ।

### ਕੇਂਦਰੀ ਟਰੇਡ ਯੂਨੀਅਨਾਂ ...

ਮੰਤਰੀ ਉਨ੍ਹਾ ਨੂੰ ਨਹੀਂ ਕਹਿੰਦੇ। ਇੱਕ ਤਰ੍ਹਾਂ ਨਾਲ ਉਹ ਇਹ ਸੰਕੇਤ ਦੇ ਰਹੇ ਹਨ ਕਿ ਉਹ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਹਨ।

ਅਮਰਜੀਤ ਕੌਰ ਨੇ ਦੱਸਿਆ ਕਿ ਮੰਚ ਦੀਆਂ ਸਾਰੀਆਂ ਯੂਨੀਅਨਾਂ ਆਪੋ-ਆਪਣੇ ਤਰੀਕੇ ਨਾਲ ਪਹਿਲਕਦਮੀ ਕਰ ਰਹੀਆਂ ਹਨ। ਏ ਆਈ ਟੀ ਯੂ ਸੀ ਨੂੰ ਖੁਸ਼ੀ ਹੈ ਕਿ ਇਨਸਾਫ ਲਈ ਭਲਵਾਨਾਂ ਦੇ ਅੰਦੋਲਨ ਨੂੰ ਇਕਮੁੱਠਤਾ ਦੇਣ ਲਈ ਇਸ ਦਿਨ ਨੂੰ ਮਨਾਉਣ ਲਈ 1945 ਵਿੱਚ ਫਾਸ਼ੀਵਾਦੀ ਜ਼ਾਲਮ ਹਿਟਲਰ ਸਾਮਰਾਜ ਉੱਤੇ ਮਨੁੱਖਤਾ ਦੀ ਜਿੱਤ ਦਾ ਦਿਨ 9 ਮਈ ਨੂੰ ਮਨਾਉਣ ਦੇ ਸੱਦੇ ਨੂੰ ਭਾਰਤ ਭਰ ਦੀਆਂ ਯੂਨੀਅਨਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਹਾਕਮਾਂ ਨੂੰ ਇਹ ਸੰਕੇਤ ਦੇਣ ਲਈ ਕਿ ਇਤਿਹਾਸ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰਦਾ, ਜੋ ਮਨੁੱਖੀ ਭਾਵਨਾ ਅਤੇ ਸਨਮਾਨ ਨੂੰ ਕੁਚਲਣ ਦੀ ਕੋਸ਼ਿਸ਼ ਕਰਦੇ ਹਨ।

ਆਗੂਆਂ ਜ਼ੋਰ ਦੇ ਕੇ ਕਿਹਾ ਕਿ ਟਰੇਡ ਯੂਨੀਅਨਾਂ ਭਲਵਾਨਾਂ ਦੇ ਅੰਦੋਲਨ ਦੀ ਹਮਾਇਤ ਵਿੱਚ ਇਸ ਨੂੰ ਪੈਨ ਇੰਡੀਆ ਅੰਦੋਲਨ ਬਣਾਉਣ ਲਈ ਆਪਣੀਆਂ ਕਾਰਵਾਈਆਂ ਤੇਜ਼ ਕਰਨਗੀਆਂ। ਉਹ ਦੇਸ਼ ਦੀ ਸ਼ਾਨ, ਸਾਡੀਆਂ ਧੀਆਂ ਨੂੰ ਇਨਸਾਫ ਦਿਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਸੱਦੇ ਵਿੱਚ ਸ਼ਾਮਲ ਹੋਣਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਜ਼ਿਲ੍ਹੇ 'ਚ ਵਧ ਰਹੀਆਂ ਲੁੱਟਾਂ-ਖੋਹਾਂ ਤੇ ਚੋਰੀਆਂ ਚਿੰਤਾ ਦਾ ਵਿਸ਼ਾ : ਅਰੋੜਾ



**ਤਰਨ ਤਾਰਨ (ਸਾਗਰ)**-ਜਦੋਂ ਦੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਲੋਕਾਂ ਨੂੰ ਪੰਜਾਬ ਦੇ ਹਾਲਾਤ ਅਤੇ ਸਿਸਟਮ ਦੇ ਬਦਲਣ ਦੀ ਬਹੁਤ ਉਮੀਦ ਸੀ ਪਰ ਅਫਸੋਸ ਉਨ੍ਹਾਂ ਦੀਆਂ ਆਸਾਂ 'ਤੇ ਜਲਦ ਹੀ ਪਾਣੀ ਫਿਰ ਗਿਆ। ਇਨ੍ਹਾਂ ਗੱਲਾਂ ਦਾ ਜ਼ਿਕਰ ਪੱਤਰਕਾਰਾਂ ਨਾਲ ਕਰਦਿਆਂ ਲੋਕ ਲਹਿਰ ਪਾਰਟੀ ਦੇ ਪ੍ਰਧਾਨ ਗੁਰਜੀਤ ਸਿੰਘ ਅਰੋੜਾ ਨੇ ਕਿਹਾ ਪੰਜਾਬ ਦੀ ਜਨਤਾ ਨੇ ਪਿਛਲੇ 75 ਸਾਲਾਂ ਤੋਂ ਰਵਾਇਤੀ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਤੰਗ ਆ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ। ਸੋਚਿਆ ਸੀ ਹਾਲਾਤ ਅਤੇ ਸਿਸਟਮ ਦੋਵੇਂ ਬਦਲਣਗੇ ਪਰ ਹੋਇਆ ਇਸ ਦੇ ਉਲਟ। ਬਦਲਿਆ ਕੁੱਝ ਵੀ ਨਹੀਂ। ਪਿਛਲੀਆਂ ਸਰਕਾਰਾਂ ਵਾਂਗ ਨਾ ਜਾਨ ਦੀ ਸੁਰੱਖਿਆ ਮਿਲੀ ਨਾ ਮਾਲ ਦੀ। ਹਾਲਾਤ ਹੋਰ ਵੀ ਬਦਤਰ ਹੋ ਗਏ। ਆਮ ਲੋਕਾਂ ਦਾ ਘਰਾਂ ਤੋਂ ਬਾਹਰ ਨਿਕਲਣਾ ਅਤੇ ਰਾਤ ਨੂੰ ਚੈਨ ਨਾਲ ਸੌਣਾ ਔਖਾ ਹੋ ਗਿਆ ਹੈ। ਲੋਕਾਂ ਨੂੰ ਆਪਣੇ ਜਾਨ ਮਾਲ ਦਾ ਭੈਅ ਹਰ ਵੇਲੇ ਸਤਾਉਂਦਾ ਰਹਿੰਦਾ ਹੈ। ਚੋਰ ਅਤੇ ਡਕੈਤ ਨਿਧੜਕ ਹੋ ਕੇ ਆਪਣੇ ਕੰਮਾਂ ਨੂੰ ਅੰਜਾਮ ਦੇ ਰਹੇ ਹਨ। ਆਏ ਦਿਨ ਚੋਰੀਆਂ ਅਤੇ ਲੁੱਟ ਖੋਹ ਦੀਆਂ ਖਬਰਾਂ ਅਖਬਾਰਾਂ ਵਿੱਚ ਲਗਦੀਆਂ ਰਹਿੰਦੀਆਂ ਹਨ ਪਰ ਪੁਲਸ ਪ੍ਰਸ਼ਾਸਨ ਇਸ ਗੱਲ ਤੋਂ ਅਣਜਾਣ ਅਤੇ ਬੇਫਿਕਰ ਹੈ। ਲੋਕ ਲਹਿਰ ਪਾਰਟੀ ਵੱਲੋਂ ਪਹਿਲਾਂ ਵੀ ਐਸ ਐਚ ਓ ਸਿਟੀ ਤਰਨ ਤਾਰਨ ਨੂੰ ਸ਼ਹਿਰ ਵਿੱਚ ਹੋ ਰਹੀਆਂ ਚੋਰੀ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਮੰਗ ਪੱਤਰ ਦਿੱਤਾ ਸੀ ਪਰ ਅਫਸੋਸ ਕੋਈ ਇਨ੍ਹਾਂ ਮਾੜੇ ਅਨਸਰਾਂ ਖਿਲਾਫ ਕੋਈ ਕਾਰਵਾਈ ਨਾ ਹੋਣ ਕਰਕੇ ਪੂਰੇ ਤਰਨ ਤਾਰਨ ਜ਼ਿਲ੍ਹੇ 'ਚ ਇਨ੍ਹਾਂ ਵਾਰਦਾਤਾਂ ਵਿੱਚ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ ਜਿਸ ਕਰਕੇ ਲੋਕਾਂ ਵਿੱਚ ਡਰ ਅਤੇ ਖੌਫ ਦਾ ਮਾਹੌਲ ਪੈਦਾ ਹੋ ਰਿਹਾ ਹੈ। ਲੋਕ ਲਹਿਰ ਪਾਰਟੀ ਦੇ ਆਗੂ ਵਰਕਰਾਂ ਅਤੇ ਤਰਨ ਤਾਰਨ ਦੇ ਨਿਵਾਸੀਆਂ ਵੱਲੋਂ ਇਨ੍ਹਾਂ ਵਾਰਦਾਤਾਂ ਨੂੰ ਰੋਕਣ ਲਈ ਮਾੜੇ ਅਨਸਰਾਂ ਖਿਲਾਫ ਕਰੜੀ ਕਾਰਵਾਈ ਕਰਨ ਲਈ ਇਕ ਮੰਗ ਪੱਤਰ ਐਸ ਐਸ ਪੀ ਸਾਹਿਬ ਦਿੱਤਾ ਜਾਵੇਗਾ। ਇਸ ਮੌਕੇ ਹਰਜਿੰਦਰ ਸਿੰਘ ਵਾਲੀਆ, ਪ੍ਰੈਸ ਸਕੱਤਰ ਰਣਜੀਤ ਸਿੰਘ, ਜ਼ਿਲ੍ਹਾ ਇੰਚਾਰਜ ਅਮਰਜੀਤ ਸਿੰਘ, ਜ਼ਿਲ੍ਹਾ ਪ੍ਰਧਾਨ ਡਾ. ਲਾਲ ਸਿੰਘ, ਪ੍ਰਧਾਨ ਕਿਸਾਨ ਵਿੰਗ ਬਲਦੇਵ ਸਿੰਘ, ਸ਼ਹਿਰੀ ਪ੍ਰਧਾਨ ਕੇਵਲ ਕ੍ਰਿਸ਼ਨ, ਸਕੱਤਰ ਗੁਲਜ਼ਾਰ ਸ਼ਰਮਾ, ਜਸਵਿੰਦਰ ਸ਼ਰਮਾ, ਸਵਿੰਦਰ ਸਿੰਘ ਫੌਜੀ, ਪ੍ਰਧਾਨ ਰਾਮ ਸਿੰਘ, ਸਤਿੰਦਰ ਕੁਮਾਰ ਨੀਟਾ, ਦਿਲਬਾਗ ਸਿੰਘ ਹਾਜ਼ਰ ਸਨ।

## ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਸਕੂਲ ਦੀ ਵਿਦਿਆਰਥੀ ਕੌਂਸਲ ਦੀ ਚੋਣ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਸਕੂਲ ਧਾਰੀਵਾਲ ਵਿਖੇ ਪ੍ਰਿੰਸੀਪਲ ਗਗਨਜੀਤ ਕੌਰ ਦੀ ਅਗਵਾਈ ਵਿੱਚ ਸੈਸ਼ਨ 2023-24 ਦੇ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ। ਇਸ ਕੌਂਸਲ ਚੋਣ ਵਿੱਚ ਪ੍ਰਭਨੂਰ ਸਿੰਘ ਹੈੱਡ ਬੁਆਏ ਅਤੇ ਬਰਿੰਦਰ ਕੌਰ ਨੂੰ ਹੈੱਡ ਗਰਲ ਵਜੋਂ ਚੁਣਿਆ ਗਿਆ। ਇਸ ਤੋਂ ਇਲਾਵਾ ਸਕੂਲ ਦੇ ਸਤਲੁਜ ਹਾਊਸ ਦੀ ਕਪਤਾਨ ਜਸਮੀਤ ਕੌਰ ਅਤੇ ਸੈਕਟਰੀ ਅਭਿਲਾਸ਼ਾ, ਰਾਵੀ ਹਾਊਸ ਦਾ ਕਪਤਾਨ ਗੁਰਬਾਜ ਸਿੰਘ ਅਤੇ ਸੈਕਟਰੀ ਜਸਨੂਰ ਸਿੰਘ, ਬਿਆਸ ਹਾਊਸ ਦਾ ਕਪਤਾਨ ਮੇਹਰ ਮਸੀਹ ਅਤੇ ਸੈਕਟਰੀ ਮੁਸਕਾਨਦੀਪ ਕੌਰ, ਜੇਹਲਮ ਹਾਊਸ ਦੇ ਕਪਤਾਨ ਨਵਦੀਪ ਸਿੰਘ ਅਤੇ ਸੈਕਟਰੀ ਪ੍ਰਨੀਤ ਕੌਰ, ਚਿਨਾਬ ਹਾਊਸ ਦੇ ਕਪਤਾਨ ਆਸੂਤੋਸ਼ ਅਤੇ ਸੈਕਟਰੀ ਰਵਨੀਤ ਕੌਰ ਨੂੰ ਚੁਣਿਆ ਗਿਆ। ਜਦਕਿ ਸਕੂਲ ਦੇ ਸਪੋਰਟਸ ਸੈਕਟਰੀ ਪਾਇਲ ਨੂੰ ਚੁਣਿਆ। ਮਨਪ੍ਰੀਤ ਸਿੰਘ ਨੂੰ ਲੜਕੇ ਵਿਦਿਆਰਥੀ ਸਲਾਹਕਾਰ ਅਤੇ ਹਰਨੀਤ ਕੌਰ ਨੂੰ ਲੜਕੀਆਂ ਵਿਦਿਆਰਥੀ ਸਲਾਹਕਾਰ ਚੁਣਿਆ ਗਿਆ। ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਹੈੱਡ ਬੁਆਏ ਨੇ ਸਹੁੰ ਚੁਕਾਈ ਅਤੇ ਪ੍ਰਿੰਸੀਪਲ ਗਗਨਜੀਤ ਕੌਰ ਅਤੇ ਹਾਊਸ ਇੰਚਾਰਜ ਵੱਲੋਂ ਇਨ੍ਹਾਂ ਸਾਰਿਆਂ ਨੂੰ ਸਵੇਰ ਦੀ ਸਭਾ ਵਿੱਚ ਇਨ੍ਹਾਂ ਦੇ ਟੈਗ ਪਹਿਨਾਏ ਗਏ। ਇਸ ਮੌਕੇ ਪ੍ਰਿੰ. ਗਗਨਜੀਤ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਇਨ੍ਹਾਂ ਨੂੰ ਡਿਊਟੀਆਂ ਤੋਂ ਜਾਣੂ ਕਰਵਾਇਆ।

# ਆਰ ਐੱਮ ਪੀ ਆਈ ਵੱਲੋਂ ਅਟਾਰੀ 'ਚ ਖੇਤੀ ਸੰਕਟ ਦੇ ਹੱਲ ਲਈ ਚੇਤਨਾ ਕੈਂਪ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਬਾਬਾ ਅਰਜਨ ਸਿੰਘ ਦੀ ਅਗਵਾਈ ਹੇਠ ਕਸਬਾ ਅਟਾਰੀ 'ਚ ਖੇਤੀ ਸੰਕਟ ਦੇ ਹੱਲ ਲਈ ਚੇਤਨਾ ਕੈਂਪ ਲਗਾਇਆ ਗਿਆ ਜਿਸ ਵਿੱਚ ਆਗੂਆਂ ਤੇ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਆਰ ਐੱਮ ਪੀ ਆਈ ਆਗੂ ਤੇ ਉੱਘੇ ਖੇਤੀ ਮਾਹਰ ਡਾ. ਸਤਨਾਮ ਸਿੰਘ ਅਜਨਾਲਾ ਨੇ ਦੱਸਿਆ ਕਿ ਦੇਸ਼ ਅੰਦਰ ਅੱਜ ਖੇਤੀ ਸੰਕਟ ਦੀ ਸ਼ਿਕਾਰ ਹੈ ਤੇ ਹੁਣ ਇਹ ਕਿੱਤਾ ਲਾਹੇਵੰਦ ਨਾ ਹੋਣ ਕਾਰਨ ਕਿਸਾਨ ਕਰਜ਼ੇ ਦੇ ਜਾਲ ਵਿੱਚ ਫਸਦਾ ਜਾ ਰਿਹਾ ਹੈ ਤੇ ਨਿਰਾਸ਼ਾ ਵੱਸ ਖ਼ੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ। ਉਨ੍ਹਾ ਦੱਸਿਆ ਕਿ 1995 ਤੋਂ ਲੈ ਕੇ 2015 ਤੱਕ ਤਿੰਨ ਲੱਖ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਡਾ. ਅਜਨਾਲਾ ਨੇ ਕਿਹਾ ਕਿ ਅਜਿਹਾ ਸਮੇਂ-ਸਮੇਂ ਦੇਸ਼ ਦੀਆਂ ਹਾਕਮ ਸਰਕਾਰਾਂ ਦੀਆਂ ਸਰਮਾਏਦਾਰਾਂ ਅਤੇ ਜਗੀਰਦਾਰ ਪੱਖੀ ਨੀਤੀਆਂ ਕਾਰਨ ਵਾਪਰ ਰਿਹਾ ਹੈ। ਕਿਸਾਨੀ ਦੀ ਅਜੋਕੀ ਦੁਰਦਸ਼ਾ ਹਾਕਮਾਂ ਦੀਆਂ ਨੀਤੀਆਂ ਕਾਰਨ ਕਿਸਾਨ ਦੋਹਰੀ ਲੁੱਟ ਦਾ ਸ਼ਿਕਾਰ ਹੋ ਰਿਹਾ ਹੈ। ਖ਼ਪਤਕਾਰਾਂ ਵੱਲੋਂ ਅਜਾਰੇਦਾਰਾਂ ਦੀ ਲੁੱਟ, ਉਤਪਾਦਨ ਵੱਲੋਂ ਮੰਡੀ ਦੀ ਲੁੱਟ ਖੇਤੀ ਸੰਕਟ ਦੇ ਹੱਲ ਦੀ ਬਜਾਏ ਕੇਂਦਰ ਤੇ ਸੂਬਾ ਸਰਕਾਰਾਂ ਖੇਤੀ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਤਜਵੀਜ਼ ਬਣਾ ਰਹੀਆਂ ਹਨ। ਡਾ. ਅਜਨਾਲਾ ਨੇ ਖੇਤੀ ਸੰਕਟ ਦੇ ਹੱਲ ਲਈ ਕੇਂਦਰ ਤੇ ਸੂਬਾਈ ਸਰਕਾਰਾਂ ਖੇਤੀ ਵਿੱਚ ਨਿਵੇਸ਼ ਨੂੰ ਵਧਾਉਣ ਲਈ, ਖੇਤੀ ਫ਼ਸਲਾਂ ਸਮੇਤ ਸਬਜ਼ੀਆਂ, ਫ਼ਲਾਂ, ਦੁੱਧ ਆਦਿ ਲਈ ਡਾ.ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਅਨੁਸਾਰ ਐਮ ਐਸ ਪੀ ਸੀ-2 ਜਮ੍ਹਾਂ 50 ਪ੍ਰਤੀਸ਼ਤ ਦੇ ਵਾਧੇ ਨਾਲ ਭਾਅ ਨਿਸਚਿਤ ਕੀਤੇ ਜਾਣ ਤੇ ਖ਼ਰੀਦ ਦੀ ਗਾਰੰਟੀ ਕੀਤੀ ਜਾਵੇ। ਡਾ. ਅਜਨਾਲਾ ਨੇ ਕਿਹਾ ਕਿ ਸਾਰੀਆਂ ਲਾਗਤਾਂ ਹੇਠਲੇ ਪੱਧਰ 'ਤੇ ਲਿਆਂਦੀਆਂ ਜਾਣ ਅਤੇ ਕੀਮਤਾਂ 'ਤੇ ਕੰਟਰੋਲ ਹੋਵੇ। ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਕਿਸਾਨਾਂ ਵਿਰੁੱਧ ਅਪਣਾਈਆਂ ਜਾ ਰਹੀਆਂ ਨੀਤੀਆਂ ਕਾਰਨ ਕਿਸਾਨਾਂ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਰੱਦ ਕੀਤਾ ਜਾਵੇ। ਜਮਹੂਰੀ ਲੀਹਾਂ 'ਤੇ ਸਹਿਕਾਰੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ। ਇਸ ਮੌਕੇ ਵਿਚਾਰ ਸੁਣਨ ਤੋਂ ਬਾਅਦ ਕਿਸਾਨਾਂ ਨੇ ਨਸ਼ਿਆਂ, ਈ ਵੀ ਐਮ, ਡਾ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਆਦਿ ਸੰਬੰਧੀ ਵਿਚਾਰ-ਚਰਚਾ ਵੀ ਕੀਤੀ। ਇਸ ਮੌਕੇ ਆਗੂਆਂ ਨੇ ਐਲਾਨ ਕੀਤਾ ਕਿ 25 ਮਈ ਨੂੰ ਨਹਿਰੀ ਵਿਭਾਗ ਦੇ ਅੰਮ੍ਰਿਤਸਰ ਦਫ਼ਤਰ ਵਿਖੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਆਗੂ ਰਤਨ ਸਿੰਘ ਰੰਧਾਵਾ, ਨਿਰਮਲ ਸਿੰਘ ਮੋਦੇ, ਸ਼ਰਨਜੀਤ ਸਿੰਘ ਧਨੋਏ, ਬੂਟਾ ਸਿੰਘ ਮੋਦੇ, ਮਨਿੰਦਰ ਸਿੰਘ ਨੇਸ਼ਟਾ, ਮੱਖਣ ਸਿੰਘ ਰਾਜਾਤਾਲ, ਸੁੱਖ ਲਾਹੌਰੀ ਮੱਲ, ਮਾਨ ਸਿੰਘ ਮੁਹਾਵਾ ਆਦਿ ਹਾਜ਼ਰ ਸਨ।

## ਬਾਬਾ ਅਮਰੀਕ ਸਿੰਘ ਵੱਲੋਂ ਨੰਬਰਦਾਰ ਘੁੰਮਣ ਦਾ ਸਨਮਾਨ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**- ਪਿੰਡ ਘੁੰਮਣ ਖੁਰਦ ਤੋਂ ਨਵੇਂ ਬਣੇ ਨੰਬਰਦਾਰ ਦਿਲਬਾਗ ਸਿੰਘ ਘੁੰਮਣ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਹਜ਼ਾਰਾ ਸਿੰਘ ਜੀ ਨਿੱਕੇ ਘੁੰਮਣ ਵਿਖੇ ਨਤਮਸਤਕ ਹੋਏ ਅਤੇ ਸੰਤ ਬਾਬਾ ਹਜ਼ਾਰਾ ਸਿੰਘ ਜੀ ਦਾ ਓਟ ਆਸਰਾ ਲਿਆ। ਨੰਬਰਦਾਰ ਦਿਲਬਾਗ ਸਿੰਘ ਘੁੰਮਣ ਨੇ ਦੱਸਿਆ ਕਿ ਉਨ੍ਹਾ ਨੇ ਤਕਰੀਬਨ ਇੱਕ ਸਾਲ ਤੋਂ ਨੰਬਰਦਾਰੀ ਲੈਣ ਲਈ ਫਾਇਲ ਲਗਾਈ ਸੀ ਜੋ ਕਿ ਅੱਜ ਵਾਹਿਗੁਰੂ ਦੀ ਕਿਰਪਾ ਨਾਲ ਨੇਪਰੇ ਚੜ੍ਹ ਗਈ ਅਤੇ ਨੰਬਰਦਾਰੀ ਮਿਲ ਗਈ। ਉਨ੍ਹਾ ਦੱਸਿਆ ਕਿ ਉਹ ਪਹਿਲਾਂ ਪਿੰਡ ਘੁੰਮਣ ਖੁਰਦ ਦੀ ਪੰਚਾਇਤ ਦੇ ਮੈਂਬਰ ਪੰਚਾਇਤ ਵੀ ਰਹਿ ਚੁੱਕੇ ਹਨ ਅਤੇ ਮੈਂ ਲੋਕਾਂ ਨੂੰ ਯਕੀਨ ਦਿਵਾਉਂਦਾਂ ਹਾਂ ਕਿ ਮੈਂ ਪਿੰਡ ਘੁੰਮਣ ਖੁਰਦ ਦੇ ਲੋਕਾਂ ਦੇ ਕੰਮਕਾਰ ਲਈ ਦਿਨ ਰਾਤ ਹਾਜ਼ਰ ਹਾਂ। ਇਸ ਮੌਕੇ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲੇ ਮੁਖੀ ਗੁਰਦੁਆਰਾ ਤਪ ਅਸਥਾਨ ਸਾਹਿਬ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਅਤੇ ਨੰਬਰਦਾਰੀ ਮਿਲਣ ਦੀ ਵਧਾਈ ਵੀ ਦਿੱਤੀ। ਇਸ ਮੌਕੇ ਨੰਬਰਦਾਰ ਕੁਲਜੀਤ ਸਿੰਘ ਘੁੰਮਣ, ਮੈਂਬਰ ਪੰਚਾਇਤ ਰਛਪਾਲ ਸਿੰਘ ਘੁੰਮਣ, ਗੁਰਇਕਬਾਲ ਸਿੰਘ ਕਾਹਲੋਂ, ਦਲੇਰ ਸਿੰਘ ਘੁੰਮਣ, ਸਾਬਾ ਘੁੰਮਣ, ਇਕਬਾਲ ਸਿੰਘ ਘੁੰਮਣ, ਲਾਡਾ ਘੁੰਮਣ, ਕਰਮਜੀਤ ਸਿੰਘ ਘੁੰਮਣ, ਗੁਰਬਚਨ ਸਿੰਘ ਘੁੰਮਣ, ਬਲਕਾਰ ਸਿੰਘ ਘੁੰਮਣ ਆਦਿ ਹਾਜ਼ਰ ਹੋਏ।

## ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ: ਡਾ. ਭੁਪਿੰਦਰ ਸਿੰਘ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਸੁਰਿੰਦਰ ਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ ਤਹਿਤ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਅਤੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਤਹਿਤ ਜਾਗਰੂਕ ਕਰਨ ਹਿੱਤ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਸਮੂਹ ਸਟਾਫ ਦੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਡਾ, ਭੁਪਿੰਦਰ ਸਿੰਘ ਨੇ ਸਰਕਲ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਲਾਕੇ ਦੇ ਕਿਸਾਨਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਅਤੇ ਪਾਣੀ ਦੀ ਬੱਚਤ ਲਈ ਝੋਨੇ ਦੀ ਸਿੱਧੀ ਬਿਜਾਈ ਅਤੇ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਖਾਸ ਤੌਰ 'ਤੇ ਬਾਸਮਤੀ ਹੇਠ ਕੁੱਝ ਰਕਬਾ ਲਿਆਉਣ ਲਈ ਪ੍ਰੇਰਿਤ ਕਰਨ। ਇਸ ਮੌਕੇ ਜਾਣਕਾਰੀ ਸਾਂਝੀ ਕੀਤੀ ਕਿ ਬੇਮੌਸਮੀ ਬਰਸਾਤ ਨਾਲ ਚਾਹੇ ਕੁਝ ਰਕਬੇ ਵਿੱਚ ਫਸਲਾਂ ਦੇ ਝਾੜ ਵਿਚ ਨੁਕਸਾਨ ਹੋਇਆ ਹੈ ਪਰ ਨਾਲ ਹੀ ਸੁਖਾਵੀਂ ਗੱਲ ਇਹ ਰਹੀ ਕਿ ਹੈ ਕਿ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਵਾਲੇ ਖੇਤਾਂ ਵਿੱਚ ਫਸਲ ਦਾ ਝਾੜ ਪਹਿਲਾਂ ਦੇ ਮੁਕਾਬਲੇ ਚੰਗਾ ਰਿਹਾ ਹੈ ਜੋ ਕਿ ਚੰਗਾ ਸੰਕੇਤ ਹੈ। ਇਸ ਲਈ ਦੂਜੇ ਕਿਸਾਨਾਂ ਨੂੰ ਵੀ ਤਕਨੀਕੀ ਜਾਣਕਾਰੀ ਦਿੰਦਿਆਂ ਪ੍ਰੇਰਿਤ ਕੀਤਾ ਜਾਵੇ ਕਿ ਉਹ ਕਣਕ ਦੀ ਵਾਢੀ ਉਪਰੰਤ ਬਚੇ ਨਾੜ ਨੂੰ ਅੱਗ ਲਾਉਣ ਦੀ ਬਜਾਏ ਖੇਤ ਵਿਚ ਹੀ ਵਾਹ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਣ। ਨਾਲ ਦੀ ਨਾਲ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾਵੇ ਕੇ ਝੋਨੇ ਦੇ ਚੰਗੇ ਝਾੜ ਲਈ ਮਾਹਿਰਾਂ ਵੱਲੋਂ ਸਿਫਾਰਸ਼ ਸਮੇਂ 20 ਮਈ ਤੋਂ ਝੋਨੇ ਦੀ ਪਨੀਰੀ ਤਿਆਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ੁਦਾ ਝੋਨੇ ਦੀਆਂ ਕਿਸਮਾਂ ਦੀ ਹੀ ਕਾਸ਼ਤ ਕੀਤੀ ਜਾਵੇ ਅਤੇ ਤਿਆਰ ਪਨੀਰੀ 20 ਜੂਨ ਤੋਂ ਬਾਅਦ ਖੇਤ ਵਿੱਚ ਲਗਾਈ ਜਾਵੇ ਜਿਸ ਨਾਲ ਫਸਲ ਦੇ ਝਾੜ ਵਿਚ ਵਾਧਾ ਹੁੰਦਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕਿਸਾਨ ਮਿਆਰੀ ਬੀਜ ਸਰਕਾਰੀ ਤਸਦੀਕਸ਼ੁਦਾ ਅਦਾਰਿਆਂ ਤੋਂ ਖਰੀਦਣ ਅਤੇ ਉਨ੍ਹਾਂ ਨੂੰ ਖਰੀਦ ਬਿੱਲ ਸਬੰਧਤ ਅਦਾਰਿਆਂ ਵੱਲੋਂ ਦਿੱਤੇ ਜਾਣ। ਮੀਟਿੰਗ ਦੌਰਾਨ ਡਾ. ਸੰਦੀਪ ਸਿੰਘ ਏਡੀਓ, ਡਾ. ਭਾਰਤ ਭੂਸ਼ਨ ਏਡੀਓ, ਡਾ. ਸੰਦੀਪ ਸਿੰਘ ਏਈਓ ਕੱਚਾ ਪੱਕਾ, ਅਮਰਿੰਦਰ ਸਿੰਘ ਏਈਓ ਕੋਟ ਬੁੱਢਾ, ਰਜਿੰਦਰ ਕੁਮਾਰ ਏਈਓ ਘਰਿਆਲਾ, ਬੀਟੀਐਮ ਗੁਰਪ੍ਰੀਤ ਸਿੰਘ ਅਤੇ ਖੇਤੀ ਉਪ ਨਿਰੀਖਕ ਨਿਸ਼ਾਨ ਸਿੰਘ ਨੇ ਵਿਸ਼ਵਾਸ ਦੁਆਇਆ ਕਿ ਇਸ ਸੰਬੰਧੀ ਇਲਾਕੇ ਦੇ ਕਿਸਾਨਾਂ ਨਾਲ ਤਾਲਮੇਲ ਕਰਕੇ ਜਾਣਕਾਰੀ ਦਿੱਤੀ ਜਾਵੇਗੀ।

# ਕੀਰਤਨ ਤੇ ਕਥਾ ਵਿਚਾਰ ਸਮਾਗਮ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਅੱਜ ਗੁਰਦੁਆਰਾ ਹੋਲਗੜ੍ਹ ਸੰਪਰਦਾਏ ਹਰਖੋਵਾਲ ਖੁਜਾਲਾ ਵਿਖੇ ਸੰਤ ਸਮਾਜ ਦੇ ਬੁਲਾਰੇ ਸੰਤ ਬਾਬਾ ਗੁਰਭੇਜ ਸਿੰਘ ਖੁਜਾਲਾ ਦੀ ਰਹਿਨੁਮਾਈ ਹੇਠ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਾਲਿਆਂ ਅਤੇ 1984 'ਚ ਹੋਏ ਸ਼ਹੀਦ ਨੌਜਵਾਨ, ਬਜ਼ੁਰਗ ਬੀਬੀਆਂ, ਬੱਚਿਆਂ ਦੀ ਯਾਦ ਵਿੱਚ ਲੜੀਵਾਰ ਕੀਰਤਨ ਕਥਾ ਵੀਚਾਰ ਹੋਏ। ਇਸ ਦੌਰਾਨ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਲਵਪ੍ਰੀਤ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਕੀਰਤਨ ਸਰਵਣ ਕਰਾਇਆ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸੂਰਜ ਪ੍ਰਕਾਸ਼ ਗ੍ਰੰਥ ਵਿੱਚੋਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਪਾਵਨ ਕਥਾ ਵੀਚਾਰ ਸੰਗਤਾਂ ਨੂੰ ਸਰਵਨ ਕਰਾਏ ਅਤੇ ਸੰਤ ਗਿਆਨੀ ਹਰਨਾਮ ਸਿੰਘ ਨੂੰ ਆਏ ਹੋਏ ਸਮੂਹ ਸੰਤਾਂ, ਮਹਾਂਪੁਰਸ਼ਾਂ ਨੇ ਸਨਮਾਨਤ ਕੀਤਾ। ਸੰਤ ਬਾਬਾ ਗੁਰਭੇਜ ਸਿੰਘ ਨੇ ਸਮੂਹ ਸੰਤਾਂ ਮਹਾਂਪੁਰਸ਼ਾਂ ਅਤੇ ਇਲਾਕੇ ਦੇ ਸਮੂਹ ਮੋਹਤਬਰਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ। ਇਸ ਦੌਰਾਨ ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਵਾਲੇ, ਸੰਤ ਬਾਬਾ ਗੁਰਦੀਪ ਸਿੰਘ ਖੁਜਾਲਾ ਵਾਲੇ, ਬਾਬਾ ਸੁਖਵੰਤ ਸਿੰਘ ਚੰਨਣਕੇ ਵਾਲੇ, ਸੰਤ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲੇ, ਸੰਤ ਬਾਬਾ ਸਵਰਨ ਸਿੰਘ ਮਲਕਪੁਰ ਵਾਲੇ, ਸੰਤ ਬਾਬਾ ਗੁਰਦੇਵ ਸਿੰਘ ਤਰਸਿੱਕਾ ਵਾਲੇ, ਭਾਈ ਮਲਕੀਤ ਸਿੰਘ ਜੱਬੋਵਾਲ, ਸ਼੍ਰੋਮਣੀ ਕਮੇਟੀ ਮੈਂਬਰ ਹਲਕਾ ਮੱਤੇਵਾਲ ਭਗਵੰਤ ਸਿੰਘ ਸਿਆਲਕਾ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਭਾਈ ਸੁਖਦੇਵ ਸਿੰਘ ਆਨੰਦਪੁਰ ਸਾਹਿਬ ਵਾਲੇ, ਜਥੇਦਾਰ ਭਾਈ ਬੋਹੜ ਸਿੰਘ, ਭਾਈ ਸਤਨਾਮ ਸਿੰਘ, ਭਾਈ ਪ੍ਰਭਜੋਤ ਸਿੰਘ, ਭਾਈ ਗੁਰਸੇਵਕ ਸਿੰਘ, ਭਾਈ ਭਾਗ ਸਿੰਘ ਸਿਆਲਕਾ, ਪਿੰਸੀਪਲ ਗੁਰਦੀਪ ਸਿੰਘ, ਡਾ. ਅਵਤਾਰ ਸਿੰਘ ਬੁੱਟਰ, ਹਰਸ਼ਦੀਪ ਸਿੰਘ ਰੰਧਾਵਾ ,ਗੁਰਪ੍ਰੀਤ ਸਿੰਘ ਸ਼ਾਹ ਚੰਨਣਕੇ, ਮਨਵੀਰ ਸਿੰਘ ਚੰਨਣਕੇ ਅਤੇ ਸਮੂਹ ਦਮਦਮੀ ਟਕਸਾਲ ਦੇ ਵਿਦਿਆਰਥੀ, ਇਲਾਕੇ ਦੇ ਸਮੂਹ ਮੋਹਤਬਰ ਹਾਜ਼ਰ ਸਨ।

# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਡਾ. ਬਲਜੀਤ ਕੌਰ ਦੇ ਘਰ ਦਾ ਘਿਰਾਓ 14 ਨੂੰ



**ਗੁਰਦਾਸਪੁਰ, (ਜਨਕ ਮਹਾਜਨ)**- ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ 14 ਮਈ ਨੂੰ ਫਰੀਦਕੋਟ ਵਿਖੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਘਰ ਦਾ ਘਿਰਾਓ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕੀਤਾ ਜਾਵੇਗਾ। ?ਪਰੋਕਤ ਜਾਣਕਾਰੀ ਯੂਨੀਅਨ ਦੀ ਬਲਾਕ ਪ੍ਰਧਾਨ/ਜ਼ਿਲ੍ਹਾ ਪ੍ਰਧਾਨ ਸੁਨਿਰਮਲ ਕੌਰ ਨੇ ਦਿੱਤੀ। ?ਨ੍ਹਾ ਦੱਸਿਆ ਕਿ ਪੰਜਾਬ ਭਰ ਦੀਆਂ ਲਗਭਗ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪਿਛਲੇ ਦੋ ਮਹੀਨਿਆਂ ਤੋਂ ਬੜੀ ਬੇਸਬਰੀ ਨਾਲ ਤਨਖਾਹਾਂ ਨੂੰ ?ਡੀਕ ਰਹੀਆਂ ਹਨ । ਪਰ ਪੰਜਾਬ ਸਰਕਾਰ ਅਤੇ ਸੰਬੰਧਤ ਵਿਭਾਗ ਦੇ ??ਚ ਅਧਿਕਾਰੀਆਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ?ਨ੍ਹਾ ਕਿਹਾ ਕਿ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਤਨਖਾਹਾਂ ਮਿਲ ਚੁੱਕੀਆਂ ਹਨ ਪਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਰਚ ਅਤੇ ਅਪ੍ਰੈਲ ਮਹੀਨੇ ਦੀਆਂ ਤਨਖਾਹਾਂ ਅਜੇ ਤੱਕ ਨਹੀਂ ਮਿਲੀਆਂ । ?ਨ੍ਹਾ ਕਿਹਾ ਕਿ ਪੰਜਾਬ ਅੰਦਰ ਐਨ ਜੀ ਓ ਅਧੀਨ ਚੱਲ ਰਹੇ 8 ਬਲਾਕਾਂ ਜਿਨ੍ਹਾਂ ਵਿਚ ਬਠਿੰਡਾ, ਖੂਈਆਂ ਸਰਵਰ, ਮੱਖੂ, ਭਿੱਖੀਵਿੰਡ, ਹਰਸਾਛੀਨਾ, ਤਰਸਿੱਕਾ, ਸਿੱਧਵਾਂ ਬੇਟ ਅਤੇ ਡੇਰਾ ਬਾਬਾ ਨਾਨਕ ਸ਼ਾਮਲ ਹਨ, ਦੀਆਂ ਵਰਕਰਾਂ ਤੇ ਹੈਲਪਰਾਂ ਨੂੰ ਤਾਂ ਪਿਛਲੇ 7 ਮਹੀਨਿਆਂ ਅਕਤੂਬਰ 2022 ਤੋਂ ਲੈ ਕੇ ਅਜੇ ਤੱਕ ਤਨਖਾਹਾਂ ਨਹੀਂ ਮਿਲੀਆਂ । ?ਨ੍ਹਾ ਕਿਹਾ ਕਿ ?ਹ ਪਿਛਲੇ 10 ਦਿਨਾਂ ਤੋਂ ਲਗਾਤਾਰ ਚੰਡੀਗੜ੍ਹ ਮੁੱਖ ਦਫ਼ਤਰ ਵਿਖੇ ਸੰਪਰਕ ਕਰ ਰਹੇ ਹਨ ਪਰ ਇਹ ਹੀ ਜਵਾਬ ਮਿਲਦਾ ਹੈ ਕਿ ਫਾਈਲ ਸਰਕਾਰ ਕੋਲ ਭੇਜੀ ਹੋਈ ਹੈ। ?ਨ੍ਹਾ ਕਿਹਾ ਕਿ ਪੰਜਾਬ ਸਰਕਾਰ ਅਤੇ ਵਿਭਾਗ ਦੇ ਅਧਿਕਾਰੀਆਂ ਦੇ ਲਾਰਿਆਂ ਲੱਪਿਆ ਤੋਂ ਅੱਕ ਕੇ ਜਥੇਬੰਦੀ ਵੱਲੋਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਘਰ ਅੱਗੇ 14 ਮਈ ਨੂੰ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ ਹੈ।

## ਖ਼ੂਨਦਾਨ ਕਰ ਕੇ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ

**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**- ਰੈੱਡ ਕਰਾਸ ਦਿਵਸ ਤੇ ਇੰਡੀਅਨ ਰੈੱਡ ਕਰਾਸ ਸੋਸਾਇਟੀ ਵੱਲੋਂ ਗੁਰਦਾਸਪੁਰ ਵਿੱਖੇ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਸ਼ੇਰ-ਏ ਪੰਜਾਬ ਸਪੋਰਟਸ ਐਂਡ ਵੈਲਫੇਅਰ ਕਲੱਬ ਖੋਖਰ ਫੌਜੀਆਂ ਦੇ ਮੈਂਬਰਾਂ ਨੇ ਖ਼ੂਨ ਦਾਨ ਕਰ ਕੇ ਆਪਣਾ ਯੋਗਦਾਨ ਪਾਇਆ। ਕਲੱਬ ਪ੍ਰਧਾਨ ਸਿਮਰਨਦੀਪ ਸਿੰਘ ਨੇ ਕਿਹਾ ਕਿ ਖ਼ੂਨਦਾਨ ਕਰਨਾ ਬਹੁਤ ਹੀ ਭਲਾਈ ਵਾਲਾ ਕਾਰਜ ਹੈ ਅਤੇ ਤੁਹਾਡਾ ਦਾਨ ਕੀਤਾ ਖ਼ੂਨ ਕਿਸੇ ਦੀ ਜਾਨ ਬਚਾ ਸਕਦਾ ਹੈ। ਸਾਨੂੰ ਨਿਰਸਵਾਰਥ ਭਾਵਨਾ ਨਾਲ ਮਰੀਜ਼ਾਂ ਅਤੇ ਜ਼ਖ਼ਮੀਆਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਤੋਂ ਪ੍ਰਾਪਤ ਖ਼ੂਨ ਐਕਸੀਡੈਂਟ ਕੇਸ, ਗਰਭਵਤੀ ਔਰਤਾਂ, ਕੈਂਸਰ ਰੋਗੀਆਂ ਦੀ ਜਾਨ ਬਚਾਉਣ ਲਈ ਕੰਮ ਆਵੇਗਾ। ਉਨ੍ਹਾ ਦੱਸਿਆ ਕਿ ਇਹ ਦਿਨ ਹਰ ਸਾਲ 8 ਮਈ ਨੂੰ ਬਿਮਾਰਾਂ ਅਤੇ ਜ਼ਖ਼ਮੀਆਂ ਦਾ ਮੁਫਤ ਇਲਾਜ ਕਰਵਾਉਣ ਦੇ ਮੁੱਖ ਉਦੇਸ਼ ਨਾਲ ਮਨਾਇਆ ਜਾਂਦਾ ਹੈ । ਇਸ ਮੌਕੇ ਸਿਮਰਨਦੀਪ ਸਿੰਘ, ਗੁਰਪ੍ਰੀਤ ਸਿੰਘ ਹੁੰਦਲ, ਕਮਰਦੀਪ ਸਿੰਘ, ਗੁਰਵਿੰਦਰ ਸਿੰਘ, ਗੁਲਸ਼ਨ ਕੁਮਾਰ, ਮੋਰਿਸ ਗਿੱਲ, ਗੁਰਪ੍ਰੀਤ ਸਿੰਘ, ਗੁਰਪਾਲ ਸਿੰਘ ਪਾਲੀ ਆਦਿ ਕਲੱਬ ਮੈਂਬਰਾਂ ਨੇ ਖ਼ੂਨ ਦਾਨ ਕੀਤਾ।

# ਹੈਰੋਇਨ, ਡਰੱਗ ਮਨੀ ਸਮੇਤ 3 ਗ੍ਰਿਫਤਾਰ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਦਰ ਗੁਰਦਾਸਪੁਰ ਦੇ ਏ . ਐੱਸ . ਆਈ . ਸਤਪਾਲ ਵੱਲੋਂ ਹਰਦੋਛੰਨੀਆ ਚੌਕ ਬਾਈਪਾਸ 'ਤੇ ਲਗਾਏ ਨਾਕੇ ਦੌਰਾਨ ਮੇਜਰ ਸਿੰਘ ਪੁੱਤਰ ਜਰਨੈਲ ਸਿੰਘ, ਜਗਦੀਪ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਆਦੀਆਂ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਪਾਸੋਂ ਮੋਮੀ ਲਿਫਾਫਾ ਮਿਲਿਆ ਜਿਸ ਵਿੱਚੋਂ 600 ਗ੍ਰਾਮ ਅਫੀਮ ਅਤੇ 15000 ਡਰੱਗ ਮਨੀ ਬਰਾਮਦ ਹੋਈ । ਉਕਤ ਵਿਅਕਤੀਆਂ ਖਿਲਾਫ ਐੱਨ. ਡੀ . ਪੀ . ਐੱਸ . ਐਕਟ ਮਾਮਲਾ ਦਰਜ ਕਰਦਿਆਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ । ਇਸੇ ਤਰ੍ਹਾਂ ਥਾਣਾ ਬਹਿਰਾਮਪੁਰ ਦੇ ਐੱਸ . ਆਈ . ਸਰਬਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਕੈਰੇ ਤੋਂ ਰਿੰਕੂ ਪੁੱਤਰ ਸੁਚੇਤ ਪਾਸੋਂ 5 ਗ੍ਰਾਮ 50 ਮਿਲੀਗ੍ਰਾਮ ਹੈਰੋਇਨ ਬਰਾਮਦ ਤੋਂ ਇਲਾਵਾ 16500 ਰੁਪਏ ਦੀ ਡਰੱਗ ਮਨੀ ਮਿਲੀ । ਪੁਲਸ ਵਲੋਂ ਉਕਤ ਵਿਅਕਤੀਆ ਦੇ ਖਿਲਾਫ ਐੱਨ . ਡੀ . ਪੀ . ਐੱਸ ਅਤੇ ਅਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਹਾੜ੍ਹੀ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਦੀ ਅਪੀਲ



**ਮਜੀਠਾ (ਸੋਇਮ ਆਨੰਦ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਜਿਲ੍ਹਾ ਮੁੱਖ ਖੇਤੀਬਾੜੀ ਅਫਸਰ ਡਾ: ਜਤਿੰਦਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਖੇਤੀਬਾੜੀ ਅਫਸਰ ਮਜੀਠਾ ਡਾ. ਤਜਿੰਦਰ ਸਿੰਘ ਅਤੇ ਖੇਤੀ ਮਾਹਰਾਂ ਨੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਹਾੜ੍ਹੀ ਦੀਆਂ ਫਸਲਾਂ ਦੀ ਵਾਢੀ ਤੋਂ ਬਾਅਦ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਕਿਉਂਕਿ ਇਸ ਨਾਲ ਜ਼ਮੀਨ ਵਿੱਚ ਮੌਜੂਦ ਸੂਖਮ ਜੀਵ ਅਤੇ ਮਿੱਤਰ ਕੀੜੇ ਖਤਮ ਹੋ ਜਾਂਦੇ ਹਨ।

ਜਿਸ ਨਾਲ ਮਿੱਟੀ ਦੀ ਸਿਹਤ ਵੀ ਖਰਾਬ ਹੁੰਦੀ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਜਾਂਦੀ ਹੈ। ਖੇਤੀ ਮਾਹਰਾਂ ਨੇ ਦੱਸਿਆ ਕਿ ਅਜੋਕੇ ਸਮੇ ਵਿਚ ਦੇਸੀ ਰੂੜੀ ਦੀ ਬਹੁਤ ਕਮੀ ਹੈ ਫਸਲਾਂ ਦੀ ਰਹਿੰਦ ਖੂੰਹਦ ਹੀ ਇੱਕ ਮਾਤਰ ਜ਼ਰੀਆ ਹੈ ਜਿਸ ਨੂੰ ਖੇਤਾਂ ਵਿੱਚ ਰਲਾ ਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਂਦੇ ਹੋਏ ਇਸ ਨੂੰ ਖੇਤਾਂ ਵਿਚ ਮਿਲਾ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਝੋਨੇ ਦੀ ਬਿਜਾਈ ਵਿਚ ਕਾਫੀ ਸਮਾਂ ਅਜੇ ਬਾਕੀ ਹੈ, ਜਿਸ ਦੌਰਾਨ ਜੰਤਰ, ਮੂੰਗੀ ਆਦਿ ਫਸਲਾਂ ਨੂੰ ਹਰੀ ਖਾਦ ਦੇ ਤੌਰ 'ਤੇ ਬੀਜਣ ਉਪਰੰਤ ਝੋਨੇ ਦੀ ਬਿਜਾਈ ਤੋਂ ਪਹਿਲਾਂ ਖੇਤਾਂ ਵਿੱਚ ਵਾਹ ਕੇ ਮਿੱਟੀ ਵਿਚ ਜੈਵਿਕ ਮਾਦੇ ਅਤੇ ਮਿੱਤਰ ਕੀੜਿਆਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਸਕਦਾ ਹੈ। ਇਸ ਮੌਕੇ ਉਕਤ ਖੇਤੀ ਮਾਹਰਾਂ ਤੋਂ ਇਲਾਵਾ ਏ ਡੀ ਓ ਹਰਜਿੰਦਰ ਸਿੰਘ, ਏ ਡੀ ਓ ਅਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ ਬੀ ਟੀ ਐਮ, ਅਮਰਦੀਪ ਸਿੰਘ ਗਿੱਲ ਮਜੀਠਾ ਏ ਈ ਓ, ਦਵਿੰਦਰ ਸਿੰਘ ਏ ਈ ਓ, ਸ਼ਰਨਜੀਤ ਸਿੰਘ ਏ ਈ ਓ, ਕਮਲ ਕਾਹਲੋਂ ਏ ਈ ਓ, ਜਸ਼ਨਪ੍ਰੀਤ ਕੌਰ, ਮੇਲਾਰਾਮ, ਤਿਲਕ ਰਾਜ, ਬਲਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ ਦੇ ਬਰਸੀ ਸਮਾਗਮ ਸੰਪੰਨ

## ਬੁੱਢਾ ਦਲ ਕਿਸੇ ਸੰਪਰਦਾ ਜਾਂ ਜਥੇਬੰਦੀ ਦਾ ਨਾਂਅ ਨਹੀਂ, ਪੰਥ ਦਾ ਲਖਾਇਕ ਹੈ : ਗਿਆਨੀ ਹਰਪ੍ਰੀਤ ਸਿੰਘ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਦੇ 12ਵੇਂ ਮੁਖੀ ਬਾਬਾ ਚੇਤ ਸਿੰਘ ਅਤੇ 13ਵੇਂ ਮੁਖੀ ਮਰਹੂਮ ਬਾਬਾ ਸੰਤਾ ਸਿੰਘ ਦੀ ਕ੍ਰਮਵਾਰ 55ਵੀਂ ਤੇ 15ਵੀਂ ਬਰਸੀ ਨੂੰ ਸਮਰਪਿਤ ਸਮਾਗਮ ਬੁੱਢਾ ਦਲ ਦੇ ਮੁੱਖ ਅਸਥਾਨ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾ: ਦਸਵੀਂ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ ਜੋ ਅੱਜ ਭਲੀਭਾਂਤ ਸੰਪੂਰਨ ਹੋ ਗਏ ਹਨ। ਬਰਸੀ ਸਮਾਗਮਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਤੋਂ ਇਲਾਵਾ ਸਿੱਖ ਪੰਥ ਦੀਆਂ ਪ੍ਰਸਿੱਧ ਧਾਰਮਿਕ ਸ਼ਖ਼ਸੀਅਤਾਂ ਤੇ ਇਲਾਕੇ ਦੀ ਸੰਗਤ ਨੇ ਵੱਡੀ ਤਾਦਾਦ ਵਿਚ ਸ਼ਮੂਲੀਅਤ ਕਰਦਿਆਂ ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬਰਸੀ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਉਪਰੰਤ ਭਾਈ ਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਬਾਬਾ ਮੱਘਰ ਸਿੰਘ ਹੈੱਡ ਗ੍ਰੰਥੀ ਬੁੱਢਾ ਦਲ, ਬਾਬਾ ਜਗਜੀਤ ਸਿੰਘ ਮਾਨਸਾ ਅਤੇ ਬਾਬਾ ਮਨਮੋਹਨ ਸਿੰਘ ਬਾਰਨਵਾਲਿਆਂ, ਸੰਤ ਬਾਬਾ ਜੋਗਾ ਸਿੰਘ ਕਰਨਾਲ ਵਾਲਿਆਂ, ਬਾਬਾ ਵਰਿਆਮ ਸਿੰਘ ਗੁਰੂ ਨਾਨਕ ਦਲ ਮੜੀਆਂ ਵਾਲਾ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਪੰਥ ਪ੍ਰਸਿੱਧ ਸ਼੍ਰੋਮਣੀ ਢਾਡੀ ਬਾਬਾ ਤਰਸੇਮ ਸਿੰਘ ਮੋਰਾਂਵਾਲੀ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ, ਗੁਰ-ਇਤਿਹਾਸ ਨਾਲ ਜੋੜਿਆ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੁੱਢਾ ਦਲ ਕਿਸੇ ਸੰਪਰਦਾ ਜਾਂ ਜਥੇਬੰਦੀ ਦਾ ਨਾਮ ਨਹੀਂ ਇਹ ਪੰਥ ਦਾ ਲਖਾਇਕ ਹੈ। ਉਨ੍ਹਾਂ ਕਿਹਾ ਕਿ ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ 96 ਕਰੋੜੀ ਪੰਥ ਦੀਆਂ ਮਹਾਨ ਸਖ਼ਸ਼ੀਅਤਾਂ ਹਨ। ਉਨ੍ਹਾਂ ਵੱਲੋਂ ਬਣਾਈਆਂ ਜਾਇਦਾਦਾਂ ਦੀ ਸਾਂਭ-ਸੰਭਾਲ ਅਤੇ ਅੱਗੇ ਹੋਰ ਵਾਧਾ ਕਰਨ ਲਈ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਚੰਗੀ ਸੇਵਾ ਨਿਭਾ ਰਹੇ ਹਨ। ਇਸ ਮੌਕੇ ਬਾਬਾ ਮੱਘਰ ਸਿੰਘ ਹੈਡ ਗ੍ਰੰਥੀ ਬੁੱਢਾ ਦਲ, ਬਾਬਾ ਵਰਿਆਮ ਸਿੰਘ ਗੁਰੂ ਨਾਨਕ ਦਲ ਮੜੀਆ ਵਾਲਾ, ਭਾਈ ਜਸਕਰਨ ਸਿੰਘ ਰਾਗੀ, ਬਾਬਾ ਵਰਿਆਮ ਸਿੰਘ ਪਟਿਆਲਾ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਸਮਾਗਮ ਵਿਚ ਜਥੇਦਾਰ ਬਾਬਾ ਜੋਗਾ ਸਿੰਘ ਮੁਖੀ ਮਿਸਲ ਸ਼ਹੀਦਾਂ ਬਾਬਾ ਦੀਪ ਸਿੰਘ ਬਾਬਾ ਬਕਾਲਾ, ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਵੱਸਣ ਸਿੰਘ ਮੜੀਆਂਵਾਲੇ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਬਾਬਾ ਮੱਘਰ ਸਿੰਘ ਹੈੱਡ ਗ੍ਰੰਥੀ ਬੁੱਢਾ ਦਲ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਇੰਦਰ ਸਿੰਘ, ਬਾਬਾ ਖੜਕ ਸਿੰਘ ਗੁਰੂਸਰ, ਬਾਬਾ ਪ੍ਰਗਟ ਮਜੀਠਾ ਰੋਡ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਕਰਮ ਸਿੰਘ ਜੀਰਕਪੁਰ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਖੜਕ ਸਿੰਘ ਤਰਨਾ ਦਲ, ਬਾਬਾ ਇੰਦਰ ਸਿੰਘ ਸਤਲਾਣੀ, ਬਾਬਾ ਛਿੰਦਾ ਸਿੰਘ ਝੂਲਣੇ ਮਹਿਲ, ਬਾਬਾ ਮਲੂਕ ਸਿੰਘ ਲਾਡੀ ਅਨੰਦਪੁਰ, ਬਾਬਾ ਦਲੇਰ ਸਿੰਘ, ਬਾਬਾ ਪਿਆਰਾ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਸ਼ੰਘਰਸ਼ੀ ਯੋਧਾ ਹਰਨੇਕ ਸਿੰਘ ਪੱਪੂ, ਸੰਤ ਮੱਖਣ ਸਿੰਘ ਸੱਤੋਵਾਲੀ ਗਲੀ, ਗਿ: ਭਰਪੂਰ ਸਿੰਘ, ਬਾਬਾ ਬਲਦੇਵ ਸਿੰਘ ਤਰਨਾ ਦਲ ਵੱਲਾ, ਬਾਬਾ ਲਖਬੀਰ ਸਿੰਘ ਫਗਵਾੜਾ, ਬਾਬਾ ਗੁਰਪਿੰਦਰ ਸਿੰਘ ਸਤਲਾਣੀ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਇੰਦਰਬੀਰ ਸਿੰਘ ਸਤਲਾਣੀ, ਜਰਨੈਲ ਸਿੰਘ ਬਰੇਟਾ, ਬਾਬਾ ਜਗਜੀਤ ਸਿੰਘ ਮਾਨਸਾ, ਬਾਬਾ ਰਘੁਬੀਰ ਸਿੰਘ ਖਿਆਲ ਵਾਲੇ, ਬਾਬਾ ਅਰਜਨ ਸਿੰਘ ਸ਼ਿਵਜੀ, ਬਾਬਾ ਭਗਤ ਸਿੰਘ ਰਾਜਪੁਰਾ, ਬਾਬਾ ਕਾਕਾ ਸਿੰਘ ਮਸਤੂਆਣਾ ਸਾਹਿਬ, ਬਾਬਾ ਬਘੇਲ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਗੁਰਸ਼ੇਰ ਸਿੰਘ, ਬਾਬਾ ਅਰਜਨ ਸਿੰਘ ਪਟਿਆਲਾ, ਬਾਬਾ ਭਗਤ ਸਿੰਘ ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਬਾਬਾ ਗੁਰਬਖ਼ਸ਼ ਸਿੰਘ ਬੱਚੀਵਿੰਡ, ਬਾਬਾ ਗੁਰਪ੍ਰੀਤ ਸਿੰਘ ਮੁਮਤਾਜਗੜ੍ਹ, ਭਾਈ ਮੇਜਰ ਸਿੰਘ ਮੁਖਤਿਆਰੇਆਮ, ਭਾਈ ਸੁਖਵਿੰਦਰ ਸਿੰਘ ਮੋਰ, ਭਾਈ ਸਰਵਣ ਸਿੰਘ ਮਝੈਲ ਤੋਂ ਇਲਾਵਾ ਇਲਾਕੇ ਦੀ ਸੰਗਤ ਮੌਜੂਦ ਸੀ।


## ਸਰਹਿੰਦ ਵਿਜਯ ਦਿਵਸ ਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ (ਸ਼੍ਰੀਮਾਨ ਲਕਸ਼ਮਣ ਦੇਵ ਭਾਰਦਵਾਜ) ਤੇ ਸਾਰੇ ਧਰਮਵੀਰ ਸਾਥੀਆਂ ਸੈਨਿਕਾ ਤੇ ਸ਼ਹੀਦਾ ਨੂੰ ਪੈਰੀ ਮੱਥਾਟੇਕ ਤੇ ਲਖੋਂ ਲੱਖ ਪ੍ਰਣਾਮ (12 ਮਈ 1710-16 ਮਈ 1710)

॥ ਵੰਸ਼ਜ ਸਪਤ ਮਹਾਰਿਸ਼ੀ ਭਾਰਦਵਾਜ ਜੀ ॥

ਦਿੱਲੀ ਲਾਲ ਕਿਲਾ ਵਿਜਯ ਦਿਵਸ ਤੇ ਹਿੰਦੁਸਤਾਨ ਦੀ ਪਹਿਲੀ ਅਜਾਦੀ ਜੰਗ ਲੜਾਈ ਸੰਗਰਾਮ ਦੇ ਮਹਾਜਰਨੈਲ ਮੰਗਲ ਪਾਂਡੇ ਬ੍ਰਾਹਮਣ ਦੇ ਸਾਥੀਆਂ-ਸੈਨਿਕਾਂ-ਸ਼ਹੀਦਾਂ ਨੂੰ ਪੈਰੀ ਮੱਥਾਟੇਕ ਤੇ ਲਖੋਂ ਲੱਖ ਪ੍ਰਣਾਮ (10 ਮਈ 1857)

ਸਰਹਿੰਦ ਤੇ ਅਫਗਾਨਿਸਤਾਨ-ਪੰਜਾਬ-ਗੰਧਾਰ ਦੇ ਬ੍ਰਾਹਮਣ ਹਿੰਦੂਸ਼ਾਹੀ ਸਾਮਰਾਜ ਦਾ ਇਤਿਹਾਸ

ਪ੍ਰਾਚੀਨਕਾਲ ਸਮੇ ਵਿਚ ਮਹਾਰਿਸ਼ੀ ਪਰਾਸ਼ਰ ਦੀ ਕਿਤਾਬ ਪਰਾਸ਼ਰ ਤੰਤਰਾ ਤੇ ਮਹਾਗੁਰੂ ਵਰਾਹ ਮਾਹਿਰਾਂ ਦੀ ਕਿਤਾਬ ਵਰਿਹਤ ਸਹਿੰਤਾ ਮੁਤਾਬਕ ਸਰਹਿੰਦ ਦਾ ਪ੍ਰਾਚੀਨ ਨਾਮ ਸਤੁਦਰ ਦੇਸ਼ ਸੀ ਜਿਸਦੇ ਨਾਲ ਸਤਲੁਜ ਦਰਿਆ ਨਦੀ ਜਿਸਦਾ ਪ੍ਰਾਚੀਨ ਨਾਮ ਸਤਾਦਰੁ ਦਰਿਆ ਨਦੀ ਵਗਦੀ ਜਾਂਦੀ ਸੀ।

ਮਧਿਆਕਾਲ ਸਮੇ ਵਿਚ ਅਰਬੀ ਇਤਿਹਾਸਕਾਰ ਅਲ ਵਰੁਨੀ (ਈ. 973-ਈ. 1048) ਦੀ ਕਿਤਾਬ ਤਰਿਖੇ-ਏ-ਹਿੰਦ ਕਿਤਾਬ ਦੇ ਅਨੁਸਾਰ ਮੁਤਾਬਕ ਈਸਵੀ 822 ਨੂੰ ਮਹਾਰਾਜਾ ਕਲਾਰਦੇਵ ਸ਼ਾਹ ਬ੍ਰਾਹਮਣ (ਲਾਲੀਆਂ) ਨੇ ਇਸਲਾਮੀ ਤੁਰਕ ਸ਼ਾਹੀ ਮਹਾਰਾਜਾ ਨੂੰ ਕਤਲ ਕਰਕੇ ਅਫਗਾਨਿਸਤਾਨ - ਪੰਜਾਬ - ਗੰਧਾਰ ਤੇ ਬ੍ਰਾਹਮਣ ਹਿੰਦੂ ਸ਼ਾਹੀ ਸਾਮਰਾਜ ਦੀ ਸਥਾਪਨਾ ਨੀਵ ਰਖੀ। ਅਤੇ 1026 ਈਸਵੀ ਤੱਕ ਅੱਠ (8) ਰਾਜਿਆਂ ਨੇ ਰਾਜ ਕੀਤਾ। ਅਤੇ ਮੋਹਮਦ ਗੋਰੀ ਤੇ ਮਹਿਮੂਦ ਗਜ਼ਨਵੀ ਨਾਲ ਬਹੁਤ ਸਾਰੀਆਂ ਲੜਾਈਆਂ ਜੰਗ ਲੜਿਆ ਤੇ ਜਿਤਿਆ ਹਾਰਿਆ। ਸਰਹਿੰਦ ਬ੍ਰਾਹਮਣ ਹਿੰਦੂਸ਼ਾਹੀ ਸਾਮਰਾਜ ਦੀ ਪੂਰਬੀ ਸਰਹੱਦ ਤੇ ਸੈਨਿਕ ਛਾਉਣੀ ਸੀ। ਈਨਾ ਨੇ ਬ੍ਰਾਹਮਣ ਹਿੰਦੂ ਸ਼ਾਹੀ ਸਾਮਰਾਜ ਦੇ ਚਾਂਦੀ ਦੇ ਸਿੱਕੇ ਘੜੇ ਤੇ ਚਲਾਏ। ਇਨਾ ਸਿੱਕਿਆਂ ਤੇ ਪਗੜੀ ਧਾਰੀ ਘੋੜਸਵਾਰ ਤੇ ਬੈਲ ਤ੍ਰਿਸ਼ੂਲ ਦੀ ਤਸਵੀਰ ਦੇ ਨਾਗਰੀ ਲਿਪੀ ਵਿਚ ਰਾਜ ਭਾਸ਼ਾ ਸੰਸਕ੍ਰਿਤ ਲਿਖਤ ਲਿਖੀ ਹੋਇ ਹੁੰਦੀ ਸੀ। ਇਨ੍ਹਾਂ ਦੇ ਸਾਮਰਾਜ ਵਿਚ ਬਹੁਤ ਸਾਰੀਆਂ ਮਾਂ ਬੋਲੀਆਂ ਬੋਲਿਆ ਜਾਂਦੀ ਸੀ। ਇਨਾ ਦੇ ਸੈਨਿਕ ਪਰਿਵਾਰੀਕ - ਵਿਵਾਹਿਕ ਰਿਸ਼ਤੇ ਕਸ਼ਮੀਰ ਸਾਮਰਾਜ ਦੇ ਲੋਹਾਰ ਰਾਜਸ਼ਾਹੀ ਰਾਜਿਆ ਨਾਲ ਸੀ। ਮਹਾਰਾਜਾ ਭੀਮਾਦੇਵਸ਼ਾਹ ਬ੍ਰਾਹਮਣ ਦੀ ਪੋਤੀ ਮਹਾਰਾਣੀ ਦੀਦਾ ਦਾ ਵਿਆਹ ਕਸ਼ਮੀਰ ਦੇ ਲੋਹਾਰ ਰਾਜਸ਼ਾਹੀ ਮਹਾਰਾਜਾ ਕਸ਼ੇਮਗੁਪਤ ਬ੍ਰਾਹਮਣ ਨਾਲ ਹੋਆ ਸੀ। ਇਨਾ ਦੀ ਰਾਜਧਾਨੀ ਕਾਬੁਲ - ਉਦਭਨਦਾਪੁਰਾ (ਹੁੰਦ) - ਲਾਹੌਰ - ਨੰਦਾਨਾ ਵਿਚ ਸਮੇਂ ਸਮੇਂ ਵਿਚ ਰਹੀ। ਈਸਵੀ 1008 ਵਿੱਚ, ਮਹਿਮੂਦ ਗਜ਼ਨਵੀ ਨੇ ਚੱਚ ਦੀ ਜੰਗ ਲੜਾਈ ਵਿੱਚ ਮਹਾਰਾਜਾ ਆਨੰਦਪਾਲਸ਼ਾਹ ਬ੍ਰਾਹਮਣ ਨੂੰ ਹਰਾ ਕੇ ਅਫਗਾਨਿਸਤਾਨ - ਪੰਜਾਬ - ਗੰਧਾਰ ਤੇ ਕਬਜਾ ਕਰ ਲਿਆ ਮਹਾਰਾਣੀ ਦੀਦਾ ਬ੍ਰਾਹਮਣ ਨੇ ਕਸ਼ਮੀਰ ਦੇ ਸੈਨਾਪਤੀ - ਪ੍ਰਧਾਨਮੰਤਰੀ ਤੁੰਗਾ ਨਾਲ, ਕਸ਼ਮੀਰੀ ਸੈਨਾ, ਮਹਾਰਾਜਾ ਆਨੰਦਪਾਲਸ਼ਾਹ ਬ੍ਰਾਹਮਣ ਦੀ ਸਹਾਇਤਾ ਵਾਸਤੇ ਭੇਜਿ। ਇਸ ਜੰਗ ਲੜਾਈ ਤੋਂ ਬਾਅਦ ਮਹਾਰਾਜਾ ਭੀਮਪਾਲਸ਼ਾਹ ਬ੍ਰਾਹਮਣ ਨੇ ਕਸ਼ਮੀਰ ਸਾਮਰਾਜ ਵਿਚ ਠਹਿਰ ਵਸ਼ੇਰਾ ਕੀਤਾ ਤੇ ਕਸ਼ਮੀਰ ਸਮਰਾਜ ਵਿਚ ਬੜੇ ਬੜੇ ਪਦ ਔਹਦੇ ਪਾਏ ਤੇ ਮਹਿਮੂਦ ਗਜ਼ਨਵੀ ਬਾਦਸ਼ਾਹ ਨਾਲ ਜੰਗਾਂ ਲੜਾਈਆਂ ਜਾਰੀ ਰੱਖਿਆ। ਮਹਿਮੂਦ ਗਜਨਵੀ ਨੂੰ ਮੋਹਮਦ ਗੋਰੀ ਨੇ ਹਰਾ ਕੇ ਅਫਗਾਨਿਸਤਾਨ - ਪੰਜਾਬ - ਗੰਧਾਰ ਤੇ ਇਸਲਾਮੀ ਬਾਦਸ਼ਾਹੀ ਸਥਾਪਤ ਕੀਤੀ ਤੇ ਇਸਵੀ 1191 ਤੋਂ 1192 ਵਿਚ ਮਹਾਰਾਜਾ ਪ੍ਰਿਥਵੀਰਾਜ ਸਿੰਘ ਚੌਹਾਨ ਅਜਮੇਰ ਦਿੱਲੀ ਦਾ ਹਿੰਦੁਰਾਜਪੁਤਸ਼ਾਹੀ ਸਾਮਰਾਜ ਨਾਲ ਤਰੋੜੀ - ਤਰਾਈ ਦੀ ਪਹਿਲੀ ਲੜਾਈ ਵਿਚ ਜਿੱਤ ਅਤੇ ਦੂਸਰੀ ਲੜਾਈ ਵਿਚ ਹਰ ਖਾਦੀ ਤੇ ਅਜਮੇਰ ਦਿੱਲੀ ਹਿੰਦੁਰਾਜਪੁਤਸਾਮਰਾਜ ਤੇ ਈ: 1200 ਵਿਚ ਇਸਲਾਮੀ ਬਾਦਸ਼ਾਹੀ ਨੀਂਹ - ਸਥਾਪਨਾ ਕੀਤੀ।

• ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਦਾ ਜਨਮ 16 ਅਕਤੂਬਰ 1670 ਨੂੰ ਪੁੰਛ ਰਾਜੋਰੀ ਵਿਚ ਪਿਤਾ ਸ੍ਰੀ ਰਾਮਦੇਵ ਭਾਰਦਵਾਜ ਅਤੇ ਮਾਤਾ ਸ਼੍ਰੀਮਤੀ ਸੁਲਕਸ਼ਣਾ ਦੇਵੀ ਭਾਰਦਵਾਜ ਦੇ ਘਰ ਹੋਆ ਮਾਤਾ ਮਹਾਰਿਸ਼ੀ ਮੋਦੀਗਿਲ ਦੇ ਵੰਸ਼ਜ ਸੀ.

• ਮਹਾਰਿਸ਼ੀ ਭਾਰਦਵਾਜ ਜੀ ਨੇ ਫੌਜੀ ਗ੍ਰੰਥ ਲਿਖਿਆ - ਧਨੁਰਵੇਦ - ਹਵਾਈ ਸੈਨਾ ਦੇ ਜਹਾਜ਼ ਦੀ ਕਿਤਾਬ - ਵਿਮਾਨਿਕਾ ਸ਼ਾਸਤਰ - ਭਾਰਧਵਾਜ ਸਾਹਿੰਤਾ - ਭਾਸ਼ਾ ਵਿਆਕਰਣ ਪੁਸਤਕ - ਭਾਰਦਵਾਜ ਸਿੱਖਿਆ - ਧਰਮਰਾਜ ਨੀਤੀ ਪੁਸਤਕ - ਨੈਤਿਕਤਾ - ਆਯੁਰਵੇਦ ਗ੍ਰੰਥ - ਚਰਕ ਸਾਹਿੰਤਾ, ਇੱਕ ਹਿੱਸਾ ਜੋ ਬਾਲ ਹਿੰਦੂ ਧਰਮ ਹੈ ਮੂਲ ਪਾਠ ਹੈ।

• ਮਹਾਗੁਰੂ ਦਰੋਣਾਚਾਰੀਆ ਭਾਰਧਵਾਜ - ਗੁਰੂ ਅਸ਼ਵਧਾਮਾ ਭਾਰਧਵਾਜ ਸਪਤ ਮਹਾਰਿਸ਼ੀ ਭਾਰਧਵਾਜ ਦੇ ਵੰਸ਼ਜ ਸਨ।ਮਹਾਰਾਜਾ ਪੁਸ਼ਿਆਮਿੱਤਰ ਸੁਗਾ ਭਾਰਦਵਾਜ - ਨੇ 185 ਈਸਾ ਪੂਰਵ ਵਿੱਚ ਮਗਧ ਰਾਜ ਦੀ ਸਥਾਪਨਾ ਕੀਤੀ ਅਤੇ ਉਸਦੇ ਪੁੱਤਰ ਮਹਾਰਾਜਾ ਅਗਨਿਮਿਤਰ ਭਾਰਦਵਾਜ - ਮਹਾਰਾਜਾ ਦੇਵਮੁਤੀ ਭਾਰਦਵਾਜ ਨੇ 73 ਈਸਾ ਪੂਰਵ ਤੱਕ 112 ਸਾਲ ਰਾਜ ਕੀਤਾ।

• ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਦੱਖਣ ਭਾਰਤ ਮਹਾਰਾਸ਼ਟਰ ਵਿੱਚ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਸਥਾਨ ਉੱਤੇ ਆਪਣਾ ਗੁਰੂਕੁਲ ਅਤੇ ਅਖਾੜਾ-ਛਾਉਣੀ ਗੋਉਸ਼ਾਲਾ ਸਥਾਪਿਤ ਕੀਤੀ ਅਤੇ ਭਾਰਤ ਦੇ ਸਾਰੇ ਰਾਜਾ ਵਿੱਚ ਹਜ਼ਾਰਾ ਗੁਰੂਕੁਲਨ ਵਣਈਆ ਜਿਸ ਵਿੱਚ ਪੰਜਾਬ ਹਿਮਾਚਲ ਜੰਮੂ ਹਰਿਆਣਾ ਉੱਤਰ ਪ੍ਰਦੇਸ਼ ਮੱਧ ਪ੍ਰਦੇਸ਼ ਰਾਜਸਥਾਨ ਗੁਜਰਾਤ ਸਿੰਧ ਲਾਹੌਰ ਦੇਹਲੀ ਜੈਲਮ। ਰਾਵਲਪਿੰਡੀ ਦੇ ਸਨਾਤਨ ਧਾਮੀ ਹਿੰਦੂ ਵੀਰ ਵਾਲਕ ਸ਼ਿਸ਼ਏ ਭਰਤੀ ਕਿਤੇ ਜਾਂਦੇ ਅਤੇ ਉਨ੍ਹਾਂ ਨੂੰ ਸ਼ਾਸਤਰ ਵਿਦਿਆ - ਅਸਤਰ ਸ਼ਾਸਤਰ ਵਿਦਿਆ - ਤਲਵਾਰਬਾਜ਼ੀ - ਘੋੜ ਸਵਾਰੀ - ਨੇਜੇਬਾਜੀ - ਬੰਦੂਕਬਾਜ਼ੀ - ਗੱਦਾਬਜੀ - ਕੁਸ਼ਤੀ - ਕਬੱਡੀ - ਯੋਗਾ ਸਿਖਾਇ ਜ਼ਾਦੀ। ਅਤੇ ਮੁਗਲਾ ਅਫਗਾਨਾ ਤੁਰਕਾ ਨਾਲ ਲੜਾਈਆਂ ਕੀਤੀਆਂ ਜਾਂਦੀਆਂ ਤੇ ਜਿੱਤੀਆਂ ਜਾਂਦੀਆਂ

• ਛਤਰਪਤੀ ਸ਼ਿਵਾਜੀ ਮਹਾਰਾਜ ਭੋਸਲੇ ਯਾਦਵ ਦੇ ਧਾਰਮਿਕ ਗੁਰੂ ਸਮਰਥ ਰਾਮਦਾਸ ਬ੍ਰਾਹਮਣ ਨੂੰ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਆਪਣਾ ਗੁਰੂ ਮੰਨ ਲਿਆ ਸੀ।

• ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਨੇ 12 ਮਈ ਤੋਂ 16 ਮਈ 1710 ਤੱਕ ਚੱਪੜਚਿੜੀ ਦੇ ਮੈਦਾਨ ਵਿੱਚ ਮੁਗਲੀਆ ਸਰਹਿੰਦ ਸੂਬੇਦਾਰ ਵਜ਼ੀਰ ਖਾਨ - ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ - ਨਵਾਬ ਰੋਪੜ ਨਵਾਬ ਰਾਏਕੋਟ ਦੀ ਫੌਜ ਨੂੰ ਹਰਾਇਆ ਇਸ ਲੜਾਈ ਵਿੱਚ ਸੂਬੇਦਾਰ ਵਜ਼ੀਰ ਖਾਨ ਮਾਰਿਆ ਗਿਆ ਅਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਨਵਾਬ ਮਲੇਰਕੋਟਲਾ ਨੂੰ ਚਾਰੇ ਬਾਹਾਂ ਅਤੇ ਲੱਤਾਂ ਨਾਲ ਗਰਦਨ ਮਰੋੜ ਕੇ ਅਪਾਹਜ ਕਰ ਦਿੱਤਾ ਅਤੇ ਕੁਝ ਮਹੀਨਿਆਂ ਬਾਅਦ ਉਸਦੀ ਮੌਤ ਹੋ ਗਈ।।

ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਨੇ ਸੂਬਾ ਸਰਹਿੰਦ ਨੂੰ ਜਿੱਤ ਕੇ ਪੰਚਾਇਤੀ ਲੋਕਰਾਜ ਸਥਾਪਤਿ ਕੀਤਾ - ਖਾਨਦਾਨੀ ਮਾਲਕੀ - ਜਾਮੀਨਦਾਰੀ - ਜਾਗੀਰਦਾਰੀ - ਗੁਲਾਮਸ਼ਿਰੀ ਪ੍ਰਥਾ ਨੂੰ ਖਤਮ ਕੀਤਾ ਸਾਰੀ ਜਮੀਨ ਗ੍ਰਾਮ ਪੰਚਾਇਤ ਦੀ ਮਾਲਕੀ ਕਰ ਦਿਤੀ ਪਿੰਡ ਦਾ ਹਰੇਕ ਜਾਤੀ ਧਰਮ ਦਾ ਆਦਮੀ ਪਰਿਵਾਰ ਗ੍ਰਾਮ ਪੰਚਾਇਤ ਕੋਲੋਂ ਜਮੀਨ ਲੈਕੇ ਕਿਸਾਨੀ ਖੇਤੀ ਕਰ ਸਕਦਾ ਸੀ।

• ਫਰਵਰੀ 1716 ਵਿਚ ਮੁਗਲ ਬਾਦਸ਼ਾਹ ਫਰੁਖਸੀਅਰ ਦੀ ਫੌਜ, ਮਹਾਰਾਜਾ ਬੰਦਾ ਬਹਾਦਰ ਭਾਰਦਵਾਜ - 750 ਧਰਮਵੀਰ ਸਿਪਾਹੀ - ਗੁਰੂਕੁਲ ਦੇ ਸਿਸਯ ਪੁੱਤਰ ਚਾਰ ਸਾਲ ਅਜੈਭਰਦਵਾਜ ਨੂੰ ਕੈਦ ਕਰ ਦਿੱਤਾ, ਅਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਦੇ ਹਜ਼ਾਰਾਂ ਸਿਪਾਹੀ ਉਸ ਦਾ ਸਾਥ ਛੱਡ ਗਏ ਮੁਗਲਾਂ ਨੂੰ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ। ਇਹਨਾਂ ਸਾਰਿਆਂ ਨੂੰ ਮੁਗਲ ਬਾਦਸ਼ਾਹ ਫਾਰੂਖਸੀਅਰ ਨੂੰ ਜਾਮੀਨਦਾਰੀਆਂ - ਜਾਗੀਰਦਾਰੀਆਂ ਦੀਤੀਆਂ ਅਤੇ ਫੌਜੀ ਮਦਦ ਦਿੱਤੀ ਗਈ ਸੀ।

• ਮੁਗਲ ਬਾਦਸ਼ਾਹ ਫਰੁਖਸੀਅਰ ਖਾਨ ਨੇ 9 ਮਈ 1716 ਨੂੰ ਦਿੱਲੀ ਦੇ ਮਹਿਰੋਲੀ ਸਥਾਨ 'ਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ - ਗੁਰੂਕੁਲ ਦੇ ਚੇਲੇ, ਚਾਰ ਸਾਲ ਦੇ ਪੁੱਤਰ ਅਜੈ ਭਾਰਦਵਾਜ ਦੇ 750 ਧਰਮਵੀਰ ਸਿਪਾਹੀ - ਅੱਖਾਂ ਪਾੜ ਕੇ - ਜੀਭ ਵੱਢ ਕੇ - ਮਾਸ ਵੱਢ ਕੇ - ਕੱਟ ਕੇ। ਸੀਨੇ ਨੂੰ ਪਾੜਨਾ - ਦਿਲ ਬਾਹਰ ਆਉਂਦਾ ਹੈ ਅਤੇ ਵੱਡੇ ਪੱਧਰ 'ਤੇ ਕੁਰਬਾਨੀਆਂ ਨੂੰ ਮਾਰਦਾ ਹੈ।

ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਕਿ ਮੌਤ ਕਾ ਭਾਜੀਮੋੜ ਬਦਲਾ ਸਨਾਤਨ ਧਰਮੀ ਹਿੰਦੂਆਂ ਨੇ ਮੁਗਲੀਆ ਬਾਦਸ਼ਾਹ ਫਾਰੂਖਸਯਾਰ ਕਾ ਵੂਚੜੀ ਕਤਲ ਕਰਕੇ ਲਿਆ

• ਮੁਗਲ ਬਾਦਸ਼ਾਹ ਫਾਰੂਖਸੀਅਰ ਖਾਨ ਔਰੰਗਜ਼ੇਬ ਦੇ ਉੱਤਰਾਧਿਕਾਰੀ ਸਨ 28 ਫਰਵਰੀ 1719 ਤੋਂ 29 ਅਪ੍ਰੈਲ 1719 ਨੂੰ ਹਿੰਦੂ ਰਾਜਸ਼ਾਹੀ ਫੌਜ ਦੇ ਮਰਾਠਾ ਛਤਰਪਤੀ ਸ਼ਾਹੂਜੀ ਮਹਾਰਾਜ ਭੋਸਲੇ ਯਾਦਵ - ਪ੍ਰਧਾਨ ਮੰਤਰੀ ਵਲਜੀ ਵਿਸ਼ਵਨਾਥ ਬ੍ਰਾਹਮਣ - ਸੈਨਾਪਤੀ ਬਾਜੀਰਾਓ ਬ੍ਰਾਹਮਣ (ਅਗਲਾ ਪੇਸ਼ਵਾ) ਦੀ ਹਿੰਦੂ ਰਾਜਸ਼ਾਹੀ ਦੇ 1600 ਸਿਪਾਹੀਆਂ ਨੇ ਪੂਰੀ ਦਿੱਲੀ ਨੂੰ ਘੇਰ ਲਿਆ ਅਤੇ 400 ਸਿਪਾਹੀਆਂ ਨੇ ਲਾਲ ਕਿਲੇ ਦੇ ਅੰਦਰ ਵੜ ਕੇ ਹਮਲਾ ਕਰ ਦਿੱਤਾ। ਅਤੇ ਸਾਰੀ ਦਿੱਲੀ ਲੁੱਟ ਲਈ - ਇੱਟ ਨਾਲ ਇੱਟ ਵਜਾ ਦਿੱਤੀ - ਮੁਗਲ ਬਾਦਸ਼ਾਹ ਫਰੁਖਸੀਅਰ ਖਾਨ ਨੂੰ ਲਾਲ ਕਿਲੇ ਵਚਿਹ ਫੜ ਕੇਦ ਲਿਆ ਅਤੇ ਉਸਦੇ ਨੱਕ ਵਿੱਚ ਮੇਖ ਪਾ ਦਿੱਤੀ - ਜਨਾਨੀ ਕੱਪੜੇ ਪਹਿਨੇ ਅਤੇ ਉਸਦਾ ਮੂੰਹ ਕਾਲਾ ਕਰ ਦਿੱਤਾ ਅਤੇ ਅੱਖਾਂ ਤੋੜ ਕੇ ਅਤੇ ਜੀਭ ਕੱਟ ਕੇ - ਪਾੜ ਕੇ ਦਿੱਲੀ ਦੇ ਦੁਆਲੇ ਘੁੰਮਿਆ। ਛਾਤੀ - ਦਿਲ ਨੂੰ ਕੱਟਣਾ ਅਤੇ ਉਸਦੇ ਮੂੰਹ ਵਿੱਚ ਪਾਉਣਾ - ਪੁੰਜ ਨੂੰ ਕੱਟਣ, ਅੰਗ ਕੱਟਣ ਅਤੇ ਗਲਾ ਘੁੱਟਣ ਤੋਂ ਬਾਅਦ, ਉਸ ਨੂੰ ਵੂਚੜੀ ਤਰੀਕੇ ਨਾਲ ਮਾਰੀਆ ਗਿਆ। ਅਤੇ ਮੁਗਲ ਸਾਮਰਾਜ ਨੂੰ ਹਿੰਦੂ ਰਾਜਸ਼ਾਹੀ ਮਰਾਠਾ ਰਾਜ ਅਧੀਨ ਲੈ ਲਿਆ। ਅਤੇ ਦਿੱਲੀ ਦਾ ਹਰ ਮੁਗਲ ਬਾਦਸ਼ਾਹ ਹਿੰਦੂ ਰਾਜਸ਼ਾਹੀ ਮਰਾਠਾ ਹਿੰਦੂਰਾਜ ਦੇ ਅਨੁਸਾਰ ਤਖਤ ਤੇ ਬੈਠਦਾ ਸੀ ਅਤੇ ਸਾਲਾਨਾ ਸਰਦੇਸਮੁਖੀ ਅਤੇ ਚੌਥ, ਹਿੰਦੂ ਰਾਜਸ਼ਾਹੀ ਮਰਾਠਾ ਹਿੰਦੂਰਾਜ ਨੂੰ ਦਿੱਤਾ।

ਸਰਹਿੰਦ ਓਰਥੋਪੇਡਿਕ ਮਲਟੀਸਪੇਸ਼ਲਿਟੀ ਮੈਡੀਕਲ ਸੈਂਟਰ

SCO 22, SECTOR 33-D, CHANDIGARH. Ph: 0172-4372472 M: 99155 61211. DR. RAJINDER SHARMA

12-May-PAGE-4.qxd 5/11/2023 10:53 PM Page 1

ਨਵਾਂ ਜ਼ਮਾਨਾ

ਸ਼ੁੱਕਰਵਾਰ, 12 ਮਈ 2023

# ਚੋਣ ਕਮਿਸ਼ਨ ਵੀ ਮੋਦੀ ਦੀ ਗੋਦੀ 'ਚ

ਕਰਨਾਟਕ ਵਿੱਚ ਵਿਧਾਨ ਸਭਾ ਚੋਣਾਂ ਲਈ ਵੋਟਾਂ ਦਾ ਪੜਾਅ ਮੁਕੰਮਲ ਹੋ ਗਿਆ ਹੈ। ਬਹੁਤੇ ਐਗਜ਼ਿਟ ਪੋਲ ਕਾਂਗਰਸ ਦੇ ਵੱਡੀ ਪਾਰਟੀ ਵਜੋਂ ਉੱਭਰਨ ਦੇ ਸੰਕੇਤ ਦੇ ਰਹੇ ਹਨ। ਵੋਟਾਂ ਦੀ ਗਿਣਤੀ ਦੇ ਦਿਨ 13 ਮਈ ਨੂੰ ਅਸਲੀਅਤ ਸਾਹਮਣੇ ਆ ਜਾਵੇਗੀ।

ਸਾਰੀ ਚੋਣ ਮੁਹਿੰਮ ਦੌਰਾਨ ਸਭ ਤੋਂ ਵਿਸ਼ੇਸ਼ ਇਹ ਗੱਲ ਰਹੀ ਕਿ ਦੇਸ਼ ਦੇ ਚੋਣ ਕਮਿਸ਼ਨ ਨੇ ਬੇਸ਼ਰਮੀ ਦੀਆਂ ਸਭ ਹੱਦਾਂ ਉਲੰਘ ਲਈਆਂ ਹਨ। ਉਂਜ ਤਾਂ 2014 ਦੀਆਂ ਲੋਕ ਸਭਾ ਚੋਣਾਂ ਦੇ ਬਾਅਦ ਤੋਂ ਹੀ ਚੋਣ ਕਮਿਸ਼ਨ ਭਾਜਪਾ ਪ੍ਰਤੀ ਪੱਖਪਾਤੀ ਰਿਹਾ ਹੈ, ਪਰ ਕਰਨਾਟਕ ਦੀਆਂ ਚੋਣਾਂ ਵਿੱਚ ਉਹ ਪੂਰੀ ਤਰ੍ਹਾਂ ਨੰਗਾ ਹੋ ਚੁੱਕਾ ਹੈ। ਸਾਰੀ ਚੋਣ ਮੁਹਿੰਮ ਦੌਰਾਨ ਚੋਣ ਕਮਿਸ਼ਨ ਕਾਂਗਰਸ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਪੱਬਾਂ ਭਾਰ ਹੁੰਦਾ ਰਿਹਾ, ਪਰ ਉਸ ਨੇ ਕਾਂਗਰਸ ਦੀਆਂ ਸ਼ਿਕਾਇਤਾਂ ਉੱਤੇ ਅੱਖਾਂ ਮੀਟੀ ਰੱਖੀਆਂ ਸਨ।

ਇਨ੍ਹਾਂ ਚੋਣਾਂ ਵਿੱਚ ਭਾਜਪਾ ਨੂੰ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸ ਕੋਲ ਲੋਕਾਂ ਵਿੱਚ ਜਾਣ ਲਈ ਕੋਈ ਮੁੱਦਾ ਨਹੀਂ ਸੀ। ਉਹ ਅੱਕੀ-ਪਲਾਹੀਂ ਹੱਥ-ਪੈਰ ਮਾਰਦੀ ਰਹੀ। ਅਜਿਹੇ ਵਿੱਚ ਪਾਰਟੀ ਵੱਲੋਂ ਚੋਣਾਂ ਦੇ ਆਖ਼ਰੀ ਦਿਨਾਂ ਵਿੱਚ ਚੋਣ ਜਿੱਤਣ ਦੀ ਸਾਰੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿਰ ਪਾ ਦਿੱਤੀ ਗਈ। ਇਸ ਨੇ ਇਹ ਗੱਲ ਸਾਫ਼ ਕਰ ਦਿੱਤੀ ਸੀ ਕਿ ਹੁਣ ਕੇਂਦਰੀ ਸੰਸਥਾਵਾਂ ਦੀ ਵਰਤੋਂ ਵੀ ਮੋਦੀ ਦੇ ਪ੍ਰਭਾਵ ਰਾਹੀਂ ਭਾਜਪਾ ਦੇ ਹੱਕ ਵਿੱਚ ਕੀਤੀ ਜਾਵੇਗੀ। ਮੋਦੀ ਕੋਲ ਕਿਹੜਾ ਅਲਾਦੀਨ ਦਾ ਚਿਰਾਗ ਸੀ, ਜਿਸ ਰਾਹੀਂ ਉਹ ਜਨਤਾ ਨੂੰ ਭਾਜਪਾ ਦੇ ਹੱਕ ਵਿੱਚ ਸਮੋਹਤ ਕਰ ਸਕਦੇ। ਇਸ ਲਈ ਮੋਦੀ ਆਪਣੀ ਚੋਣ ਮੁਹਿੰਮ ਕਦੇ ਬਜਰੰਗ ਬਲੀ ਤੇ ਕਦੇ ਸੋਨੀਆ ਗਾਂਧੀ ਦੇ ਭਾਸ਼ਣ ਦੇ ਆਪ ਘੜੇ ਸ਼ਬਦਾਂ ਦੁਆਲੇ ਘੁੰਮਾਉਂਦੇ ਰਹੇ। ਭਾਜਪਾ ਦੀ ਹਾਲਤ ਏਨੀ ਮਾੜੀ ਸੀ ਕਿ ਮੋਦੀ ਜਨ ਸਭਾਵਾਂ ਕਰਨ ਤੋਂ ਕੰਨੀ ਕਤਰਾਉਂਦੇ ਰਹੇ, ਕਿਉਂਕਿ ਭੀੜਾਂ ਇਕੱਠੀਆਂ ਕਰਨੀਆਂ ਮੁਸ਼ਕਲ ਹੋ ਰਹੀਆਂ ਸਨ। ਇਸ ਦੇ ਉਲਟ ਉਨ੍ਹਾ ਰੋਡ ਸ਼ੋਅ ਕਰਨ ਨੂੰ ਪਹਿਲ ਦਿੱਤੀ, ਕਿਉਂਕਿ ਉੱਥੇ ਭੀੜ ਇਕੱਠੀ ਕਰਨ ਦੀ ਲੋੜ ਨਹੀਂ ਪੈਂਦੀ।

ਪੰਜਾਬੀ ਦੀ ਇੱਕ ਕਹਾਵਤ ਹੈ, 'ਤਾਲੋਂ ਖੁੱਥੀ ਡੂੰਮਣੀ, ਗਾਵੇ ਤਾਲ-ਬੇਤਾਲ'। ਇਹ ਹਾਲ ਭਾਜਪਾ ਦਾ ਸੀ। ਸੋਨੀਆ ਗਾਂਧੀ ਦੇ ਇੱਕ ਭਾਸ਼ਣ ਤੋਂ ਬਾਅਦ ਉਸ ਦੇ ਅਣਕਹੇ ਸ਼ਬਦਾਂ ਨੂੰ ਭਾਜਪਾ ਨੇ ਇਹ ਕਹਿ ਕੇ ਮੁੱਦਾ ਬਣਾ ਲਿਆ ਕਿ ਸੋਨੀਆ ਨੇ ਕਰਨਾਟਕ ਨੂੰ ਦੇਸ਼ ਨਾਲੋਂ ਵੱਖ ਕਰਨ ਦੀ ਗੱਲ ਕਹੀ ਹੈ। ਇਸ ਤੋਂ ਬਾਅਦ ਸਾਰੀ ਭਾਜਪਾ ਹੀ ਏਸੇ ਗੱਲ ਦੇ ਮਗਰ ਪੈ ਗਈ ਕਿ ਕਾਂਗਰਸ ਦੇਸ਼ ਨੂੰ ਤੋੜਨਾ ਚਾਹੁੰਦੀ ਹੈ। ਸਭ ਤੋਂ ਪਹਿਲਾਂ ਇਸ ਦੀ ਸ਼ੁਰੂਆਤ ਖੁਦ ਨਰਿੰਦਰ ਮੋਦੀ ਨੇ ਕਰਦਿਆਂ ਕਿਹਾ ਕਿ ਗਾਂਧੀ ਪਰਵਾਰ ਕਰਨਾਟਕ ਨੂੰ ਦੇਸ਼ ਨਾਲੋਂ ਵੱਖ ਕਰਨ ਦੀ ਸਾਜ਼ਿਸ਼ ਕਰ ਰਿਹਾ ਹੈ। ਉਸ ਤੋਂ ਬਾਅਦ ਪਾਰਟੀ ਦੇ ਇੱਕ ਵਫ਼ਦ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕਰਕੇ ਕਾਂਗਰਸ ਪਾਰਟੀ ਦੀ ਮਾਨਤਾ ਤੱਕ ਰੱਦ ਕੀਤੇ ਜਾਣ ਦੀ ਮੰਗ ਕਰ ਦਿੱਤੀ। ਚੋਣ ਕਮਿਸ਼ਨ ਨੇ ਵੀ ਸੋਨੀਆ ਗਾਂਧੀ ਦੀ ਤਕਰੀਰ ਦੀ ਕੀਤੀ ਗਈ ਰਿਕਾਰਡਿੰਗ ਸੁਣਨ ਦੀ ਥਾਂ ਕਾਂਗਰਸ ਪ੍ਰਧਾਨ ਮਲਿਕ ਅਰਜੁਨ ਖੜਗੇ ਨੂੰ ਸਫ਼ਾਈ ਦੇਣ ਲਈ ਨੋਟਿਸ ਭੇਜ ਦਿੱਤਾ। ਅਸਲੀਅਤ ਹੈ ਕਿ ਸੋਨੀਆ ਗਾਂਧੀ ਨੇ ਆਪਣੀ ਸਾਰੇ ਭਾਸ਼ਣ ਵਿੱਚ 'ਸੰਪ੍ਰਭੂ' (ਖੁਦਮੁਖਤਾਰੀ) ਸ਼ਬਦ ਦੀ ਵਰਤੋਂ ਹੀ ਨਹੀਂ ਸੀ ਕੀਤੀ, ਜਿਹੜਾ ਭਾਜਪਾ ਵਾਲੇ ਉਸ ਦੇ ਮੂੰਹ 'ਚ ਪਾ ਰਹੇ ਸਨ। ਚੋਣ ਕਮਿਸ਼ਨ ਨੂੰ ਚਾਹੀਦਾ ਸੀ ਕਿ ਸਭ ਤੋਂ ਪਹਿਲਾਂ ਉਹ ਤੱਥਾਂ ਦੀ ਜਾਂਚ ਕਰਦਾ ਤੇ ਫਿਰ ਕੋਈ ਕਦਮ ਚੁੱਕਦਾ। ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ, ਜਿਸ ਦੀ ਜਨਤਾ ਤੇ ਸੰਸਦ ਪ੍ਰਤੀ ਜਵਾਬਦੇਹੀ ਹੈ। ਚੋਣ ਕਮਿਸ਼ਨ ਨੇ ਇਹ ਵੀ ਨਹੀਂ ਸੋਚਿਆ ਕਿ ਨੋਟਿਸ ਤੋਂ ਪਹਿਲਾਂ ਉਹ ਸੋਨੀਆ ਗਾਂਧੀ ਦਾ ਭਾਸ਼ਣ ਸੁਣ ਲੈਂਦਾ। ਹਕੀਕਤ ਇਹ ਹੈ ਕਿ ਚੋਣ ਕਮਿਸ਼ਨ ਨੇ ਆਪਣਾ ਵਜੂਦ ਭਾਜਪਾ ਕੋਲ ਗਹਿਣੇ ਪਾ ਦਿੱਤਾ ਹੈ। ਭਾਜਪਾ ਤਾਂ ਝੂਠੀਆਂ ਖ਼ਬਰਾਂ ਘੜਨ ਤੇ ਫੈਲਾਉਣ ਦੀ ਮਾਹਰ ਖਿਡਾਰੀ ਹੈ। ਇੱਥੇ ਤਾਂ ਚੋਣ ਕਮਿਸ਼ਨ ਵੀ ਉਸ ਦਾ ਸਾਥੀ ਬਣ ਗਿਆ ਹੈ, ਜਿਹੜਾ ਇਹ ਜਾਣਦਿਆਂ ਹੋਇਆਂ ਵੀ ਕਿ ਉਸ ਦਾ ਨੋਟਿਸ ਵੀ ਚੋਣਾਂ ਵਿੱਚ ਹਵਾ ਬਦਲਣ ਦਾ ਕਾਰਨ ਬਣ ਸਕਦਾ ਹੈ, ਕਾਂਗਰਸ ਪ੍ਰਧਾਨ ਨੂੰ ਬਿਨਾਂ ਕਿਸੇ ਗਲਤੀ ਦੇ ਨੋਟਿਸ ਭੇਜ ਰਿਹਾ ਹੈ। ਇਸ ਕੇਸ ਵਿੱਚ ਜਦੋਂ ਕਮਿਸ਼ਨ ਨੂੰ ਇਹ ਪੁੱਛਿਆ ਗਿਆ ਕਿ ਬਿਨਾਂ ਕਿਸੇ ਤੱਥ ਦੇ ਨੋਟਿਸ ਕਿਸ ਲਈ ਤਾਂ ਉਸ ਨੇ ਕਿਹਾ ਕਿ ਅਸੀਂ ਨੋਟਿਸ ਨਹੀਂ ਦਿੱਤਾ, ਜਵਾਬ ਮੰਗਿਆ ਹੈ। ਜਦੋਂ ਤੱਥ ਹੀ ਝੂਠੇ ਹਨ ਤਾਂ ਫਿਰ ਜਵਾਬ ਕਾਹਦਾ, ਪਰ ਇਹ ਪੁੱਛੇ ਕੌਣ, ਜਦੋਂ ਮੀਡੀਆ ਤਾਂ ਮੋਦੀ ਦੀ ਗੋਦੀ ਵਿੱਚ ਬੈਠਾ ਹੈ।

ਚੋਣ ਕਮਿਸ਼ਨ ਪੱਖਪਾਤੀ ਹੈ। ਸਾਰੀ ਚੋਣ ਦੌਰਾਨ ਭਾਜਪਾ ਨੇ ਸਭ ਮਰਿਆਦਾਵਾਂ ਨੂੰ ਛਿੱਕੇ ਟੰਗੀ ਰੱਖਿਆ, ਪਰ ਚੋਣ ਕਮਿਸ਼ਨ ਕੁਸਕਿਆ ਤੱਕ ਨਾ। ਦੇਸ਼ ਦਾ ਗ੍ਰਹਿ ਮੰਤਰੀ ਕਰਨਾਟਕ ਦੀ ਜਨਤਾ ਨੂੰ ਇਹ ਕਹਿ ਕੇ ਦਬਕਾਅ ਰਿਹਾ ਸੀ ਕਿ ਕਾਂਗਰਸ ਜਿੱਤ ਗਈ ਤਾਂ ਦੰਗੇ ਹੋ ਜਾਣਗੇ, ਪਰ ਚੋਣ ਕਮਿਸ਼ਨ ਬੋਲਾ ਬਣਿਆ ਰਿਹਾ। ਪ੍ਰਧਾਨ ਮੰਤਰੀ ਬਜਰੰਗ ਬਲੀ ਦੇ ਨਾਅਰੇ ਲਵਾ ਕੇ ਚੋਣਾਂ ਲਈ ਧਾਰਮਕ ਸ਼ਰਧਾ ਦੀ ਵਰਤੋਂ ਕਰਦਾ ਰਿਹਾ। ਕਾਂਗਰਸ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਕਿ ਧਰਮ ਤੇ ਦੇਵੀ-ਦੇਵਤਿਆਂ ਦੇ ਨਾਂਅ ਉੱਤੇ ਵੋਟਾਂ ਮੰਗਣਾ ਸੰਵਿਧਾਨ ਦੀਆਂ ਬੁਨਿਆਦੀ ਮਾਨਤਾਵਾਂ ਵਿਰੁੱਧ ਹੈ। ਇਸ ਦੇ ਬਾਵਜੂਦ ਚੋਣ ਕਮਿਸ਼ਨ ਨੇ ਪ੍ਰਧਾਨ ਮੰਤਰੀ ਨੂੰ ਨਾ ਕੋਈ ਨੋਟਿਸ ਦਿੱਤਾ ਤੇ ਨਾ ਕੋਈ ਆਪਣੇ ਵੱਲੋਂ ਸਫ਼ਾਈ ਦਿੱਤੀ। ਇਨ੍ਹਾਂ ਚੋਣਾਂ ਨੇ ਸਾਫ਼ ਕਰ ਦਿੱਤਾ ਹੈ ਕਿ ਚੋਣ ਕਮਿਸ਼ਨ ਵੀ ਹੁਣ ਮੋਦੀ ਦੀ ਗੋਦੀ 'ਚ ਬੈਠ ਚੁੱਕਾ ਹੈ।

-ਚੰਦ ਫਤਿਹਪੁਰੀ

# ਉਦਾਰੀਕਰਨ ਨੈਤਿਕ ਅਤੇ ਸਮਾਜਕ ਕਦਰਾਂ-ਕੀਮਤਾਂ ਦੀ ਗਿਰਾਵਟ ਦਾ ਕਾਰਨ-2


ਪਵਨ ਕੁਮਾਰ ਕੌਸ਼ਲ

ਨੌਕਰੀਪੇਸ਼ਾ ਵਿਅਕਤੀਆਂ ਦਾ ਲਗਾਤਾਰ ਮਾਨਸਕ ਤਣਾਅ 'ਚ ਰਹਿਣ ਕਾਰਨ ਉਨ੍ਹਾਂ ਦੀ ਆਪਣੇ ਕਿੱਤੇ ਪ੍ਰਤੀ ਰੁਚੀ ਘਟ ਜਾਂਦੀ ਹੈ ਅਤੇ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ। ਰਾਤ ਦੀਆਂ ਸ਼ਿਫਟਾਂ ਵੀ ਤਣਾਅ ਦਾ ਕਾਰਣ ਬਣਦੀਆਂ ਹਨ, ਖਾਸ ਕਰਕੇ ਔਰਤਾਂ ਮਾਨਸਕ ਤਣਾਅ ਦਾ ਜ਼ਿਆਦਾ ਸ਼ਿਕਾਰ ਰਹਿੰਦੀਆਂ ਹਨ। ਔਰਤਾਂ ਦੇ ਵਧ ਰਹੇ ਲਿੰਗਕ ਸ਼ੋਸ਼ਣ ਅਤੇ ਵੱਧ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ ਵੀ ਚਿੰਤਾਂ ਦਾ ਕਾਰਨ ਹਨ। ਤਣਾਅ ਮੁਕਤ ਰਹਿਣ ਲਈ ਜ਼ਿਆਦਾ ਰੁਝਾਨ ਨਸ਼ਿਆਂ ਅਤੇ ਤਣਾਅ ਮੁਕਤ ਦਵਾਈਆਂ ਦੀ ਵਰਤੋਂ ਵੱਲ ਜਾਂਦਾ ਹੈ। ਸ਼ਰਾਬ ਪੀਣ ਅਤੇ ਸਿਗਰਟਨੋਸ਼ੀ ਦੀ ਤੀਬਰਤਾ ਵਧ ਜਾਂਦੀ ਹੈ। ਸੰਯੁਕਤ ਰਾਸ਼ਟਰ ਦੇ ਇੱਕ ਅਨੁਮਾਨ ਅਨੁਸਾਰ ਵਿਸ਼ਵ ਦੀ ਕੋਈ 25% ਆਬਾਦੀ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੈ। ਇੰਗਲੈਂਡ ਦੇ 30% ਕਾਮੇ ਦਿਮਾਗੀ ਬਿਮਾਰੀਆਂ ਤੋਂ ਪੀੜਤ ਹਨ। ਅਮਰੀਕਾ ਦੇ 4 ਤੋਂ 5 ਕਰੋੜ ਲੋਕ ਗੰਭੀਰ ਦਿਮਾਗੀ ਬਿਮਾਰੀਆਂ ਤੋਂ ਪੀੜਤ ਹਨ। 'ਦਾ ਇਕਾਨੋਮਿਸਟ' 7 ਸਤੰਬਰ 2011 ਦੀ ਇੱਕ ਰਿਪੋਰਟ ਮੁਤਾਬਕ 2010 ਵਿੱਚ ਯੂਰਪ ਦੇ 38% (16.5 ਕਰੋੜ) ਲੋਕ ਦਿਮਾਗੀ ਬਿਮਾਰੀਆਂ ਤੋਂ ਪੀੜਤ ਅਤੇ 3 ਕਰੋੜ ਲੋਕ ਡਿਪਰੈਸ਼ਨ ਤੋਂ ਪੀੜਤ ਹਨ।

ਮਾਨਸਿਕ ਤਣਾਅ ਅਤੇ ਡਿਪਰੈਸ਼ਨ ਦੇ ਲਗਾਤਾਰ ਵਧਦੇ ਜਾਣ ਕਾਰਨ ਨਸ਼ਿਆਂ ਦੀ ਲਤ ਅਤੇ ਜੁਰਮਾਂ ਵਿੱਚ ਵੀ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਰੂਸ ਅੰਦਰ ਸਮਾਜਵਾਦੀ ਪ੍ਰਣਾਲੀ ਦੇ ਢਹਿ-ਢੇਰੀ ਹੋਣ ਤੋਂ ਬਾਅਦ ਉਥੇ ਪੂੰਜੀਵਾਦੀ ਪ੍ਰਣਾਲੀ ਦੇ ਮੁੜ ਸਥਾਪਤ ਹੋਣ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਲਾਗੂ ਹੋਣ ਨਾਲ ਆਰਥਕ ਪਾੜੇ, ਮਹਿੰਗਾਈ ਅਤੇ ਬੇਰੁਜ਼ਗਾਰੀ 'ਚ ਇੱਕ ਦਮ ਵਾਧਾ ਹੋ ਜਾਣ ਕਾਰਨ ਪੈਦਾ ਹੋਏ ਮਾਨਸਿਕ ਤਣਾਅ ਨੇ ਨਸ਼ਿਆਂ, ਜੁਰਮਾਂ ਅਤੇ ਵੇਸਵਾਗਮਨੀ ਨੂੰ ਅੰਜਾਮ ਦੇ ਦਿੱਤਾ ਹੈ। 'ਦਾ ਇੰਡੀਪੈਂਡੈਂਟ" 22 ਜੂਨ 2011 ਅਨੁਸਾਰ ਦੁਨੀਆ ਦੇ ਕਿਸੇ ਵੀ ਦੇਸ਼ ਤੋਂ ਵੱਧ ਹੈਰੋਇਨ ਦੇ ਆਦੀ ਰੂਸ ਵਿੱਚ ਹਨ, ਜਿਨ੍ਹਾਂ ਦੀ ਗਿਣਤੀ 20 ਲੱਖ ਤੋਂ ਉੱਪਰ ਹੈ। ਉਨ੍ਹਾਂ ਦੇ ਜੀਵਨ ਦਾ ਬਹੁਤਾ ਸਮਾਂ ਜੁਰਮ ਕਰਨ ਅੱਤੇ ਜੇਲ੍ਹਾਂ ਅੰਦਰ ਬੀਤਦਾ ਹੈ। ਹੈਰੋਇਨ ਨਾਲ ਰੂਸ ਵਿੱਚ ਹਰ ਸਾਲ 30,000 ਲੋਕ ਮਰਦੇ ਹਨ। ਵਿਸ਼ਵ ਦੀ ਕੁਲ ਹੈਰੋਇਨ ਦੀ ਖਪਤ ਦਾ 21% ਰੂਸ ਅੰਦਰ ਹੁੰਦਾ ਹੈ। ਨਸ਼ੀਲੇ ਟੀਕਿਆਂ ਦੀ ਵਰਤੋਂ ਵਿੱਚ ਵੀ ਰੂਸੀ ਲੋਕ ਅੱਗੇ ਨਿਕਲ ਗਏ ਹਨ। ਏਸੇ ਤਰ੍ਹਾਂ ਅਮਰੀਕਾ ਕੋਕੀਨ ਦੀ ਵਰਤੋਂ ਵਿੱਚ ਵਿਸ਼ਵ ਦਾ ਸਭ ਤੋਂ ਮੋਹਰੀ ਦੇਸ਼ ਹੈ ਅਤੇ ਨਸ਼ੀਲੀ ਦਵਾਈਆਂ ਦੀ ਵਰਤੋਂ ਨਾਲ ਸੱਭ ਤੋਂ ਵੱਧ ਮੌਤਾਂ ਅਮਰੀਕਾ ਵਿੱਚ ਹੁੰਦੀਆਂ ਹਨ। ਯੂਰਪੀ ਦੇਸ਼ਾਂ ਅੰਦਰ ਨਸ਼ੀਲੀ ਦਵਾਈਆਂ ਦੀ ਵਰਤੋਂ ਵਿੱਚ ਇੰਗਲੈਂਡ ਸਭ ਤੋਂ ਮੋਹਰੀ ਦੇਸ਼ ਹੈ, ਇਸ ਨੂੰ ਨਸ਼ੀਲੇ ਪਦਾਰਥਾਂ ਦੀ ਰਾਜਧਾਨੀ ਕਿਹਾ ਜਾਂਦਾ ਹੈ। ਹੈਰੋਇਨ ਦੇ ਆਦੀਆਂ ਦੀ ਗਿਣਤੀ 2,81,000 ਤੋਂ ਉਪਰ ਹੈ। ਆਸਟਰੇਲੀਆ ਸ਼ਰਾਬੀਆਂ ਦੀ ਗਿਣਤੀ ਵਿੱਚ ਸਭ ਤੋਂ ਅੱਗੇ ਹੈ।

ਯੂਨਾਈਟਡ ਨੇਸ਼ਨਜ਼ ਆਫਿਸ ਆਨ ਡਰਗਜ਼ ਐਂਡ ਕਰਾਈਮਜ਼ ਦੀ 23 ਜੂਨ 2011 ਦੀ ਰਿਪੋਰਟ ਮੁਤਾਬਕ ਦੁਨੀਆ ਦੀ 4.8% ਆਬਾਦੀ ਲਗਪਗ 21 ਕਰੋੜ ਲੋਕ ਨਜਾਇਜ ਪਦਾਰਥਾਂ ਦੀ ਵਰਤੋਂ ਕਰਦੇ ਹਨ। ਅਮਰੀਕਾ ਨੇ 2009 ਵਿੱਚ ਵਿਸ਼ਵ ਦੀ 36%ਲਗਪਗ 157 ਟਨ ਕੋਕੀਨ ਦੀ ਖਪਤ ਕੀਤੀ ਅੱਤੇ ਦੁਨੀਆ ਦੀ ਸੱਭ ਤੋਂ ਵੱਡੀ ਦੂਜੀ ਮਾਰਕਟ ਯੂਰਪ ਨੇ 123 ਟਨ ਕੋਕੀਨ ਦੀ ਖਪਤ ਕੀਤੀ। ਆਈ.ਬੀ.ਐੱਨ.ਲਾਈਵ 3 ਮਈ 2006 ਅਨੁਸਾਰ ਉਸ ਸਮੇਂ 7.5 ਕਰੋੜ ਲੋਕ ਨਸ਼ਿਆ ਦੇ ਆਦੀ ਸਨ ਅੱਤੇ ਸ਼ਰਾਬੀਆਂ ਦੀ ਗਿਣਤੀ 21.4% ਤੋਂ ਉੱਪਰ ਸੀ। ਸਮੈਕ, ਹੈਰੋਇਨ, ਕੋਕੀਨ, ਚਰਸ, ਗਾਂਜਾਂ ਆਦਿ ਦੇ ਆਦੀਆਂ ਦੀ ਗਿਣਤੀ ਵੱਖਰੀ ਹੈ। ਮੌਜੂਦਾ ਸਥਿਤੀ ਇਸ ਤੋਂ ਕਈ ਗੁਣਾ ਵੱਧ ਹੈ।

ਕੰਮ ਦੌਰਾਨ ਤਣਾਅ (ਜਾਬ ਸਟਰੈੱਸ) ਵਿਸ਼ਵੀਕਰਨ ਦੇ ਮੌਜੂਦਾ ਦੌਰ ਅੰਦਰ ਕੰਮ ਕਰਨ ਅੱਤੇ ਜੀਵਨ ਸ਼ੈਲੀ ਦੇ ਢੰਗ ਦੇ ਅਨੁਰੂਪ ਇੱਕ ਨਵਾਂ ਵਰਤਾਰਾ ਹੈ। ਕੰਮ ਕਰਨ ਦੀ ਪ੍ਰਕਿਰਤੀ ਵਿੱਚ, ਅਮਰੀਕਾ ਅਤੇ ਪੱਛਮੀ ਸਾਮਰਾਜਵਾਦੀ ਦੇਸ਼ਾਂ ਅੰਦਰ ਪਿਛਲੀ ਕੋਈ ਇੱਕ ਸਦੀ ਤੋਂ ਬੜੀ ਜ਼ਬਰਦਸਤ ਤਬਦੀਲੀ ਆਈ ਹੈ ਅਤੇ ਭਾਰਤ ਅੰਦਰ ਅਜਿਹੀ ਤਬਦੀਲੀ 'ਚ ਤੇਜ਼ੀ 1990 ਤੋਂ ਬਾਅਦ ਦੇਖਣ ਨੂੰ ਮਿਲਦੀ ਹੈ। ਜਿਨ੍ਹਾਂ ਬਿਮਾਰੀਆਂ ਦਾ ਸਾਮਰਾਜਵਾਦੀ ਦੇਸ਼ ਪਹਿਲਾਂ ਤੋਂ ਸ਼ਿਕਾਰ ਹਨ, ਭਾਰਤ ਉਨ੍ਹਾਂ ਬਿਮਾਰੀਆਂ ਨੂੰ ਹੁਣ ਤੇਜ਼ੀ ਨਾਲ ਗ੍ਰਹਿਣ ਕਰਦਾ ਜਾ ਰਿਹਾ ਹੈ। ਕੰਮ-ਕਾਰੀ ਲੋਕਾਂ ਅੰਦਰ ਮਾਨਸਿਕ ਤਣਾਅ ਦਾ ਪੈਦਾ ਹੋਣਾ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਦਾ ਲਾਜ਼ਮੀ ਸਿੱਟਾ ਹੈ, ਜਿਹੜਾ ਹਰ ਤਰ੍ਹਾਂ ਦੇ ਕਿੱਤੇ ਨੂੰ ਆਪਣੀ ਜਕੜ ਵਿੱਚ ਲੈ ਰਿਹਾ ਹੈ। ਦਿਮਾਗੀ ਬਿਮਾਰੀਆਂ ਮਨੁੱਖੀ ਮੁਸੀਬਤਾਂ ਉਪਰ ਹੋਰ ਬੋਝ ਬਣਦਾ ਜਾ ਰਿਹਾ ਹੈ। ਸਮਾਜ ਤੋਂ ਅਲਹਿਦਗੀ, ਮਾਨਸਕ ਰੋਗੀ ਅਤੇ ਉਸ ਦੇ ਪਰੀਵਾਰ ਨੂੰ ਬੁਰਾ ਸਮਝਣ ਦਾ ਕਾਰਨ ਵੀ ਬਣਦਾ ਹੈ ਅਤੇ ਉਪਰੋਂ ਆਰਥਕ ਖਰਚਿਆਂ ਦੀ ਮਾਰ ਅਲੱਗ। ਚਿੰਤਾ ਦਾ ਕਾਰਨ ਇਹ ਵੀ ਹੈ ਕਿ ਇਸ ਨੇ ਆਉਣ ਵਾਲੇ ਸਮੇਂ ਅੰਦਰ ਹੋਰ ਵੀ ਵਧਣਾ ਹੈ ਅਤੇ ਇਹ ਨੀਤੀਆਂ ਸਮਾਜ ਦੇ ਹਰ ਵਰਗ ਨੂੰ ਜਾਣੇ ਜਾਂ ਅਣਜਾਣੇ ਅਨੈਤਿਕਤਾ ਦੇ ਘੇਰੇ ਅੰਦਰ ਲਿਆ ਖੜ੍ਹਾ ਕਰਦੀਆਂ ਹਨ। ਵਿਸ਼ਵੀਕਰਨ ਦੀਆਂ ਨੀਤੀਆਂ ਇੱਕ ਸਭਿਅਕ ਸਮਾਜ ਨੂੰ ਇੱਕ ਅ-ਸਭਿਅਕ ਸਮਾਜ ਬਣਾ ਦਿੰਦੀਆਂ ਹਨ, 'ਇੱਕ ਅਨੈਤਿਕ ਪ੍ਰਬੰਧ, ਅਨੈਤਿਕਤਾ ਨੂੰ ਹੀ ਪਾਲਦਾ ਹੈ ਅਤੇ ਅਨੈਤਿਕਤਾ ਨੂੰ ਹੀ ਜਨਮ ਦਿੰਦਾ ਹੈ।'

ਅੱਜ ਵਿਸ਼ਵ ਪੱਧਰ 'ਤੇ ਅਣਵਿਆਹੀਆਂ ਮਾਵਾਂ ਦੀਆਂ ਘਟਨਾਵਾਂ ਵਧ ਰਹੀਆਂ ਹਨ, ਜਦੋਂ ਕਿ ਪੱਛਮੀ ਦੇਸ਼ਾਂ ਵਿੱਚ ਘਟਨਾਵਾਂ ਜ਼ਿਆਦਾ ਹਨ, ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਜਲਦੀ ਹੀ ਇਸ ਨੂੰ ਅਪਨਾ ਰਹੇ ਹਨ।

ਪਹਿਲਾਂ ਇਹ ਗਰੀਬ ਔਰਤਾਂ ਅਤੇ ਘੱਟ ਗਿਣਤੀਆਂ ਤੱਕ ਸੀਮਤ ਸੀ, ਹੁਣ ਇਕੱਲੀ ਮਾਂ ਬਣਨ ਦਾ ਨਵਾਂ 'ਆਦਰਸ਼' ਬਣਦਾ ਜਾ ਰਿਹਾ ਹੈ। ਇਹ ਪ੍ਰਚਲਨ ਵਿਆਹ ਤੋਂ ਬਾਹਰ ਪੈਦਾ ਹੋਏ ਬੱਚਿਆਂ ਦੇ ਵਧ ਰਹੇ ਰੁਝਾਨ ਦੇ ਕਾਰਨ ਹੈ, ਇੱਕ ਸਮਾਜਿਕ ਰੁਝਾਨ, ਜੋ ਕਿ ਦਹਾਕਿਆਂ ਪਹਿਲਾਂ ਲਗਭਗ ਅਣਸੁਣਿਆ ਗਿਆ ਸੀ। ਯੂਰਪ, ਬੁਲਗਾਰੀਆ,ਫਰਾਂਸ, ਸਕਾਟਲੈਂਡ, ਵੇਲਜ਼, ਸਲੋਟੇਨੀਆ ਅਤੇ ਸਕੈਂਡਨੇਵੀਅਨ ਦੇਸ਼ਾਂ ਦੇ 50% ਤੋਂ ਉਪਰ ਪਹਿਲੇ ਜਨਮੇ ਬੱਚੇ ਅਣ-ਵਿਆਹੀਆਂ ਮਾਵਾਂ ਦੇ ਸਨ।

ਕਿਸ਼ੋਰ ਉਮਰ ਦੀਆਂ ਲੜਕੀਆਂ ਵਿੱਚ ਗਰਭ ਧਾਰਨ ਕਰਨ ਦੀਆਂ ਰਿਪੋਰਟਾਂ ਵੀ ਕੋਈ ਘੱਟ ਅਚੰਭੇ ਵਾਲੀਆਂ ਨਹੀਂ ਹਨ। ਅਮਰੀਕਾ ਅੰਦਰ ਸਾਲ 2005 ਵਿੱਚ 15 ਸਾਲ ਤੋਂ 19 ਸਾਲ ਤੱਕ ਦੀ ਉਮਰ ਦੀਆਂ ਕੋਈ 72,500 ਲੜਕੀਆਂ ਗਰਭਵਤੀ ਹੋਈਆਂ, ਜਿਨ੍ਹਾਂ ਵਿੱਚੋਂ 41,500 ਨੇ ਬੱਚਿਆਂ ਨੂੰ ਜਨਮ ਦਿੱਤਾ। ਹਰ ਸਾਲ ਲਿੰਗੀ ਬਿਮਾਰੀਆਂ ਦੇ ਕੋਈ 2 ਕਰੋੜ 90 ਲੱਖ ਕੇਸ ਸਾਹਮਣੇ ਆਉਂਦੇ ਹਨ। ਇੰਗਲੈਂਡ ਅਤੇ ਅਮਰੀਕਾ ਵਿਸ਼ਵ ਦੀਆਂ ਸੱਭ ਤੋਂ ਵੱਧ ਕਿਸ਼ੋਰ ਉਮਰ ਦੀਆਂ ਲੜਕੀਆਂ ਦੇ ਗਰਭ ਧਾਰਨ ਕਰਨ ਵਾਲੇ ਮੋਹਰੀ ਦੇਸ਼ ਹਨ।

ਵਿਕਸਤ ਦੇਸ਼ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਿੱਚ ਵੀ ਕਿਸੇ ਨਾਲੋਂ ਘੱਟ ਨਹੀਂ ਹਨ। ਅੰਤਰ-ਰਾਸ਼ਟਰੀ ਮਜ਼ਦੂਰ ਸੰਸਥਾ (ਆਈ.ਐੱਲ.ਓ) ਦੀ ਇੱਕ ਰਿਪੋਰਟ ਅਨੁਸਾਰ ਜਪਾਨ ਵਿੱਚ ਸਭ ਤੋਂ ਵੱਧ ਪ੍ਰਵਾਸੀ ਕਾਮੇ ਜਾਂਦੇ ਹਨ। ਜਪਾਨ ਗੈਰ-ਹੁਨਰਮੰਦ ਕਾਮਿਆਂ ਨੂੰ ਘੱਟ ਹੀ ਆਪਣੇ ਦੇਸ਼ ਅੰਦਰ ਆਉਣ ਦਿੰਦਾ ਹੈ। ਫਿਲਪੀਨੋ ਔਰਤਾਂ ਜ਼ਿਆਦਾਤਰ ਮਨਪ੍ਰਚਾਵੇ ਦੇ ਵੀਜ਼ੇ 'ਤੇ ਜਪਾਨ ਜਾਂਦੀਆਂ ਹਨ। ਫਿਲਪੀਨੋ ਔਰਤਾਂ ਦੀ 1985 ਤੋਂ 1996 ਤੱਕ ਗਿਣਤੀ ਕੋਈ 4 ਲੱਖ ਸੀ, ਜਿਹੜੀ ਪੱਬਾਂ ਤੇ ਬਾਰਾਂ (ਸ਼ਰਾਬ-ਖਾਨਿਆਂ) ਵਿੱਚ ਕੰਮ ਕਰਦੀਆਂ ਹਨ। ਉਨ੍ਹਾ ਨੂੰ ਵੇਸਵਾਗਮਨੀ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਹਰ ਕਿਸਮ ਦੇ ਤਸ਼ੱਦਦ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨਾਲ ਗੈਰ-ਮਨੁੱਖੀ ਵਿਹਾਰ ਕੀਤਾ ਜਾਂਦਾ ਹੈ ਅਤੇ ਅੱਗੋਂ ਵੇਚਿਆ ਜਾਂਦਾ ਹੈ।

ਥਾਈਲੈਂਡ ਉਦਾਰੀਕਰਨ ਦੀਆਂ ਨੀਤੀਆਂ ਲਾਗੂ ਕਰਨ ਵਾਲਾ ਦੇਸ਼ ਹੈ, ਇਥੇ ਅੱਤ ਦੀ ਗਰੀਬੀ ਕਾਰਨ ਉਥੋਂ ਦੇ ਗਰੀਬ ਕਿਸਾਨ ਅਤੇ ਪਹਾੜੀ ਕਬਾਇਲੀ ਲੋਕ ਆਪਣੀਆਂ ਲੜਕੀਆਂ ਨੂੰ ਵੇਸਵਾਗਮਨੀ ਦੀ ਸਨਅਤ ਕੋਲ ਵੇਚਣ ਲਈ ਮਜਬੂਰ ਹਨ। ਵਿਕਸਤ ਦੇਸ਼ਾਂ ਅੰਦਰ 'ਸ਼ੂਗਰ-ਡੈਡੀ' ਨਾਂਅ ਧੰਦਾ ਵੀ ਪ੍ਰਚਲਤ ਹੈ। ਅਮਰੀਕਾ, ਯੂਰਪ ਦੇ ਅਤੇ ਹੋਰ ਪੂੰਜੀਵਾਦੀ ਵਿਕਸਤ ਦੇਸ਼ਾਂ ਦੀਆਂ ਡਿਕਸ਼ਨਰੀਆਂ ਅਤੇ ਉਨ੍ਹਾਂ ਦੇ ਸੱਭਿਆਚਾਰ ਵਿੱਚੋਂ 'ਆਚਰਣ' ਨਾਂਅ ਦਾ ਸ਼ਬਦ ਹੀ ਗਾਇਬ ਹੋ ਚੁੱਕਾ ਹੈ। ਵਿਕਾਸ ਦੇ ਪੂੰਜੀਵਾਦੀ ਮਾਡਲ ਅੱਤੇ ਸਾਮਰਾਜੀ ਵਿਸ਼ਵੀਕਰਣ ਦੀਆਂ ਨੀਤੀਆਂ ਨੇ ਇਨ੍ਹਾਂ ਦੇਸ਼ਾਂ ਅੰਦਰ ਜਬਰਦਸਤ ਆਰਥਕ ਸੰਕਟ ਪੈਦਾ ਕਰ ਦਿੱਤਾ ਹੈ ਜਿਸ ਕਾਰਨ ਅਮੀਰ ਅੱਤੇ ਗਰੀਬ ਵਿਚਕਾਰ ਪਾੜਾ ਬਹੁੱਤ ਵੱਧ ਗਿਆ ਹੈ, ਬੇਰੁਜ਼ਗਾਰੀ ਲਗਾਤਾਰ ਵੱਧਦੀ ਜਾ ਰਹੀ ਹੈ ਅੱਤੇ ਲੋਕਾਂ ਦੀ ਜਰੂਰੀ ਵਸਤਾਂ ਖਰੀਦਣ ਲਈ ਖਰੀਦ ਸ਼ਕਤੀ ਘੱਟਦੀ ਜਾ ਰਹੀ ਹੈ। ਆਪਣੀਆਂ ਆਰਥਕ ਲੋੜਾਂ ਪੂਰੀਆਂ ਕਰਨ ਲਈ ਇਥੋਂ ਦੀਆਂ ਨੌਜਵਾਨ ਲੜਕੀਆਂ ਅਮੀਰ, ਖੁੱਲ੍ਹ ਬੁੱਢਿਆਂ ਦਿਲੇ ਤੇ ਕਾਮਬਿਰਤੀ ਵਾਲੇ ਬੁੱਢਿਆਂ ਨਾਲ ਹਮਬਿਸਤਰ ਹੋਣ ਲਈ ਉਨ੍ਹਾਂ ਦੀ ਭਾਲ ਕਰਦੀਆਂ ਹਨ, ਜਿਹੜੇ ਇਨ੍ਹਾਂ ਨੂੰ ਕੀਮਤੀ ਤੋਹਫੇ ਤੇ ਮੋਟੀਆਂ ਰਕਮਾਂ ਦੇ ਸਕਣ। ਇਹ ਪ੍ਰਥਾ ਹੁਣ ਭਾਰਤ 'ਚ ਵੀ ਪ੍ਰਵੇਸ਼ ਕਰ ਚੁੱਕੀ ਹੈ। ਇੰਟਰਨੈੱਟ 'ਤੇ ਕਾਮ ਤ੍ਰਿਪਤੀ ਤੇ ਸ਼ੂਗਰ-ਡੈਡੀ ਲਈ ਅਜਿਹੀਆਂ ਮਸ਼ਹੂਰੀਆਂ ਬਿਨਾਂ ਕਿਸੇ ਰੋਕ-ਟੋਕ ਦੇ ਆਉਂਦੀਆਂ ਹਨ।

ਭਾਰਤ ਅੰਦਰ ਭਾਵੇਂ ਨਵੀਆਂ ਆਰਥਕ ਨੀਤੀਆਂ ਦੀ ਸ਼ੁਰੂਆਤ 1980 ਤੋਂ ਹੋ ਗਈ ਸੀ, ਪਰ ਸਾਮਰਾਜੀ-ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਤੇਜ਼ੀ 1991 ਤੋਂ ਆਈ ਹੈ। ਸਾਮਰਾਜੀ ਵਿਸ਼ਵੀਕਰਨ ਮੁਨਾਫੇ ਤੇ ਅਧਾਰਤ ਅਰਥਚਾਰਾ ਹੁੰਦਾ ਹੈ,ਜਿਸ ਦਾ ਇੱਕ ਲਛੱਣ ਇਹਵੀ ਹੁੰਦਾ ਹੈ "ਮੁਕਾਬਲੇ ਤੇ ਅਧਾਰਤ, ਮੰਡੀ-ਆਰਥਕਤਾ ਨੇ ਹਰੇਕ ਵਸਤੂ ਨੂੰ ਸਮੇਤ ਮਨੁੱਖ ਦੇ ਇੱਕ ਜਿਨਸ ਬਣਾ ਦਿੱਤਾ ਹੈ ਅੱਤੇ ਇਸਤਰੀ ਕਾਮਕਤਾ ਨੂੰ ਤਾਂ ਸੱਭ ਤੋਂ ਵੱਧ ਮੁਨਾਫੇ ਵਾਲਾ ਵਪਾਰ ਬਣਾ ਦਿੱਤਾਂ ਹੈ"। ਉਦਾਰੀਕਰਣ ਦੇ ਨਾਂ ਹੇਠ ਬਜ਼ਾਰ ਸਦਾ ਅਨੈਤਿਕ ਅੱਤੇ ਅਯਾਸ਼ੀ ਦੀਆਂ ਵਸਤਾਂ ਨਾਲ ਭਰੇ ਰਹਿੰਦੇਂ ਹਨ।

ਸਮੁੱਚੇ ਭਾਰਤ ਅੰਦਰ ਅਮਨ ਕਾਨੂੰਨ ਦੀ ਹਾਲਤ ਦਿਨੋ-ਦਿਨ ਬਦਤਰ ਤੋਂ ਬਦਤਰ ਹੁੰਦੀ ਜਾ ਰਹੀ ਹੈ। ਬਲਾਤਕਾਰ ਦੀਆਂ ਘਟਨਾਵਾਂ ਬਿਨਾ ਕਿਸੇ ਭੈਅ ਦੇ ਦਿਨ-ਦਿਹਾੜੇ ਵਾਪਰ ਰਹੀਆਂ ਹਨ। ਰਾਹ ਜਾਂਦੀਆਂ ਲੜਕੀਆਂ ਅਤੇ ਔਰਤਾਂ ਨੂੰ ਚਲਦੀਆਂ ਕਾਰਾਂ 'ਚ ਸੁੱਟ ਕੇ ਬਲਾਤਕਾਰ ਕੀਤਾ ਜਾਂਦਾ ਹੈ। ਛੋਟੀਆਂ ਬੱਚੀਆਂ ਨਾਲ ਬਲਾਤਕਾਰ ਕਰਨ ਪਿੱਛੋਂ ਉਨ੍ਹਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਵਿਸ਼ਵੀਕਰਨ ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਹੁਣ ਔਰਤਾਂ ਨੂੰ ਸ਼ਰਾਬੀ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। 30 ਅਕਤੂਬਰ 2011 ਦੇ 'ਟਾਈਮਜ਼ ਆਫ ਇੰਡੀਆ' ਦੀ ਇੱਕ ਖਬਰ ਅਨੁਸਾਰ 'ਦਿੱਲੀ ਦੀਆਂ ਸ਼ਰਾਬ ਦੀਆਂ ਦੁਕਾਨਾਂ 'ਤੇ 40% ਔਰਤ ਗਾਹਕ ਹਨ।' ਦਿੱਲੀ ਸੱਚਮੁੱਚ ਹੀ ਕਾਸਮੋਪੋਲੀਟਨ ਸ਼ਹਿਰ ਵੱਲ ਚੁੱਪ-ਚਾਪ ਇੱਕ ਹੋਰ ਕਦਮ ਪੁੱਟਦੀ ਨਜ਼ਰ ਆ ਰਹੀ ਹੈ। ਲੁਧਿਆਣਾ ਵੀ ਇਸ ਦੌੜ ਵਿੱਚ ਪਿੱਛੇ ਨਹੀਂ। ਏਥੇ ਲੜਕੀਆਂ ਪਾਰਟੀਆਂ ਉਪਰ ਸ਼ਰਾਬ ਪੀਂਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ।

ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਲਾਗੂ ਹੋਣ ਦੇ ਦਸ ਸਾਲਾਂ ਅੰਦਰ ਹੀ ਆਪਣੇ ਹੱਥ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਸਨਅਤਾਂ ਨਾਲ ਸੰਬੰਧਤ ਕਾਮੇ, ਕੰਮ ਸੱਭਿਆਚਾਰ (ਵਰਕ-ਕਲਚਰ) ਦੇ ਦੁਸ਼ਪ੍ਰਭਾਵਾਂ, ਮਾਨਸਕ ਅਤੇ ਸਰੀਰਕ ਸਮੱਸਿਆਵਾਂ ਦੀ ਸ਼ਿਕਾਇਤ ਕਰਨ ਲੱਗ ਪਏ ਹਨ। ਪਤੀ-ਪਤਨੀ ਦੇ ਵੱਖ-ਵੱਖ ਸ਼ਿਫਟਾਂ ਵਿਚ ਕੰਮ ਕਰਨ ਨਾਲ ਘਰੇਲੂ ਜੀਵਨ ਤਹਿਸ-ਨਹਿਸ ਹੋਣ ਲੱਗ ਪਿਆ, ਬੱਚਿਆਂ ਵੱਲੋਂ ਧਿਆਨ ਹਟਣ ਲਗ ਪਿਆ, ਉਨ੍ਹਾ ਦੀ ਪੜ੍ਹਾਈ ਅਤੇ ਵਿਵਹਾਰ ਉਤੇ ਨਾਂਹ ਪੱਖੀ ਪ੍ਰਭਾਵ ਪੈਣ ਲੱਗ ਪਿਆ। ਪਤੀ-ਪਤਨੀ ਦਾ ਹਫਤਿਆਂ ਬੱਧੀ ਆਪਸੀ ਮੇਲ ਨਾ ਹੋਣ ਅਤੇ ਹੋਰ ਉਲਝਣਾ ਪੈਦਾ ਹੋ ਜਾਣ ਕਾਰਨ ਨੌਬਤ ਤਲਾਕਾਂ ਤੱਕ ਆਉਣ ਲੱਗ ਪਈ ਹੈ।

ਨੈਸ਼ਨਲ ਮੈਂਟਲ ਹੈਲਥ ਦੇ ਰੀਕਾਰਡ ਅਨੁਸਾਰ, "ਭਾਰਤ ਦੀ 7% ਅਬਾਦੀ (ਲਗਪਗ 8.5 ਕਰੋੜ) ਕਿਸੇ ਨਾ ਕਿਸੇ ਮਾਨਸਿਕ ਰੋਗ ਦਾ ਸ਼ਿਕਾਰ ਹੈ ਭਾਰਤ ਅੰਦਰ ਮਾਨਸਿਕ ਰੋਗ ਦੇ ਮਾਹਿਰ ਡਾਕਟਰਾਂ ਦੀ ਕਮੀਂ ਕਾਰਨ ਬਹੁਤੇ ਮਰੀਜ਼ ਇਲਾਜ ਖੁਣੋਂ ਡੀਪਰੈਸ਼ਨ ਕਾਰਨ ਖੁਦਕਸ਼ੀ ਕਰਨ ਤੱਕ ਚਲੇ ਜਾਂਦੇਂ ਹਨ। ਵਿਸ਼ਵ ਸਿਹਤ ਸੰਸਥਾ ਦੇ ਅੰਕੜਿਆਂ ਮੁਤਾਬਕ ਵਿਸ਼ਵ ਭਰ ਵਿੱਚ ਹਰ ਸਾਲ 8.5 ਲੱਖ ਮੌਤਾਂ ਹੁੰਦੀਆਂ ਹਨ। ਲੜਕੇ ਲੜਕੀਆਂ ਦੇ ਵਿਆਹ ਬੰਧਨ ਤੋਂ ਬਿਨਾ ਇਕੋ ਕਮਰੇ'ਚ ਰਹਿਣਾ (ਲਿਵ ਇਨ) ਅੱਤੇ ਵਿਆਹ ਬੰਧਨਾ ਤੋਂ ਅਜ਼ਾਦ ਰਹਿੰਦੇ ਹਨ ਆਦਿ ਵਿਸ਼ਵੀਕਰਣ ਦੀਆਂ ਨੀਤੀਆਂ ਅਧੀਨ ਪੱਛਮੀ ਸਭਿਆਚਾਰ ਦੀ ਹੀ ਦੇਣ ਹਨ।

ਸਾਡੀ ਸਰਕਾਰ ਦੇਸ਼ ਨੂੰ ਅੱਜ ਕਿਸ ਦਿਸ਼ਾ ਵੱਲ ਲਿਜਾ ਰਹੀ ਹੈ ? ਜਦੋਂ ਕਿ ਵਿਸ਼ਵ ਭਰ ਵਿੱਚ ਇਨ੍ਹਾਂ ਨੀਤੀਆਂ ਵਿਰੁੱਧ ਲੋਕ ਸੜਕਾਂ 'ਤੇ ਉਤਰ ਆਏ ਹਨ। 2014 ਤੋਂ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਦੀ ਸਰਕਾਰ ਨੇ ਨੈਤਿਕ ਕਦਰਾਂ-ਕੀਮਤਾਂ ਦੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਨਾਂਅ ਹੇਠ ਸੰਪਰਦਾਇਕ ਤਾਕਤਾਂ ਖੁੱਲ੍ਹ ਖੇਡ ਖੇਡ ਰਹੀਆਂ ਹਨ ਅਤੇ ਹਰ ਮੁੱਦੇ ਨੂੰ ਫਿਰਕੂ ਨਜ਼ਰੀਏ ਤੋਂ ਵੇਖਿਆ ਜਾਣ ਲੱਗ ਪਿਆ ਹੈ। ਜਗੀਰੂ ਮਾਨਸਿਕਤਾ ਮੁੜ ਭਾਰੂ ਹੁੰਦੀ ਜਾ ਰਹੀ ਹੈ। ਸੱਤਾ ਧਾਰੀਆਂ ਹੱਥੋਂ ਬੱਚੀਆਂ ਲਗਾਤਾਰ ਬਲਾਤਕਾਰ ਦਾ ਸ਼ਿਕਾਰ ਹੋ ਰਹੀਆਂ ਹਨ। ਅਜਿਹੇ ਘਿਨਾਉਣੇ ਅਪਰਾਧਾਂ ਨੂੰ ਸੱਤਾਧਾਰੀਆਂ ਦੀ ਸ਼ਹਿ ਪ੍ਰਾਪਤ ਹੈ। ਇਹ ਸਾਡੇ ਸਭ ਲਈ ਇੱਕ ਚਿੰਤਾ ਦਾ ਵਿਸ਼ਾ ਹੈ ਅੱਤੇ ਇਨ੍ਹਾ ਲੋਕ ਵਿਰੋਧੀ ਤੇ ਦੇਸ਼ ਵਿਰੋਧੀ ਨੀਤੀਆਂ ਨੂੰ ਭਾਂਜ ਦੇਣ ਲਈ ਸੰਘਰਸ਼ ਕਰਨਾ ਸਾਡਾ ਫਰਜ਼ ਬਣਦਾ ਹੈ, ਤਾਂ ਜੋ ਦੇਸ਼ ਅਤੇ ਦੇਸ਼ ਦੀ ਜਵਾਨੀ ਨੂੰ ਬਚਾਅ ਸਕੀਏ। ਦੇਸ਼ ਅਤੇ ਲੋਕਾਂ ਦਾ ਵਿਕਾਸ ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਬਿਨਾਂ ਸਭ ਤੋਂ ਬਿਹਤਰ, ਆਰਥਕਤਾ ਦੇ ਸਮਾਜੀਕਰਨ ਰਾਹੀਂ ਹੋ ਸਕਦਾ ਹੈ, ਜਿਸ ਦਾ ਹੋਰ ਕੋਈ ਬਦਲ ਨਹੀਂ।

(ਸਮਾਪਤ)

ਸੰਪਰਕ:- 98550-04500

## ਇੰਟਰਨੈਸ਼ਨਲ ਨਰਸਿਜ਼ ਡੇ

# ਨਰਸ ਭੈਣਾਂ ਨੂੰ ਦਿਲੋਂ ਸਲਾਮ

ਨਰੇਸ਼ ਪਠਾਣੀਆ

ਅੱਜ ਦਾ ਦਿਹਾੜਾ ਸੰਸਾਰ ਭਰ ਵਿੱਚ ਨਰਸਿੰਗ ਲਹਿਰ ਦੀ ਮੋਢੀ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਦੀ ਯਾਦ ਵਿੱਚ "ਇੰਟਰਨੈਸ਼ਨਲ ਨਰਸਿਜ਼ ਡੇ" ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ ਕਿਉਂਕਿ ਫਲੋਰੈਂਸ ਨਾਈਟਿੰਗੇਲ ਨੇ ਆਪਣੇ ਜੀਵਨ ਦਾ ਜ਼ਿਆਦਾਤਰ ਸਮਾਂ ਪੀੜਤ ਮਾਨਵਤਾ ਦੀ ਭਲਾਈ ਦੇ ਲੇਖੇ ਲਾਇਆ। ਹਰ ਦੇਸ਼ ਵਿੱਚ ਇਸ ਦਿਨ ਨਰਸਿੰਗ ਲਹਿਰ ਨਾਲ ਜੁੜੀਆਂ ਲੱਖਾਂ ਨਰਸਾਂ ਨਾਈਟਿੰਗੇਲ ਨੂੰ ਸ਼ਰਧਾ ਪੂਰਵਕ ਯਾਦ ਕਰਕੇ ਉਹਨਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਲੈਂਦੀਆਂ ਰੋਗਾਂ ਦੀ ਰੋਕਥਾਮ, ਹਸਪਤਾਲਾਂ ਵਿੱਚ ਦਾਖਲ ਮਰੀਜ਼ਾਂ ਦੀ ਸੇਵਾ-ਸੰਭਾਲ, ਉਹਨਾਂ ਦੀਆਂ ਪਰੇਸ਼ਾਨੀਆਂ ਸੁਣਨਾ, ਡਾਕਟਰਾਂ ਵੱਲੋਂ ਜਾਰੀ ਕੀਤੇ ਹੁਕਮ ਮੰਨਣਾ, ਦਵਾਈਆਂ ਦੇਣਾ, ਬਿਸਤਰੇ ਤਿਆਰ ਕਰਨਾ, ਖਾਣਾ ਖੁਆਉਣਾ, ਰੋਗੀਆਂ ਨੂੰ ਆਪ੍ਰੇਸ਼ਨ ਥੀਏਟਰਾਂ ਤੱਕ ਲੈ ਜਾਣਾ, ਆਪ੍ਰੇਸ਼ਨ ਤੋਂ ਬਾਅਦ ਰੋਗੀਆਂ ਦੀ ਦੇਖਭਾਲ ਕਰਨ, ਮ੍ਰਿਤਕਾਂ ਜਾਂ ਰੋਗੀਆਂ ਦੇ ਸਕੇ-ਸੰਬੰਧੀਆਂ ਨੂੰ ਮਾਨਸਿਕ ਹੌਸਲਾ ਤਸੱਲੀ ਦੇਣ ਵਰਗੇ ਕਾਰਜ ਨਿਰੋਲ ਸੇਵਾ ਵਾਲੇ ਕਾਰਜ ਹਨ, ਜੋ ਨਰਸਾਂ ਦੇ ਹਿੱਸੇ ਆਉਂਦੇ ਹਨ। ਹਸਪਤਾਲਾਂ ਵਿੱਚ ਦਾਖਲ ਮਰੀਜ਼ਾਂ ਨੂੰ ਗੰਭੀਰ ਰੋਗਾਂ ਤੋਂ ਛੁਟਕਾਰਾ ਦਿਵਾਉਣ ਵਿੱਚ ਜਿੱਥੇ ਡਾਕਟਰਾਂ ਦਾ ਕਾਫ਼ੀ ਯੋਗਦਾਨ ਹੁੰਦਾ ਹੈ, ਉੱਥੇ ਨਰਸਾਂ ਦੁਆਰਾ ਕੀਤੀ ਗਈ ਦੇਖਭਾਲ ਅਤੇ ਸਹਾਇਤਾ ਕਾਰਨ ਵੀ ਰੋਗੀ ਆਪਣੀ ਬਿਮਾਰੀ ਤੋਂ ਸਮੇਂ ਤੋਂ ਪਹਿਲਾਂ ਹੀ ਠੀਕ ਹੋ ਕੇ ਆਪਣੇ ਪਰਵਾਰ ਵਿੱਚ ਹਸੀ-ਖੁਸ਼ੀ ਜੀਵਨ ਬਤੀਤ ਕਰਦਾ ਹੈ। ਨਰਸਿੰਗ ਦਾ ਕਿੱਤਾ ਇੱਕ ਮਹਾਨ ਕੰਮ ਹੈ ਅਤੇ ਦੁਖੀਆਂ ਦੀ ਸੇਵਾ ਕਰਨ ਵਾਲਾ ਕਿੱਤਾ ਹੈ। ਇਹ ਕਿੱਤਾ ਹੁਣ ਰੋਜ਼ਗਾਰ ਦਾ ਵੀ ਵਧੀਆ ਸਾਧਨ ਬਣ ਗਿਆ ਹੈ। ਨਰਸਿੰਗ ਦੇ ਖੇਤਰ ਵਿੱਚ ਵਿਸ਼ੇਸ਼ ਵਿਸ਼ਿਆਂ ਨਾਲ ਸੰਬੰਧਤ ਮਾਹਿਰ ਨਰਸਾਂ ਲਈ ਵਿਦੇਸ਼ਾਂ ਵਿੱਚ ਵੀ ਕਾਫ਼ੀ ਰੋਜ਼ਗਾਰ ਦੇ ਮੌਕੇ ਉਪਲੱਬਧ ਹਨ। 19ਵੀਂ ਸਦੀ ਵਿੱਚ ਸ੍ਰੀਮਤੀ ਅਲਿਜ਼ਾਬੈਥ ਫਰਾਈ ਅਤੇ ਕੁਮਾਰੀ ਫਲੋਰੈਂਸ ਨਾਈਟਿੰਗੇਲ ਦੇ ਨਾਂਅ ਹਸਪਤਾਲਾਂ ਦਾ ਕੰਮ ਨੇਮਬੱਧ ਕਰਨ ਅਤੇ ਨਰਸਾਂ ਦੀ ਸਿਖਲਾਈ ਆਰੰਭ ਕਰਨ ਲਈ ਪ੍ਰਸਿੱਧ ਹਨ।

ਫਲੋਰੈਂਸ ਦੇ ਜੀਵਨ 'ਤੇ ਇੱਕ ਝਾਤ ਪਾਈਏ ਤਾਂ ਨਾਈਟਿੰਗੇਲ ਦਾ ਜਨਮ 12 ਮਈ, 1820 ਨੂੰ ਇਟਲੀ ਦੇ ਕਸਬੇ ਫਲੋਰੈਂਸ ਵਿੱਚ ਪਿਤਾ ਵਿਲੀਅਮ ਐਡਵਰਡ ਨਾਈਟਿੰਗੇਲ ਦੇ ਘਰ ਮਾਤਾ ਫਰੈਂਸਿਸ 'ਫੈਨੀ' ਨਾਈਟਿੰਗੇਲ ਸਮਿਥ ਦੀ ਕੁੱਖੋਂ ਇੱਕ ਦੌਲਤਮੰਦ ਪਰਵਾਰ ਵਿੱਚ ਹੋਇਆ। ਬਚਪਨ ਤੋਂ ਹੀ ਉਹ ਦੂਜਿਆਂ ਨਾਲੋਂ ਵੱਖਰੀ ਸੀ, ਆਪਣਾ ਐਸ਼ੋ-ਆਰਾਮ ਵਾਲਾ ਜੀਵਨ ਜਿਉਣ ਦੀ ਬਜਾਏ ਦੁਖੀਆਂ ਅਤੇ ਲੋੜਵੰਦਾਂ ਦੀ ਸੇਵਾ-ਸੰਭਾਲ ਦਾ ਜਜ਼ਬਾ ਰੱਖਦੀ ਸੀ। 1853 ਵਿੱਚ ਫਲੋਰੈਂਸ ਪੈਰਿਸ ਵਿਖੇ ਸਿਸਟਰਜ਼ ਆਫ ਚੈਰਿਟੀ ਵਿਖੇ ਨਰਸਿੰਗ ਦੀ ਪੜ੍ਹਾਈ ਲਈ ਗਈ। ਬਾਅਦ ਵਿੱਚ ਉਹ ਤੁਰਕੀ ਦੇ ਜਨਰਲ ਹਸਪਤਾਲ ਵਿਖੇ ਸੁਪਰਿੰਟੈਂਡੈਂਟ ਨਿਯੁਕਤ ਕੀਤੀ ਗਈ। 1854 ਵਿੱਚ ਕਰੀਮੀਅਨ ਵਾਰ ਦੌਰਾਨ ਉਸ ਨੇ ਜ਼ਖਮੀ ਫੌਜੀ ਮਰੀਜ਼ਾਂ ਦੀ ਸੇਵਾ ਕਰਕੇ ਨਰਸਿੰਗ ਕਿੱਤੇ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਨਾਈਟਿੰਗੇਲ ਵੱਲੋਂ ਰੋਗੀਆਂ ਦੀ ਸਿਹਤ ਸੰਬੰਧੀ, ਸਾਫ਼-ਸਫ਼ਾਈ ਅਤੇ ਨਰਸਿੰਗ ਕਿੱਤੇ ਵਿੱਚ ਕੀਤੇ ਸੁਧਾਰਾਂ ਸਦਕਾ ਤੁਰਕੀ ਦੇ ਬੈਰਕਸ ਹਸਪਤਾਲ ਵਿਖੇ ਮ੍ਰਿਤੂ ਦਰ ਵਿੱਚ ਹੈਰਾਨੀਜਨਕ ਕਮੀਂ ਆਈ। ਖੁਦ ਆਰਾਮ ਕਰਨ ਤੋਂ ਪਹਿਲਾਂ ਉਹ ਹੱਥ ਵਿੱਚ ਲਾਲਟੈਣ ਫੜ ਦੇਰ ਰਾਤ ਤੀਕ ਮਰੀਜ਼ਾਂ ਕੋਲ ਚੱਕਰ ਲਗਾਉਂਦੀ, ਉਹਨਾਂ ਦੇ ਦੁੱਖ-ਦਰਦ ਵੰਡਦੀ ਅਤੇ ਹੌਸਲਾ ਦਿੰਦੀ। ਜ਼ਖਮੀ ਫੌਜੀ ਫਲੋਰੈਂਸ ਨੂੰ 'ਦਿ ਲੇਡੀ ਵਿੱਦ ਲੈਂਪ' ਕਹਿਣ ਲੱਗ ਪਏ। ਸਫ਼ਾਈ ਅਤੇ ਡਿਊਟੀ 'ਤੇ ਫਲੋਰੈਂਸ ਵਿਸ਼ੇਸ਼ ਜ਼ੋਰ ਦਿੰਦੀ ਸੀ। 1860 ਵਿੱਚ ਫਲੋਰੈਂਸ ਨੇ ਲੰਡਨ ਦੇ ਸੇਂਟ ਥਾਮਸ ਹਾਸਪੀਟਲ ਵਿੱਚ ਨਰਸਾਂ ਦੀ ਟ੍ਰੇਨਿੰਗ ਲਈ ਪਹਿਲਾ ਨਾਈਟਿੰਗੇਲ ਟ੍ਰੇਨਿੰਗ ਸਕੂਲ ਚਾਲੂ ਕੀਤਾ।

ਫਲੋਰੈਂਸ ਨੇ ਨਰਸਿੰਗ ਦੀ ਮਹੱਤਤਾ, ਸੇਵਾ ਦੀ ਭਾਵਨਾ ਆਦਿ ਵਿਸ਼ਿਆਂ 'ਤੇ ਕਈ ਕਿਤਾਬਾਂ ਵੀ ਲਿਖੀਆਂ ਅਤੇ ਸਮਾਜ ਵਿੱਚ ਲੜਕੀਆਂ ਅਤੇ ਇਸਤਰੀਆਂ ਲਈ ਨਰਸਿੰਗ ਦਾ ਕਾਰਜ ਇੱਜ਼ਤਦਾਰ ਕਾਰਜ ਬਣ ਗਿਆ। 1907 ਵਿੱਚ ਅੰਤਰ-ਰਾਸ਼ਟਰੀ ਰੈੱਡ ਕਰਾਸ ਨੇ ਫਲੋਰੈਂਸ ਨੂੰ ਸਦੀ ਦੀ ਮਹਾਨ ਇਸਤਰੀ ਅਤੇ ਜ਼ਖਮੀਆਂ ਦੀ ਮਸੀਹਾ ਦਾ ਸਨਮਾਨ ਦਿੱਤਾ। ਫਲੋਰੈਂਸ ਨੇ ਆਪਣੀ ਜ਼ਿੰਦਗੀ ਦਾ ਕਾਫ਼ੀ ਸਮਾਂ ਬਿਮਾਰੀ ਵਿੱਚ ਵੀ ਗੁਜ਼ਾਰਿਆ, ਪਰੰਤੂ ਫ਼ਿਰ ਵੀ ਰੋਗੀਆਂ ਦੀ ਸੇਵਾ ਦਾ ਖਿਆਲ ਪਲ-ਪਲ ਉਸ ਦੇ ਨਾਲ ਰਿਹਾ। ਬਿਮਾਰ ਹੁੰਦੇ ਹੋਏ ਵੀ ਉਸ ਨੇ ਨਰਸਿੰਗ ਦੇ ਕੰਮਾਂ ਵਿੱਚ ਸੁਧਾਰ ਕੀਤੇ। ਬ੍ਰਿਟਿਸ਼ ਸਰਕਾਰ ਜ਼ਖਮੀ ਸਿਪਾਹੀਆਂ ਅਤੇ ਹਸਪਤਾਲਾਂ ਦੀ ਤਰੱਕੀ ਲਈ ਫਲੋਰੈਂਸ ਤੋਂ ਲਗਾਤਾਰ ਸਲਾਹ ਲੈਂਦੀ ਰਹਿੰਦੀ ਸੀ। 13 ਅਗਸਤ, 1910 ਵਿੱਚ 90 ਸਾਲ ਦੀ ਉਮਰ ਭੋਗਣ ਉਪਰੰਤ ਫਲੋਰੈਂਸ ਨਾਈਟਿੰਗੇਲ ਦੀ ਲੰਡਨ ਵਿਖੇ ਮੌਤ ਹੋ ਗਈ। ਫਲੋਰੈਂਸ ਰਾਹੀਂ ਚਲਾਈ ਨਰਸਿੰਗ ਲਹਿਰ ਨਾਲ ਲੜਕੀਆਂ ਲਈ ਨਰਸਿੰਗ ਦਾ ਕਾਰਜ ਸੰਸਾਰ ਭਰ ਵਿੱਚ ਫੈਲ ਗਿਆ। ਇਸ ਪੇਸ਼ੇ ਦੇ ਸਨਮਾਨ ਕਾਰਨ ਹੀ ਨਰਸ ਨੂੰ ਸਿਸਟਰ ਕਹਿ ਕੇ ਬੁਲਾਇਆ ਜਾਂਦਾ ਹੈ। ਅੱਜ ਲੋੜ ਹੈ ਅਸੀਂ ਨਰਸਿੰਗ ਕਿੱਤੇ ਨੂੰ ਪੂਰੀ ਇੱਜ਼ਤ ਅਤੇ ਸਤਿਕਾਰ ਦੇਈਏ। ਬਿਮਾਰਾਂ ਦੀ ਦੇਖਭਾਲ ਕਰ ਰਹੀਆਂ ਸੇਵਕਾਵਾਂ ਤੋਂ ਵੀ ਇਹ ਉਮੀਦ ਕੀਤੀ ਜਾਂਦੀ ਹੈ ਕਿ ਬਿਮਾਰਾਂ ਅਤੇ ਲਾਚਾਰਾਂ ਦੇ ਦੁੱਖ-ਦਰਦ ਨੂੰ ਘੱਟ ਕਰਨ ਲਈ ਸੇਵਾ-ਭਾਵ ਰੱਖਣ ਦੇ ਨਾਲ-ਨਾਲ ਮਾਂ ਵਰਗਾ ਕੋਮਲ ਹਿਰਦਾ ਵੀ ਰੱਖਣ। ਕੋਰੋਨਾ ਮਹਾਂਮਾਰੀ ਦੇ ਪ੍ਰਕੋਪ ਤੋਂ ਮਾਨਵਤਾ ਨੂੰ ਬਚਾਉਣ ਲਈ ਵਿਸ਼ਵ ਭਰ ਵਿੱਚ ਜਿੱਥੇ ਡਾਕਟਰਜ਼, ਪ੍ਰਸ਼ਾਸਨਿਕ ਅਧਿਕਾਰੀ, ਪੁਲਸ ਮੁਲਾਜ਼ਮ, ਸਫਾਈ ਕਰਮਚਾਰੀ ਅਤੇ ਸਵੈਸੇਵੀ ਸੰਸਥਾਵਾਂ ਦੇ ਵਲੰਟੀਅਰ ਦਿਨ-ਰਾਤ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਸਨ, ਉੱਥੇ ਫਰੰਟ ਲਾਈਨ 'ਤੇ ਕੰਮ ਕਰ ਰਹੇ ਨਰਸਿੰਗ ਸਟਾਫ ਦੇ ਯੋਗਦਾਨ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ।

ਕੋਰੋਨਾ ਕਾਲ ਦੌਰਾਨ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਫਰੰਟ ਲਾਈਨ 'ਤੇ ਰਹਿ ਕੇ ਘਰ ਵਿੱਚ ਇੱਕ ਮਾਂ ਅਤੇ ਡਿਊਟੀ ਦੌਰਾਨ ਆਪਣੇ ਫਰਜ਼ ਨਿਭਾਉਣ ਵਾਲੀਆਂ ਇਹਨਾਂ ਨਰਸ ਭੈਣਾਂ ਨੂੰ ਦਿਲੋਂ ਸਲਾਮ। ਕੋਰੋਨਾ ਕਾਲ ਦੌਰਾਨ ਮਰੀਜ਼ਾਂ ਦੀ ਸੰਭਾਲ ਕਰਦਿਆਂ ਕਈ ਨਰਸ ਭੈਣਾਂ ਖ਼ੁਦ ਕੋਰੋਨਾ ਪਾਜ਼ੀਟਿਵ ਵੀ ਹੋ ਗਈਆਂ ਸਨ, ਜਿਸ ਕਾਰਨ ਇਹਨਾਂ ਨੂੰ ਆਪਣੇ ਪਰਵਾਰ ਅਤੇ ਬੱਚਿਆਂ ਤੋਂ ਵੀ ਦੂਰ ਰਹਿਣਾ ਪਿਆ। ਕੁੱਝ ਭੈਣਾਂ ਦੇ ਬੱਚੇ ਉਹਨਾਂ ਕਾਰਨ ਕੋਰੋਨਾ ਦੀ ਲਪੇਟ ਵਿੱਚ ਆਏ, ਪਰ ਇਹਨਾਂ ਮੁਸ਼ਕਲਾਂ ਦੇ ਬਾਵਜੂਦ ਇਹਨਾਂ ਹਿੰਮਤ ਨਹੀਂ ਹਾਰੀ ਤੇ ਮਰੀਜ਼ਾਂ ਦੀ ਸੇਵਾ ਵਿੱਚ ਦਿਨ-ਰਾਤ ਜੁਟੀਆਂ ਰਹੀਆਂ। ਇਹ ਉਹ ਸੇਵਕਾਵਾਂ ਹਨ, ਜੋ ਆਪਣੀ ਜ਼ਿੰਦਗੀ ਪਰਵਾਰ, ਬੱਚਿਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਸਮਰਪਿਤ ਕਰਦੀਆਂ ਹਨ।

# ਸੰਪਰਕ : 98557-00157

# ਡਾਰਵਿਨ ਤੋਂ ਏਨਾ ਡਰ ਕਿਉਂ ?

ਹਰਚਰਨ ਸਿੰਘ ਚਹਿਲ

ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੀ ਨਿਗਰਾਨੀ ਹੇਠ ਕੰਮ ਕਰਨ ਵਾਲੇ ਅਦਾਰੇ ਐੱਨ ਸੀ ਈ ਆਰ ਟੀ ਨੇ ਡਾਰਵਿਨ ਦੇ ਜੀਵ-ਉਤਪਤੀ ਨਾਲ ਸੰਬੰਧਤ ਕਰਮ-ਵਿਕਾਸ ਸਿਧਾਂਤ ਨੂੰ ਸਕੂਲੀ ਸਿੱਖਿਆ ਦੇ ਸਿਲੇਬਸ ਵਿੱਚੋਂ ਬਾਹਰ ਕੱਢ ਦਿੱਤਾ ਹੈ। ਇਸ ਅਦਾਰੇ ਨੇ ਪਿਛਲੇ ਦਿਨੀਂ ਇਤਿਹਾਸ ਨਾਲ ਸੰਬੰਧਤ ਕਈ ਹਿੱਸੇ ਵੀ ਸਕੂਲੀ ਸਿਲੇਬਸ ਵਿੱਚੋਂ ਬਾਹਰ ਕੱਢੇ ਸਨ। ਹਾਲਾਂਕਿ ਇਤਿਹਾਸ ਦੇ ਇਨ੍ਹਾਂ ਹਿੱਸਿਆਂ ਦਾ ਸਿਲੇਬਸ 'ਚੋਂ ਹਟਾਇਆ ਜਾਣਾ ਵੀ ਚਿੰਤਾਜਨਕ ਵਰਤਾਰਾ ਹੈ, ਪਰ ਡਾਰਵਿਨ ਦੇ ਸਿਧਾਂਤ ਨੂੰ ਹਟਾਏ ਜਾਣ ਦਾ ਮਾਮਲਾ ਉਸ ਨਾਲੋਂ ਅਲੱਗ ਕਿਸਮ ਦਾ ਹੈ ਅਤੇ ਕੁੱਝ ਪੱਖਾਂ ਤੋਂ ਵਧੇਰੇ ਖਤਰਨਾਕ ਤੇ ਖ਼ੌਫ਼ਨਾਕ ਵੀ ਹੈ। ਇਹ ਵਰਤਾਰਾ ਵਿਗਿਆਨਕ ਵਿਚਾਰਾਂ ਦੇ ਮੁਕਾਬਲੇ ਧਾਰਮਿਕ ਮਿੱਥਾਂ ਨੂੰ ਤਰਜੀਹ ਦੇਣ ਦੇ ਖਤਰਨਾਕ ਰੁਝਾਨ ਦਾ ਪ੍ਰਤੀਕ ਹੈ।

ਸੰਨ 1809 ਵਿੱਚ ਬਰਤਾਨੀਆ ਵਿੱਚ ਜਨਮੇ ਚਾਰਲਿਸ ਡਾਰਵਿਨ ਨੇ ਸੰਨ 1859 ਵਿੱਚ ਛਪ ਕੇ ਆਈ ਆਪਣੀ ਸ਼ਾਹਕਾਰ ਰਚਨਾ 'ਆਨ ਦ ਓਰਿਜ਼ਨ ਆਫ਼ ਸਪੀਸ਼ੀਜ਼' ਨਾਲ ਜੀਵ-ਉਤਪਤੀ ਨਾਲ ਸੰਬੰਧਤ ਵਿਚਾਰਾਂ ਵਿੱਚ ਇੱਕ ਤਰਥੱਲੀ ਮਚਾ ਦਿੱਤੀ। ਵਿਕਾਸਵਾਦ ਦਾ ਸਿਧਾਂਤ ਵਿਕਸਿਤ ਕਰਨ ਲਈ ਉਸ ਨੇ ਲਗਾਤਾਰ ਕਈ ਸਾਲ ਸਖਤ ਮਿਹਨਤ ਕੀਤੀ। ਸੰਨ 1831 ਤੋਂ 36 ਤੱਕ ਲਗਾਤਰ ਪੰਜ ਸਾਲ ਇੱਕ ਖੋਜੀ ਸਮੁੰਦਰੀ ਜਹਾਜ਼ ਐੱਚ ਐੱਮ ਐੱਸ ਬੀਗਲ ਰਾਹੀਂ ਦੱਖਣੀ ਅਮਰੀਕੀ ਮਹਾਂਦੀਪ ਦੇ ਅਨੇਕਾਂ ਟਾਪੂਆਂ ਤੋਂ ਬਹੁਤ ਸਾਰੇ ਅੰਕੜੇ ਤੇ ਤੱਥ ਇਕੱਤਰ ਕੀਤੇ। ਉਸ ਦੇ ਖੋਜ-ਨਤੀਜੇ ਏਨੇ ਪੁਖਤਾ ਸਨ ਕਿ ਜੀਵ-ਉਤਪਤੀ ਬਾਰੇ ਤਦਕਾਲੀਨ ਪ੍ਰਚੱਲਿਤ ਵਿਚਾਰਾਂ ਦੇ ਸਮਰਥਕਾਂ ਵੱਲੋਂ ਤਿੱਖੇ ਵਿਰੋਧਾਂ ਤੇ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਨੂੰ ਝੁਠਲਾਇਆ ਨਹੀਂ ਜਾ ਸਕਿਆ। ਹੋਰ ਵਿਗਿਆਨੀਆਂ ਦੀ ਅਗਲੇਰੀ ਖੋਜ ਨੇ ਇਸ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਇਸ ਨੂੰ ਹੋਰ ਪੁਖਤਾ ਕੀਤਾ।

ਵਿਗਿਆਨ ਵਿੱਚ ਥੋੜ੍ਹੀ ਜਿਹੀ ਦਿਲਚਸਪੀ ਰੱਖਣ ਵਾਲਾ ਆਮ ਸ਼ਖਸ ਵੀ ਆਪਣੇ ਆਲੇ-ਦੁਆਲੇ ਡਾਰਵਿਨ ਦੇ ਵਿਕਾਸਵਾਦ ਦੇ ਸਿਧਾਂਤ ਦੇ ਅਨੇਕਾਂ ਸਬੂਤਾਂ ਨੂੰ ਆਸਾਨੀ ਨਾਲ ਦੇਖ ਸਕਦਾ ਹੈ। ਡਾਕਟਰੀ ਵਿਗਿਆਨ ਦੱਸਦਾ ਹੈ ਕਿ ਮਨੁੱਖੀ ਸਰੀਰ ਅੰਦਰ ਅਜਿਹੇ ਦਰਜਨਾਂ ਗੈਰ-ਸਰਗਰਮ ਤੇ ਅਵਸ਼ੇਸ਼ੀ ਅੰਗ ਹਨ, ਜਿਹੜੇ ਮਨੁੱਖ ਦਾ, ਵਿਕਾਸਵਾਦ ਦੇ ਕਰਮ ਵਿੱਚ ਇਸ ਦੀਆਂ ਪੂਰਵਜ਼-ਪ੍ਰਜਾਤੀਆਂ ਨਾਲ ਸੰਬੰਧ ਜੋੜਦੇ ਹਨ। ਸਾਡੀ ਰੀੜ੍ਹ ਦੀ ਹੱਡੀ ਦਾ ਸਭ ਤੋਂ ਹੇਠਲਾ 'ਮਣਕਾ' ਅਜਿਹਾ ਹੀ ਇੱਕ ਅਵਸ਼ੇਸ਼ੀ ਅੰਗ ਹੈ, ਜਿਹੜਾ ਕਿਸੇ ਪਿਛਲੇਰੀ ਪ੍ਰਜਾਤੀ ਦੀ ਪੂਛ ਰਿਹਾ ਹੋਵੇਗਾ। ਮਨੁੱਖ ਆਪਣੇ ਵਿਕਸਿਤ ਹੋਏ ਹੱਥਾਂ ਤੋਂ ਪੂਛ ਵਾਲਾ ਕੰਮ ਲੈਣ ਲੱਗਿਆ, ਇਸ ਲਈ ਇਹ ਅੰਗ ਘਟ ਕੇ ਮੌਜੂਦਾ ਰੂਪ ਧਾਰਨ ਕਰ ਗਿਆ। ਡਾਰਵਿਨ ਦੇ ਵਿਕਾਸਵਾਦ ਦਾ ਇੱਕ ਹੋਰ ਅਟੁੱਟ ਸਬੂਤ ਹੈ, ਮਨੁੱਖ ਤੇ ਇਸ ਦੀਆਂ ਨਜ਼ਦੀਕੀ ਪ੍ਰਜਾਤੀਆਂ ਦਰਮਿਆਨ ਡੀ ਐੱਨ ਏ ਦੀ ਸਾਂਝ। ਮਨੁੱਖ (ਵਿਗਿਆਨਕ ਨਾਮ : ਹੋਮੋ ਸੇਪੀਅਨ), ਵਣਮਾਨਸ, ਚਿਮਪੈਂਜੀ ਤੇ ਬੌਣਾ-ਚਿਮਪੈਂਜੀ ( ਬੋਨੋਬੋ-ਵਾਨਰ) ਪ੍ਰਜਾਤੀਆਂ ਦਾ ਆਪਸ ਵਿੱਚ 98.8 ਪ੍ਰਤੀਸ਼ਤ ਡੀ ਐੱਨ ਏ ਸਾਂਝਾ ਹੈ। ਗੋਰੀਲਾ ਪ੍ਰਜਾਤੀ ਨਾਲ ਮਨੁੱਖ ਦਾ 98.4 ਅਤੇ ਬਾਂਦਰ ਨਾਲ 93% ਡੀਐਨਏ ਮਿਲਦਾ ਹੈ। ਇਸ ਪੱਖ ਤੋਂ ਮਨੁੱਖ ਦੀ 90% ਰਿਸ਼ਤੇਦਾਰੀ ਤਾਂ ਚੂਹਿਆਂ ਨਾਲ ਵੀ ਹੈ।

ਵਿਕਾਸਵਾਦ ਦੇ ਅਮਲ ਵਿੱਚ ਮਨੁੱਖ ਤੇ ਬਾਂਦਰ ਵਿਚਾਲੇ, ਉਪਰੋਕਤ ਤੋਂ ਇਲਾਵਾ ਨੀਥਰਬਲ ਵਗੈਰਾ ਕਈ ਹੋਰ ਪ੍ਰਜਾਤੀਆਂ ਵੀ ਹਨ, ਪਰ ਬੋਲਚਾਲ ਦੀ ਆਮ ਭਾਸ਼ਾ ਵਿੱਚ ਅਤੇ ਆਮ ਜਨ-ਸਧਾਰਨ ਨੂੰ ਸਮਝਾਉਣ ਲਈ ਕੀਤੀ ਗੱਲਬਾਤ ਵਿੱਚ 'ਬਾਂਦਰ ਤੋਂ ਬੰਦਾ ਬਣਨ' ਦੀ ਹੀ ਗੱਲ ਹੁੰਦੀ ਹੈ। ਅਜਿਹਾ ਸ਼ਾਇਦ ਸਾਡੇ ਆਸ-ਪਾਸ, ਦੂਸਰੀਆਂ ਪ੍ਰਜਾਤੀਆਂ ਦੇ ਮੁਕਾਬਲੇ, ਬਾਂਦਰ ਦੀ ਵਧੇਰੇ ਤੇ ਵਿਆਪਕ ਮੌਜੂਦਗੀ ਦਾ ਹੋਣਾ ਹੈ।

ਵਿਕਾਸਵਾਦ ਦੇ ਸਬੂਤਾਂ ਦੀ ਇੰਨੀ ਸਪੱਸ਼ਟ ਤੇ ਵਿਆਪਕ ਮੌਜੂਦਗੀ ਦੇ ਬਾਵਜੂਦ ਧਾਰਮਿਕ ਕੱਟੜਪੰਥੀ ਇਸ ਸਿਧਾਂਤ ਨੂੰ ਝੁਠਲਾਉਣਾ ਕਿਉਂ ਚਾਹੁੰਦੇ ਹਨ ? ਕਿਉਂਕਿ ਇਹ ਸਿਧਾਂਤ ਇਸ ਸੰਸਾਰ ਉਪਰ ਜੀਵ-ਉਤਪਤੀ ਬਾਰੇ ਅਤੇ ਵਿਸ਼ੇਸ਼ ਤੌਰ 'ਤੇ ਮਨੁੱਖ ਉਤਪਤੀ ਬਾਰੇ, ਉਨ੍ਹਾਂ ਦੇ ਧਾਰਮਿਕ ਅਕੀਦਿਆਂ ਨੂੰ ਡੂੰਘੀ ਚੋਟ ਪਹੁੰਚਾਉਂਦਾ ਹੈ। ਸਭ ਤੋਂ ਪਹਿਲਾਂ ਤੇ ਸਭ ਤੋਂ ਵੱਧ ਤਿੱਖਾ ਵਿਰੋਧ ਤਾਂ ਈਸਾਈ ਮੱਤ ਵਾਲਿਆਂ ਨੇ ਕੀਤਾ। ਉਨ੍ਹਾਂ ਦੇ ਧਾਰਮਿਕ ਗ੍ਰੰਥ ਬਾਈਬਲ ਅਨੁਸਾਰ ਪ੍ਰਮਾਤਮਾ ਨੇ ਸੱਤ ਦਿਨਾਂ ਵਿੱਚ ਹਰੇਕ ਜੀਵ-ਜੰਤੂ ਦੀ ਖੁਦ ਰਚਨਾ ਕੀਤੀ। ਅਜਿਹੇ ਧਾਰਮਿਕ ਅਕੀਦੇ ਵਾਲਾ ਵਿਅਕਤੀ ਡਾਰਵਿਨ ਦੇ ਸਿਧਾਂਤ ਨੂੰ ਕਿਵੇਂ ਸਵੀਕਾਰ ਕਰ ਸਕਦਾ ਹੈ, ਜਿਸ ਸਿਧਾਂਤ ਅਨੁਸਾਰ ਪਹਿਲਾਂ ਤੋਂ ਮੌਜੂਦ ਪ੍ਰਜਾਤੀਆਂ ਵਿੱਚ ਹੌਲੀ-ਹੌਲੀ ਹਜ਼ਾਰਾਂ/ਲੱਖਾਂ ਸਾਲਾਂ ਵਿੱਚ ਹੋਈਆਂ ਤਬਦੀਲੀਆਂ ਰਾਹੀਂ ਨਵੀਂਆਂ ਤੇ ਵੱਖਰੀਆਂ ਪ੍ਰਜਾਤੀਆਂ ਹੋਂਦ ਵਿੱਚ ਆਉਂਦੀਆਂ ਰਹਿੰਦੀਆਂ ਹਨ। ਅਮਰੀਕਾ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਡਾਰਵਿਨ ਦੇ ਸਿਧਾਂਤ ਨੂੰ ਪੜ੍ਹਾਉਣ ਉਪਰ ਕਾਨੂੰਨੀ ਪਾਬੰਦੀ ਲਾਉਣ ਦੀ ਮੰਗ ਲਗਾਤਾਰ ਉੱਠਦੀ ਰਹਿੰਦੀ ਹੈ। ਇਸਲਾਮ ਧਰਮ ਦੇ ਪੈਰੋਕਾਰਾਂ ਨੂੰ ਵੀ ਡਾਰਵਿਨ ਦਾ ਸਿਧਾਂਤ ਬਹੁਤ ਖਤਰਨਾਕ ਜਾਪਦਾ ਹੈ। ਇਸਲਾਮੀ ਧਾਰਮਿਕ ਗ੍ਰੰਥ ਅਤੇ ਡਾਰਵਿਨ ਦਾ ਸਿਧਾਂਤ ਜੀਵ-ਉਤਪਤੀ ਨੂੰ ਲੈ ਕੇ ਬਿਲਕੁਲ ਉਲਟ ਦਿਸ਼ਾ ਵਿੱਚ ਖੜ੍ਹੇ ਹਨ। ਇਸ ਲਈ ਸਾਊਦੀ ਅਰਬ, ਓਮਾਨ, ਅਲਜੀਰੀਆ, ਮੋਰੱਕੋ ਤੇ ਲੈਬਨਾਨ ਜਿਹੇ ਕਈ ਮੁਸਲਿਮ ਮੁਲਕਾਂ ਨੇ ਵਿਕਾਸਵਾਦ ਦਾ ਸਿਧਾਂਤ ਪੜ੍ਹਾਉਣ 'ਤੇ ਪਾਬੰਦੀ ਲਗਾ ਰੱਖੀ ਹੈ।

ਹੁਣ ਪਿਛਲੇ ਤਕਰੀਬਨ ਇੱਕ ਦਹਾਕੇ ਤੋਂ ਭਾਰਤ ਵਿੱਚ ਵੀ ਇਸ ਸਿਧਾਂਤ ਵਿਰੁੱਧ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਸਾਡੇ ਦੇਸ਼ ਵਿੱਚ ਧਾਰਮਿਕ ਅਕੀਦਿਆਂ ਤੇ ਵਿਗਿਆਨਕ ਵਿਚਾਰਾਂ ਦਰਮਿਆਨ ਅਜਿਹੀ ਤਿੱਖੀ ਵਿਰੋਧਤਾਈ, ਸਾਡੇ ਵਰਤਮਾਨ ਹਾਕਮਾਂ ਦੇ ਆਉਣ ਤੋਂ ਪਹਿਲਾਂ ਕਦੇ ਦਿਖਾਈ ਨਹੀਂ ਸੀ ਦਿੱਤੀ। ਡਾਰਵਿਨ ਦਾ ਇਹ ਸਿਧਾਂਤ ਵਰਤਮਾਨ ਭਾਰਤੀ ਸੱਤਾਧਾਰੀਆਂ ਦੇ ਵਿਚਾਰਧਾਰਕ ਚੌਖਟੇ ਵਿੱਚ ਬਿਲਕੁਲ ਵੀ ਫਿੱਟ ਨਹੀਂ ਬੈਠਦਾ। ਸਾਡੇ ਮੌਜੂਦਾ ਸ਼ਾਸਕਾਂ ਨੇ ਆਪਣੇ ਸਮਰਥਕਾਂ ਦੀ ਲਾਮਬੰਦੀ ਲਈ ਜਿਹੜਾ ਬਿਰਤਾਂਤ ਸਿਰਜ ਰੱਖਿਆ ਅਤੇ ਬਹੁਗਿਣਤੀ ਸਮਰਥਕਾਂ ਨੂੰ ਪੱਕੀ ਤਰ੍ਹਾਂ ਜਚਾ ਵੀ ਰੱਖਿਆ ਹੈ, ਉਸ ਬਿਰਤਾਂਤ ਮੁਤਾਬਕ ਭਾਰਤ ਅਤੀਤ ਵਿੱਚ, ਗਿਆਨ ਸਮੇਤ ਹਰ ਪੱਖ ਤੋਂ ਵਿਸ਼ਵ ਗੁਰੂ ਰਿਹਾ ਹੈ। ਇੱਕ ਹਸਪਤਾਲ ਦਾ ਉਦਘਾਟਨ ਕਰਦੇ ਵਕਤ ਪ੍ਰਧਾਨ ਮੰਤਰੀ ਫੁਰਮਾਉਂਦੇ ਹਨ ਕਿ ਗਣੇਸ਼ ਜੀ ਦਾ ਹਾਥੀ-ਨੱਕ, ਅਤੀਤ ਵਿੱਚ ਪਲਾਸਟਿਕ ਸਰਜਰੀ ਵਿੱਚ ਸਾਡੇ ਦੇਸ਼ ਦੀ ਮੁਹਾਰਤਾ ਦੇ ਸਿਖਰ 'ਤੇ ਪਹੁੰਚਣ ਦਾ ਪ੍ਰਤੀਕ ਹੈ। ਇੱਕ ਹੋਰ ਸੱਤਾਧਾਰੀ ਨੇਤਾ ਕੌਰਵ ਪੁੱਤਰਾਂ ਦੀ ਵੱਡੀ ਗਿਣਤੀ ਨੂੰ ਅਤੀਤ ਵਿੱਚ ਭਾਰਤ ਵਿੱਚ ਸਟੈਮ-ਸੈਲ ਟੈਕਨਾਲੋਜੀ ਦੇ ਅਤਿ-ਵਿਕਸਿਤ ਹੋਣ ਦੇ ਸਬੂਤ ਵਜੋਂ ਪੇਸ਼ ਕਰਦਾ ਹੈ। ਵਰਤਮਾਨ ਸੱਤਾਧਾਰੀ ਦਲ ਦੇ ਬਹੁਤ ਸਮਰਥਕ ਇਨ੍ਹਾਂ ਮਿੱਥਕਾਂ ਨੂੰ ਸੱਚ ਮੰਨੀ ਬੈਠੇ ਹਨ। ਉਹ ਧਾਰਮਿਕ ਗ੍ਰੰਥਾਂ ਵਿਚ ਦਰਜ ਜੀਵ-ਉਤਪਤੀ ਬਿਰਤਾਂਤ ਉਪਰ ਸੰਦੇਹ ਤੱਕ ਕਰਨ ਨੂੰ ਵੀ ਤਿਆਰ ਨਹੀਂ ਹਨ। ਇਹ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਕਿ 'ਕੋਈ ਡਾਰਵਿਨ' ਆ ਕੇ ਵਿਸ਼ਵ-ਗੁਰੂ ਰਹੇ ਭਾਰਤੀਆਂ ਨੂੰ ਇਹ 'ਗਿਆਨ' ਦੇਵੇ ਕਿ ਮਨੁੱਖ ਬਾਂਦਰ-ਪ੍ਰਜਾਤੀ ਤੋਂ ਪੈਦਾ ਹੋਇਆ।

ਵਿਗਿਆਨ ਅਨੁਸਾਰ ਮਨੁੱਖ ਦਾ ਵਰਤਮਾਨ ਹੋਮੋ-ਸੇਪੀਅਨਜ਼ ਵਾਲਾ ਸਰੂਪ ਮਹਿਜ਼ ਤਿੰਨ ਕੁ ਲੱਖ ਸਾਲ ਪਹਿਲਾਂ ਹੋਂਦ ਵਿੱਚ ਆਇਆ, ਪਰ ਧਰਮ ਸ਼ਾਸਤਰਾਂ ਮੁਤਾਬਕ ਮਨੁੱਖ ਇਸ ਧਰਤੀ 'ਤੇ ਇਸੇ ਰੂਪ ਵਿੱਚ ਸਦੀਵੀ ਤੌਰ 'ਤੇ ਵਿਦਮਾਨ ਰਿਹਾ ਹੈ। ਸੰਨ 2018 ਵਿੱਚ ਤਤਕਾਲੀਨ ਸਿੱਖਿਆ ਰਾਜ ਮੰਤਰੀ ਸੱਤਿਆਪਾਲ ਸਿੰਘ ਨੇ ਡਾਰਵਿਨ ਦੇ ਸਿਧਾਂਤ ਦੀ ਪੜ੍ਹਾਈ ਬੰਦ ਕਰਨ ਦੀ ਜ਼ੋਰਦਾਰ ਮੰਗ ਉਠਾਈ। ਉਸ ਨੇ ਸਵਾਲ ਕੀਤਾ ਕਿ "ਜੇਕਰ ਬਾਂਦਰ ਤੋਂ ਮਨੁੱਖ ਬਣਿਆ ਹੈ ਤਾਂ ਹੁਣ ਤੱਕ ਕਿਸੇ ਵੀ ਸ਼ਖਸ ਨੇ ਬਾਂਦਰ ਨੂੰ ਮਨੁੱਖ ਦੇ ਬੱਚੇ ਨੂੰ ਜਨਮ ਦਿੰਦੇ ਹੋਏ ਕਿਉਂ ਨਹੀਂ ਦੇਖਿਆ ?"

ਕੁੱਝ ਉਦਾਰਵਾਦੀ ਚਿੰਤਕਾਂ ਦਾ ਵਿਚਾਰ ਹੈ ਕਿ ਡਾਰਵਿਨ ਦੇ ਸਿਧਾਂਤ ਬਾਰੇ ਇਹ ਫੈਸਲਾ ਸੱਤਾਧਾਰੀਆਂ ਦੇ ਇੱਕ ਵੱਡੇ ਵਿਚਾਰਧਾਰਕ ਪ੍ਰੋਜੈਕਟ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਕਈ ਬੀਜੇਪੀ ਸ਼ਾਸ਼ਤ ਰਾਜਾਂ ਵਿੱਚ ਭਗਵਤ ਗੀਤਾ ਦੇ ਅਧਿਐਨ ਨੂੰ ਸਕੂਲੀ ਸਿਲੇਬਸ ਵਿੱਚ ਸ਼ਾਮਲ ਕੀਤਾ ਗਿਆ। ਇਹ ਦੋਵੇਂ ਕਦਮ ਇਸੇ ਵਿਆਪਕ ਵਿਚਾਰਧਾਰਕ ਪ੍ਰੋਜੈਕਟ ਦਾ ਹਿੱਸਾ ਜਾਪਦੇ ਹਨ, ਜਿਸ ਪ੍ਰੋਜੈਕਟ ਅਨੁਸਾਰ ਵਿਕਾਸਵਾਦ ਦੇ ਮੁਕਾਬਲੇ ਧਰਮ-ਸ਼ਾਸਤਰਾਂ ਵਿੱਚ ਦਰਜ ਸ੍ਰਿਸ਼ਟੀਵਾਦ (creationism) ਦੇ ਸਿਧਾਂਤ ਨੂੰ ਪ੍ਰੋਤਸਾਹਿਤ ਕੀਤਾ ਜਾਣਾ ਹੈ। ਸ੍ਰਿਸ਼ਟੀਵਾਦ (ਆਤਮਾਵਾਦ) ਦੇ ਸਿਧਾਂਤ ਅਨੁਸਾਰ ਪਦਾਰਥਕ-ਜਗਤ ਤੇ ਜੀਵ-ਸੰਸਾਰ, ਵਿਕਾਸ ਰਾਹੀਂ ਉਤਪੰਨ ਨਹੀਂ ਹੋਏ, ਬਲਕਿ ਸ੍ਰਿਸ਼ਟੀ ਦੀ ਰਚਨਾ ਹਨ। ਉਨ੍ਹਾਂ ਅਨੁਸਾਰ ਇੱਥੇ ਸ੍ਰਿਸ਼ਟੀ ਦਾ ਭਾਵ ਹੈ ਕੋਈ ਬਾਹਰੀ ਤਾਕਤ।

ਦਰਅਸਲ ਧਰਮ ਤੇ ਵਿਗਿਆਨ ਦਰਮਿਆਨ ਟਕਰਾਅ ਬੁਨਿਆਦੀ ਕਿਸਮ ਦਾ ਹੈ। ਦੋਵੇਂ ਹੀ ਸੱਚ ਨੂੰ ਲੱਭਣ ਦੀ ਕੋਸ਼ਿਸ਼ ਕਰਨ ਦਾ ਦਾਅਵਾ ਕਰਦੇ ਹਨ, ਪਰ ਸੱਚ ਨੂੰ ਲੱਭਣ ਦਾ ਦੋਵਾਂ ਦਾ ਤਰੀਕਾਕਾਰ ਇੱਕ-ਦੂਜੇ ਨਾਲੋਂ ਬਿਲਕੁੱਲ ਉਲਟ ਹੈ। ਵਿਗਿਆਨ ਸੰਦੇਹ ਉਪਰ ਟੇਕ ਰੱਖਦਾ ਹੈ ਅਤੇ ਧਰਮ ਵਿਸ਼ਵਾਸ ਉਪਰ। ਕੋਈ ਵੀ ਸਿਧਾਂਤ ਪ੍ਰਸਤੁਤ ਕਰਨ ਬਾਅਦ ਵਿਗਿਆਨ ਇਸ ਨੂੰ ਭਵਿੱਖ ਵਿੱਚ ਹੋਰ ਸੋਧਣ ਦਾ ਸੱਦਾ ਦਿੰਦਾ ਹੈ। 17ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਨਿਊਟਨ ਦੁਆਰਾ ਪ੍ਰਸਤੁਤ ਕੀਤੇ ਗਤੀ ਦੇ ਨਿਯਮਾਂ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਆਈਨਸਟਾਈਨ ਨੇ ਆਪਣੀ 'ਥਿਊਰੀ ਆਫ਼ ਰੈਲੇਟੀਵਿਟੀ' ਰਾਹੀਂ ਸੁਧਾਰਿਆ। ਵਿਗਿਆਨ ਦੇ ਸਮਰਥਕਾਂ ਨੂੰ ਇਸ ਵਿੱਚ ਕੁੱਝ ਵੀ ਗਲਤ ਨਹੀਂ ਲੱਗਿਆ ਅਤੇ ਨਿਊਟਨ ਪ੍ਰਤੀ ਉਨ੍ਹਾਂ ਦੇ ਸਤਿਕਾਰ ਵਿੱਚ ਭੋਰਾ ਭਰ ਵੀ ਕਮੀ ਨਹੀਂ ਆਈ। ਸੱਚ ਦੀ ਖੋਜ ਵਿੱਚ ਵਿਗਿਆਨ ਇੰਜ ਹੀ ਆਪਣੇ ਪੁਰਾਣੇ ਸਿਧਾਂਤਾਂ ਨੂੰ ਰੱਦ ਕਰਦਾ, ਸੋਧਦਾ ਤੇ ਸੁਧਾਰਦਾ ਹੋਇਆ ਅੱਗੇ ਵਧਦਾ ਹੈ, ਪਰ ਸੰਸਾਰ ਨੂੰ ਧਰਮ-ਸ਼ਾਸਤਰਾਂ ਵਿੱਚ ਦਰਜ ਫ਼ੁਰਮਾਨਾਂ ਰਾਹੀਂ ਸਮਝਣ ਵਾਲੇ ਸ਼ਖਸ ਅਜਿਹੀ ਫ਼ਰਾਖਦਿਲੀ ਦੇ ਧਾਰਨੀ ਨਹੀਂ ਹੋ ਸਕਦੇ।

ਡਾਰਵਿਨ ਦੇ ਸਿਧਾਂਤ ਬਾਰੇ ਐਨ ਸੀ ਈ ਆਰ ਟੀ ਦਾ ਫੈਸਲਾ ਕਈ ਪ੍ਰਕਾਰ ਦੀਆਂ ਅਣਕਿਆਸੀਆਂ ਮੁਸ਼ਕਲਾਂ ਪੈਦਾ ਕਰੇਗਾ। ਕੀ ਇਸ ਕਾਰਨ ਸਰਕਾਰੀ ਸਿਲੇਬਸ ਪੜ੍ਹਨ ਵਾਲੇ ਬੱਚੇ, ਨਿੱਜੀ ਸਕੂਲਾਂ ਦੇ ਅਤੇ ਹੋਰ ਬਾਹਰਲੇ ਮੁਲਕਾਂ ਦੇ ਬੱਚਿਆਂ ਨਾਲੋਂ ਪੱਛੜ ਨਹੀਂ ਜਾਣਗੇ? ਇਸ ਗਲੋਬਲ ਮੁਕਾਬਲੇਬਾਜ਼ੀ ਦੇ ਯੁੱਗ ਵਿੱਚ ਕੀ ਉਹ ਕਮਜ਼ੋਰ ਸਥਿਤੀ ਵਿੱਚ ਨਹੀਂ ਪਹੁੰਚ ਜਾਣਗੇ? ਕੀ ਮੈਡੀਕਲ ਜਿਹੇ ਵਿਸ਼ਿਆਂ ਦੀ ਪੜ੍ਹਾਈ ਲਈ ਉਨ੍ਹਾਂ ਕੋਲ ਲੋੜੀਂਦਾ ਗਿਆਨ ਹੋਵੇਗਾ? ਡਾਰਵਿਨ ਦੇ ਸਿਧਾਂਤ ਨੂੰ ਤਿਆਗ ਕੇ ਅਸੀਂ ਵਿਦਿਆਰਥੀਆਂ ਨੂੰ ਜੀਵ-ਉਤਪਤੀ ਦਾ ਕਿਹੜਾ ਸਿਧਾਂਤ ਪੜ੍ਹਾਂਵਾਂਗੇ? ਕੀ ਸਮੁੱਚੀ ਮਨੁੱਖਤਾ ਦੁਆਰਾ ਹੁਣ ਤੱਕ ਹਾਸਲ ਕੀਤੇ ਗਿਆਨ ਤੱਕ ਸਭ ਦੀ ਰਸਾਈ ਨਹੀਂ ਹੋਣੀ ਚਾਹੀਦੀ। ਕੀ ਰੂੜੀਵਾਦੀ ਤੇ ਧਾਰਮਿਕ ਕੱਟੜਪੰਥੀ ਲੋਕ ਇਸ ਮੁਹਾਜ਼ 'ਤੇ ਇੱਕ ਹਾਰੀ ਹੋਈ ਲੜਾਈ ਨਹੀਂ ਲੜ ਰਹੇ। ਅੱਜ ਦੇ ਕੰਪਿਊਟਰ, ਇੰਟਰਨੈੱਟ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਕੀ ਇਹ ਸੰਭਵ ਹੈ ਕਿ ਵਿਦਿਆਰਥੀਆਂ ਨੂੰ ਡਾਰਵਿਨ ਦੇ ਸਿਧਾਂਤ ਦੀ ਭਿਣਕ ਤੱਕ ਨਾ ਪੈਣ ਦਿੱਤੀ ਜਾਵੇ?

ਇਹ ਨਹੀਂ ਕਿਹਾ ਜਾ ਸਕਦਾ ਕਿ ਸਾਡੇ ਹਾਕਮਾਂ ਨੂੰ ਇਸ ਗੱਲ ਦਾ ਅਹਿਸਾਸ ਨਾ ਹੋਵੇ ਕਿ ਇਸ ਯੁੱਗ ਵਿੱਚ ਅੱਗੇ ਵਧਣ ਅਤੇ ਦੁਨੀਆ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਦੇਖਣ ਲਈ ਵਿਗਿਆਨ ਦੁਆਰਾ ਪ੍ਰਦਾਨ ਕੀਤੇ ਜਾ ਰਹੇ ਗਿਆਨ ਦੀ ਕਿੰਨੀ ਅਹਿਮੀਅਤ ਹੈ। ਵਿਗਿਆਨਕ ਵਿਚਾਰਾਂ ਦਾ ਵਿਰੋਧ ਕਰਨਾ ਬਹੁਤ ਖਤਰਨਾਕ ਰੁਝਾਨ ਹੈ। ਬੁੱਧੀਜੀਵੀ ਤੇ ਜਮਹੂਰੀ ਹਲਕਿਆਂ ਨੂੰ ਸਰਕਾਰ ਦੇ ਇਸ ਫੈਸਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਉਠਾਉਣੀ ਚਾਹੀਦੀ ਹੈ।

# ਸੰਪਰਕ : 81465-06583

12-MAY-PAGE-5.qxd 5/11/2023 10:32 PM Page 1



# ਕੰਮ ਕਰਨ ਦੇ ਮਾਮਲੇ 'ਚ ਸਰਕਾਰ ਦੀ ਨੀਤ 'ਚ ਕੋਈ ਖੋਟ ਨਹੀਂ : ਭਗਵੰਤ ਮਾਨ

## ਧੂਰੀ ਹਲਕੇ ਦੇ ਲੋਕਾਂ ਵੱਲੋਂ ਮਿਲੇ ਮਾਣ-ਸਤਿਕਾਰ ਦਾ ਕਿਸੇ ਵੀ ਕਰੰਸੀ 'ਚ ਕਰਜ਼ਾ ਨਹੀਂ ਮੋੜ ਸਕਦਾ



ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ, ਸੁਖਦੇਵ ਧੂਰੀ)**

ਅੱਜ ਪੰਜਾਬ ਦੇ ਮੁੱਖ ਭਗਵੰਤ ਮਾਨ ਨੇ ਧੂਰੀ ਨੇੜਲੇ ਇੱਕ ਪੈਲੇਸ ਵਿੱਚ 'ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਤਹਿਤ ਪਿੰਡਾਂ ਦੇ ਲੋਕਾਂ, ਮੋਹਤਵਰਾਂ ਤੇ ਪਾਰਟੀ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਸਰਕਾਰ ਦੀ ਕਾਰਗੁਜ਼ਾਰੀ ਦਾ ਜ਼ਿਕਰ ਕੀਤਾ। ਉਨ੍ਹਾ ਦੱਸਿਆ ਕਿ ਸਰਕਾਰ ਵੱਲੋਂ ਲਗਾਤਾਰ ਲੋਕ-ਪੱਖੀ ਕਾਰਜ ਕੀਤੇ ਜਾ ਰਹੇ ਹਨ ਤੇ ਕੰਮ ਕਰਨ ਦੇ ਮਾਮਲੇ ਵਿੱਚ ਸਰਕਾਰ ਦੀ ਨੀਤ ਵਿੱਚ ਕੋਈ ਖੋਟ ਨਹੀਂ। ਇਸ ਮੌਕੇ ਸ੍ਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸ੍ਰ. ਮਾਨ ਨੇ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਦਫ਼ਤਰਾਂ ਦਾ ਸਮਾਂ ਤਬਦੀਲ ਕਰਨ ਲਈ ਗਰਮੀਆਂ ਦੇ ਚੱਲ ਰਹੇ ਮੌਸਮ ਵਿੱਚ ਤਿੰਨ ਮਹੀਨਿਆਂ 'ਚ ਬਿਜਲੀ ਬਿਲਾਂ ਦੇ ਮਾਮਲੇ ਵਿੱਚ 50 ਕਰੋੜ ਰੁਪੈ ਦੀ ਬੱਚਤ ਹੋਵੇਗੀ ਤੇ ਬੱਚਤ ਵਾਲਾ ਸਾਰਾ ਪੈਸਾ ਲੋਕ ਭਲਾਈ ਕੰਮਾਂ 'ਤੇ ਖਰਚਿਆ ਜਾਵੇਗਾ। ਉਨ੍ਹਾ ਦੱਸਿਆ ਕਿ ਸਰਕਾਰ ਹੁਣ ਤੱਕ 9 ਟੋਲ ਪਲਾਜੇ ਬੰਦ ਕਰਕੇ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਵੱਜਣਾ ਬੰਦ ਕਰਵਾ ਚੁੱਕੀ ਹੈ ਤੇ ਭਵਿੱਖ ਵਿੱਚ ਹੋਰ ਟੋਲ ਪਲਾਜੇ ਬੰਦ ਕਰਨ ਦੀ ਤਜਵੀਜ਼ ਹੈ। ਉਨ੍ਹਾਂ ਵਿਰੋਧੀਆਂ 'ਤੇ ਤੰਜ ਕਸਦਿਆਂ ਕਿਹਾ ਕਿ ਵਿਰੋਧੀ ਆਲੋਚਨਾ ਜੀ ਸਦਕੇ ਕਰਨ, ਪਰ ਆਲੋਚਨਾ ਸਾਰਥਿਕ ਹੋਣੀ ਚਾਹੀਦੀ ਹੈ। ਉਨ੍ਹਾਂ ਬਿਜਲੀ ਖੇਤਰ ਵਿੱਚ ਲਿਆਂਦੇ ਸੁਧਾਰਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਗਰਮੀਆਂ ਦੇ ਮੌਸਮ ਵਿੱਚ ਲੋਕਾਂ ਨੂੰ ਬਿਜਲੀ ਦੇ ਮਾਮਲੇ ਵਿੱਚ ਕੋਈ ਤੰਗੀ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾ ਕਿਹਾ ਕਿ ਧੂਰੀ ਹਲਕੇ ਦੇ ਲੋਕਾਂ ਵੱਲੋਂ ਮਿਲੇ ਮਾਣ ਸਤਿਕਾਰ ਦਾ ਕਿਸੇ ਵੀ ਕਰੰਸੀ ਵਿੱਚ ਮੈਂ ਕਰਜ਼ਾ ਨਹੀਂ ਮੋੜ ਸਕਦਾ। ਉਨ੍ਹਾਂ ਪਾਰਟੀ ਵਲੰਟੀਅਰਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਜਿੱਥੇ ਉਨ੍ਹਾਂ ਨੂੰ ਜਥੇਬੰਦਕ ਢਾਂਚੇ ਵਿੱਚ ਫਿੱਟ ਕੀਤਾ ਜਾਵੇਗਾ, ਉਥੇ ਜਨਤਕ ਅਹੁਦਿਆਂ ਨਾਲ ਵੀ ਨਿਵਾਜਿਆ ਜਾਵੇਗਾ।

ਉਨ੍ਹਾ ਕਿਹਾ ਕਿ ਪਿਛਲੇ 26 ਸਾਲਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਸਾਡੀ ਸਰਕਾਰ ਨੇ 20 ਹਜ਼ਾਰ 200 ਕਰੋੜ ਰੁਪੈ ਬਿਜਲੀ ਸਬਸਿਡੀ ਦੇ ਪਾਵਰਕਾਮ ਨੂੰ ਵਾਪਸ ਜਮ੍ਹਾਂ ਕਰਵਾਏ ਹਨ। ਉਨ੍ਹਾ ਕਿਹਾ ਕਿ ਧੂਰੀ ਹਲਕੇ ਦੀਆਂ 118 ਕਿਲੋਮੀਟਰ ਲੰਬੀਆਂ 14 ਸੜਕਾਂ ਦੇ ਨਿਰਮਾਣ 'ਤੇ 71 ਕਰੋੜ 36 ਲੱਖ ਰੁਪੈ ਖਰਚੇ ਜਾਣਗੇ। ਉਨ੍ਹਾਂ ਰੇਲਵੇ ਓਵਰ ਬਰਿਜ ਦੀ ਮੰਗ ਬਾਰੇ ਕਿਹਾ ਕਿ ਜਲਦੀ ਹੀ ਰਜਵਾਹੇ ਵਾਲੇ ਪਾਸੇ ਇਸ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾਵੇਗਾ, ਜਿਸ ਸਬੰਧੀ ਤਖਮੀਨਾ ਬਣ ਕੇ ਤਿਆਰ ਹੋ ਚੁੱਕਾ ਹੈ ਤੇ ਰਾਜ ਸਰਕਾਰ ਦਾ ਬਣਦਾ ਹਿੱਸਾ ਰੇਲਵੇ ਵਿਭਾਗ ਕੋਲ ਜਮ੍ਹਾਂ ਕਰਵਾਇਆ ਜਾ ਚੁੱਕਾ ਹੈ। ਇਸ ਮੌਕੇ ਪਾਵਰਾਮ ਦੇ ਸੀ.ਐੱਮ.ਡੀ. ਬਲਦੇਵ ਸਿੰਘ ਸਰਾਂ, ਆਈ ਜੀ ਮੁਖਵਿੰਦਰ ਸਿੰਘ ਛੀਨਾ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਜ਼ਿਲ੍ਹਾ ਪੁਲਸ ਮੁਖੀ ਸੁਰੇਂਦਰ ਲਾਂਬਾ, ਓ ਐੱਸ ਡੀ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ, ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਸਤਿੰਦਰ ਸਿੰਘ ਚੱਠਾ, ਡਾ. ਅਨਵਰ ਭਸੌੜ, ਜਸਵੀਰ ਸਿੰਘ ਜੱਸੀ ਸੇਖੋਂ, ਅਮਰਦੀਪ ਸਿੰਘ ਧਾਂਦਰਾ, ਵਪਾਰ ਮੰਡਲ ਪੰਜਾਬ ਦੇ ਐਕਟਿੰਗ ਪ੍ਰਧਾਨ ਵਿਕਾਸ ਜੈਨ, ਇੰਡਸਟਰੀ ਚੈਂਬਰ ਧੂਰੀ ਦੇ ਪ੍ਰਧਾਨ ਮੁਕੇਸ਼ ਬੰਟੀ ਸਿੰਗਲਾ ਸਮੇਤ ਵੱਡੀ ਗਿਣਤੀ 'ਚ ਆਪ ਵਰਕਰ ਹਾਜ਼ਰ ਸਨ।

# ਬੋੜਾਵਾਲ ਕਾਲਜ ਵਿਖੇ ਖ਼ੂਨਦਾਨ ਕੈਂਪ ਤੇ ਪਾਣੀ ਬਚਾਓ ਸੈਮੀਨਾਰ

**ਬਰੇਟਾ (ਗੋਬਿੰਦ ਸ਼ਰਮਾ)**-ਦਿ ਰੌਇਲ ਗਰੁੱਪ ਆਫ ਕਾਲਜ ਬੋੜਾਵਾਲ ਅਤੇ ਦਿ ਰੌਇਲ ਗਰੁੱਪ ਆਫ ਨਰਸਿੰਗ ਕਾਲਜ ਦੇ ਸਾਂਝੇ ਉੱਦਮ ਸਦਕਾ ਕਾਲਜ ਦੇ ਰੈੱਡ ਰਿਬਨ ਕਲੱਬ ਵੱਲੋਂ ਨਰਸਿੰਗ ਦਿਵਸ ਨੂੰ ਸਮਰਪਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਸ੍ਰੀ ਰਘਬੀਰ ਸਿੰਘ ਮਾਨ ਦੇ ਸਹਿਯੋਗ ਨਾਲ ਖੂਨ ਦਾਨ ਕੈਂਪ ਤੇ 'ਪਾਣੀ ਬਚਾਓ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਸਰਾਂ ਨੇ ਕਿਹਾ ਕਿ ਖੂਨ ਦਾਨ ਮਹਾਂ ਦਾਨ ਹੈ, ਹਰ ਸਿਹਤਮੰਦ ਇਨਸਾਨ ਨੂੰ ਇਹ ਦਾਨ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪਾਣੀ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ। ਆਪਣੇ ਸੰਬੋਧਨ ਵਿੱਚ ਰਘਬੀਰ ਸਿੰਘ ਮਾਨ ਨੇ ਗੁਰਬਾਣੀ ਦੇ ਮਹਾਂਵਾਕ ਅਨੁਸਾਰ 'ਪਵਣ ਗੁਰੂ ਪਾਣੀ ਪਿਤਾ' ਦਾ ਉਚਾਰਣ ਕਰਦਿਆਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਖ਼ੂਨ ਦਾਨ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਕੈਂਪ ਵਿੱਚ 35 ਤੋਂ ਵੱਧ ਵਿਦਿਆਰਥੀਆਂ ਨੇ ਖੂਨ ਦਾਨ ਕੀਤਾ। ਕੈਂਪ ਵਿੱਚ ਲੜਕੀਆਂ ਵੱਲੋਂ ਵੀ ਵੱਧ-ਚੜ੍ਹ ਕੇ ਖੂਨ ਦਾਨ ਕੀਤਾ ਗਿਆ। ਸਿਵਲ ਸਰਜਨ ਡਾ. ਅਸ਼ਵਨੀ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਹਫਤਾ ਵਿਸ਼ੇਸ਼ ਤੌਰ 'ਤੇ ਥੈਲੇਸੀਮੀਆ ਨਾਮ ਦੀ ਫੈਲੀ ਬਿਮਾਰੀ ਸੰਬੰਧੀ ਜਾਗਰੂਕ ਕਰਨ ਲਈ ਮਨਾਇਆ ਜਾ ਰਿਹਾ ਹੈ, ਇਸ ਲਈ ਇਸ ਨੂੰ ਸਮਰਪਤ ਵੱਖ-ਵੱਖ ਥਾਵਾਂ 'ਤੇ ਖੂਨ ਦਾਨ ਕੈਂਪ ਲਗਾਏ ਜਾ ਰਹੇ ਹਨ। ਡੀਨ ਅਪ੍ਰੇਸ਼ਨਜ਼ ਪ੍ਰੋ. ਸੁਰਜਨ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਖੂਨ ਦਾਨ ਕਰਨ ਨਾਲ ਅਸੀਂ ਕਿਸੇ ਦੀ ਜਾਨ ਬਚਾ ਸਕਦੇ ਹਾਂ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੀ ਅਗਵਾਈ ਅਸਿਸਟੈਂਟ ਪ੍ਰੋਫੈਸਰ ਹਰਵਿੰਦਰ ਸਿੰਘ ਨੇ ਕੀਤੀ। ਉਨ੍ਹਾ ਐੱਨ ਐੱਸ ਐੱਸ ਇੰਚਾਰਜ ਅਸਿਸਟੈਂਟ ਪ੍ਰੋਫੈਸਰ ਗੁਰਪ੍ਰੀਤ ਸਿੰਘ ਤੇ ਰੈੱਡ ਰਿਬਨ ਕਲੱਬ ਦੇ ਇੰਚਾਰਜ ਅਸਿਸਟੈਂਟ ਪ੍ਰੋਫੈਸਰ ਹੈਪੀ ਸਿੰਘ ਮੌਜੂਦ ਸਨ। ਮੰਚ ਸੰਚਾਲਕ ਦੀ ਭੂਮਿਕਾ ਅਸਿਸਟੈਂਟ ਪ੍ਰੋਫੈਸਰ ਡਾ. ਭੁਪਿੰਦਰ ਸਿੰਘ ਸਿੱਧੂ ਨੇ ਨਿਭਾਈ। ਚੇਅਰਮੈਨ ਏਕਮਜੀਤ ਸਿੰਘ ਸੋਹਲ ਨੇ ਅਜਿਹੇ ਸਮਾਜਿਕ ਕਾਰਜ ਵਿੱਚ ਸਹਿਭਾਗਤਾ ਕਰਨ ਲਈ ਸਮੂਹ ਸਟਾਫ 'ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।



# ਨਰੇਗਾ ਮਜ਼ਦੂਰਾਂ ਵੱਲੋਂ ਬੀ ਡੀ ਓ ਪੀ ਦਫਤਰ ਅੱਗੇ ਧਰਨਾ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਜ਼ਦੂਰਾਂ ਵੱਲੋਂ ਬੀ ਡੀ ਓ ਪੀ ਦਫਤਰ ਅੱਗੇ ਮਨਰੇਗਾ ਤਹਿਤ ਕੰਮ ਚਲਾਉਣ ਲਈ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਧਰਨਾ ਲਾਇਆ ਗਿਆ। ਇਸ ਧਰਨੇ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਤਰਸੇਮ ਖੁੰਡੇ ਹਲਾਲ, ਬਲਾਕ ਪ੍ਰਧਾਨ ਕਾਕਾ ਸਿੰਘ ਖੁੰਡੇ ਹਲਾਲ ਤੇ ਜਸਵਿੰਦਰ ਸਿੰਘ ਸੰਗੂਧੌਣ ਨੇ ਸੰਬੋਧਨ ਕੀਤਾ। ਆਗੂਆਂ ਨੇ ਆਖਿਆ ਕਿ ਅਕਾਲੀਆਂ ਤੇ ਕਾਂਗਰਾਸੀਆਂ ਵਾਂਗ ਆਦਮੀ ਪਾਰਟੀ ਦੀ ਸਰਕਾਰ ਵਿੱਚ ਵੀ ਮਨਰੇਗਾ ਦੇ ਕੰਮ ਵਿੱਚ ਬੀ ਡੀ ਪੀ ਓ, ਏ ਪੀ ਓ ਦੀ ਸ਼ਹਿ 'ਤੇ ਪੰਚਾਇਤਾਂ ਵੱਲੋਂ ਨਜਾਇਜ਼ ਦਖ਼ਲ ਅੰਦਾਜ਼ੀ ਕੀਤੀ ਜਾ ਰਹੀ ਹੈ, ਜਿਸ ਕਾਰਨ ਵੱਡੀ ਗਿਣਤੀ ਮਜ਼ਦੂਰਾਂ ਨੂੰ ਮਨਰੇਗਾ ਦਾ ਕੰਮ ਲੈਣ 'ਚ ਮੁਸ਼ਕਲਾਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਖੁੰਡੇ ਹਲਾਲ ਤੇ ਮਹਾਂਬੱਧਰ ਵਿੱਚ ਯੂਨੀਅਨ ਨਾਲ ਸਬੰਧ ਰੱਖਣ ਵਾਲੇ ਮਜ਼ਦੂਰਾਂ ਨੂੰ ਸਰਪੰਚ ਵੱਲੋਂ ਕੰਮ ਨਾ ਦੇਣ ਕਰਨ ਜਦੋਂ ਯੂਨੀਅਨ ਦੀ ਅਗਵਾਈ ਵਿੱਚ ਕੰਮ ਚਲਾਉਣ ਦੀ ਏ ਪੀ ਓ ਕੋਲੋਂ ਮੰਗ ਕੀਤੀ ਗਈ ਤਾਂ ਉਸ ਵੱਲੋਂ ਹਾਜ਼ਰੀ ਐਪ ਬਣਾਉਣ ਤੋਂ ਨਾਂਹ ਕਰ ਦਿੱਤੀ ਸੀ, ਜਿਸ ਕਾਰਨ ਮਜ਼ਦੂਰਾਂ ਨੂੰ ਕੰਮ ਚਲਾਉਣ ਲਈ ਧਰਨਾ ਲਾਉਣਾ ਪਿਆ। ਧਰਨੇ ਦੌਰਾਨ ਏ ਪੀ ਓ ਮੁਕਤਸਰ ਨੇ ਯੂਨੀਅਨ ਆਗੂਆਂ ਨਾਲ ਮੀਟਿੰਗ ਕਰਕੇ ਮਜ਼ਦੂਰਾਂ ਦੀਆਂ ਮੰਗਾਂ ਮੰਨੀਆਂ ਕਿ ਖੁੰਡੇ ਹਲਾਲ ਸੋਮਵਾਰ ਨੂੰ ਕੰਮ ਚਲਾਇਆ ਜਾਵੇਗਾ ਤੇ ਸਰਪੰਚ ਦੀ ਥਾਂ 'ਤੇ ਦਫਤਰ ਵੱਲੋਂ ਮੁਲਾਜ਼ਮ ਭੇਜ ਕੇ ਹਾਜ਼ਰੀ ਲਾਈ ਜਾਵੇਗੀ। ਯੂਨੀਅਨ ਆਗੂਆਂ ਨੇ ਆਖਿਆ ਕਿ ਮਹਿਲਾ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਭਾਜਪਾ ਦੇ ਨੇਤਾ ਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਅਹੁਦੇ ਤੋਂ ਹਟਾਉਣ ਅਤੇ ਗ੍ਰਿਫਤਾਰ ਕਰਾਉਣ ਦੀ ਮੰਗ ਦੀ ਹਮਾਇਤ ਵਿੱਚ 13 ਮਈ ਨੂੰ ਸ਼ਹਿਰ ਵਿੱਚ ਹੋ ਰਹੇ ਮਾਰਚ ਵਿੱਚ ਪੰਜਾਬ ਖੇਤ ਮਜ਼ਜਦੂਰ ਯੂਨੀਅਨ ਦੀ ਅਗਵਾਈ ਵਿੱਚ ਵੱਡੀ ਗਿਣਤੀ ਮਜ਼ਦੂਰ ਔਰਤਾਂ ਸ਼ਾਮਲ ਹੋਣਗੀਆਂ। ਇਸ ਸਮੇਂ ਬੱਗਾ ਸਿੰਘ ਮਹਾਂਬੱਧਰ, ਮਨਜੀਤ ਕੌਰ, ਮਨਪ੍ਰੀਤ ਕੌਰ, ਸਵਰਨਜੀਤ ਕੌਰ ਚੜ੍ਹੇਵਾਨ, ਪਰਮਜੀਤ ਕੌਰ, ਸਿਮਰਜੀਤ ਕੌਰ ਖੁੰਡੇ ਹਲਾਲ ਆਦਿ ਸ਼ਾਮਲ ਸਨ।

## ਕਾਤਰਾਂ

### ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਦੀ ਮਾਸਿਕ ਮੀਟਿੰਗ 13 ਮਈ ਨੂੰ ਸਥਾਨਕ ਕੋਟਕਪੂਰਾ ਰੋਡ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਸਵੇਰੇ 9:00 ਵਜੇ ਹੋਵੇਗੀ। ਮੀਟਿੰਗ ਦੀ ਪ੍ਰਧਾਨਗੀ ਟ੍ਰੇਡ ਯੂਨੀਅਨ ਆਗੂ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਕਰਨਗੇ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਪੈਨਸ਼ਨਰ ਆਗੂ, ਸੇਵਾ ਮੁਕਤ ਕਰਮਚਾਰੀ ਤੇ ਫੈਮਲੀ ਪੈਨਸ਼ਨਰ ਭਾਗ ਲੈਣਗੇ। ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਵਾਇਸ ਚੇਅਰਮੈਨ ਹਰਦੇਵ ਸਿੰਘ, ਰੋਡਵੇਜ਼ ਪੈਨਸ਼ਨਰ ਮੁਖੀ ਮੇਜਰ ਸਿੰਘ ਚੌਂਤਰਾ ਤੇ ਜਨ ਸਿਹਤ ਵਿਭਾਗ ਪੈਨਸ਼ਨਰ ਮੁਖੀ ਇੰਜ. ਗੁਰਬਚਨ ਸਿੰਘ ਵਿਸ਼ੇਸ਼ ਤੌਰ 'ਤੇ ਮੀਟਿੰਗ ਨੂੰ ਸੰਬੋਧਨ ਕਰਨਗੇ। ਮੀਟਿੰਗ ਦੌਰਾਨ ਸਟੇਜ ਸਕੱਤਰ ਦੀ ਕਾਰਵਾਈ ਬਲਵੰਤ ਸਿੰਘ ਅਟਵਾਲ ਸੇਵਾ ਮੁਕਤ ਮੁੱਖ ਅਧਿਆਪਕ ਨਿਭਾਉਣਗੇ। ਉਕਤ ਜਾਣਕਾਰੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦਿੱਤੀ।

### ਡੇਅਰੀ ਸਿਖਲਾਈ ਕੋਰਸ 22 ਤੋਂ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡੇਅਰੀ ਵਿਭਾਗ ਵੱਲੋਂ ਪਿੰਡਾਂ ਦੇ ਬੇਰੋਜ਼ਗਾਰ ਨੌਜਵਾਨਾਂ ਤੇ ਔਰਤਾਂ ਨੂੰ 2 ਹਫਤੇ ਦੀ ਡੇਅਰੀ ਸਿਖਲਾਈ ਦੇਣ ਬਾਰੇ 22 ਮਈ ਤੋਂ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦਾ ਮੁੱਖ ਮੰਤਵ ਪੇਂਡੂ ਬੇਰੋਜ਼ਗਾਰ ਨੌਜਵਾਨਾਂ ਤੇ ਔਰਤਾਂ ਨੂੰ ਡੇਅਰੀ ਦਾ ਕਿੱਤਾ ਅਪਣਾਉਣ ਲਈ ਉਤਸ਼ਾਹਤ ਕਰਨਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਨੀਤ ਕੌੜਾ ਨੇ ਦੱਸਿਆ ਕਿ ਫਤਹਿਗੜ੍ਹ ਸਾਹਿਬ ਦੇ ਉਮੀਦਵਾਰਾਂ ਲਈ ਇਹ ਕੋਰਸ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ ਚਤਾਮਲੀ (ਰੋਪੜ) ਅਤੇ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ ਬੀਜਾ (ਲੁਧਿਆਣਾ) ਵਿਖੇ ਦਿੱਤੀ ਜਾਵੇਗੀ। ਸਿਖਲਾਈ ਲਈ ਉਮੀਦਵਾਰ ਦੀ ਉਮਰ 18 ਤੋਂ 50 ਸਾਲ ਦੀ ਹੋਣੀ ਚਾਹੀਦੀ ਹੈ, ਉਮੀਦਵਾਰ ਘੱਟੋ ਘੱਟ ਪੰਜਵੀਂ ਪਾਸ ਹੋਣਾ ਚਾਹੀਦਾ ਹੈ ਤੇ ਪੇਂਡੂ ਇਲਾਕੇ ਨਾਲ ਸਬੰਧਤ ਹੋਣਾ ਚਾਹੀਦਾ ਹੈ। ਸਿਖਲਾਈ ਲਈ 18 ਮਈ ਨੂੰ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਵੇਗੀ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 8567085670 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਬ੍ਰਿਜ ਭੂਸ਼ਣ ਖਿਲਾਫ ਰੋਸ ਪ੍ਰਦਰਸ਼ਨ ਭਲਕੇ

**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ 13 ਮਈ ਨੂੰ ਸ਼ਹਿਰ 'ਚ ਐੱਮ ਪੀ ਬ੍ਰਿਜ ਭੂਸ਼ਣ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਹ ਫੈਸਲਾ ਗੁਰੂ ਗੋਬਿੰਦ ਸਿੰਘ ਪਾਰਕ 'ਚ ਹੋਈ ਵੱਖ-ਵੱਖ ਜਥੇਬੰਦੀਆਂ ਦੀ ਮੀਟਿੰਗ ਦੌਰਾਨ ਲਿਆ ਗਿਆ। ਇਸ ਮੀਟਿੰਗ 'ਚ ਡੀ ਟੀ ਐੱਫ, ਸ਼ਹੀਦ ਭਗਤ ਸਿੰਘ ਕਲੱਬ, ਪੀ ਐੱਸ ਯੂ, ਸਰਵ ਭਾਰਤ ਨੌਜਵਾਨ ਸਭਾ, ਟੀ ਐੱਸ ਯੂ, ਸੀ ਪੀ ਐੱਮ, ਸੀਟੂ ਆਦਿ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ। ਇਸ ਦੌਰਾਨ 13 ਮਈ ਨੂੰ ਕੋਟਕਪੂਰਾ ਚੌਕ ਵਿਖੇ ਐੱਮ ਪੀ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਦਿਆਂ ਦਿੱਲੀ ਜੰਤਰ ਮੰਤਰ ਵਿਖੇ ਸੰਘਰਸ਼ ਕਰ ਰਹੀਆਂ ਕੁਸ਼ਤੀ ਪਹਿਲਵਾਨਾਂ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਗਿਆ।

# ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਐਕਸਟੈਂਪਰੀ ਗਤੀਵਿਧੀ ਕਰਾਈ



**ਜਗਰਾਓਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਐਕਸਟੈਂਪਰੀ ਗਤੀਵਿਧੀ ਹੋਈ, ਜੋ ਅੰਗਰੇਜ਼ੀ ਵਿਸ਼ੇ ਨਾਲ ਸੰਬੰਧਤ ਸੀ, ਜਿਸ ਵਿੱਚ ਕੇਵਲ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਗਤੀਵਿਧੀ ਦੌਰਾਨ ਬੱਚਿਆਂ ਨੂੰ ਮੌਕੇ 'ਤੇ ਹੀ ਬੋਲਣ ਲਈ ਵਿਸ਼ੇ ਦਿੱਤੇ ਗਏ। ਸਾਰੇ ਹੀ ਬੱਚਿਆਂ ਨੇ ਬਹੁਤ ਵਧੀਆ ਤਰੀਕੇ ਨਾਲ ਪੇਸ਼ਕਾਰੀ ਕੀਤੀ, ਪਰ ਨਤੀਜੇ ਵਿੱਚ ਗੁਰਮਨਜੋਤ ਸਿੰਘ (ਬਾਰਵੀਂ-ਆਰਟਸ) ਪਹਿਲੇ, ਖੁਸ਼ਦੀਪ ਕੌਰ (ਬਾਰਵੀਂ-ਕਾਮਰਸ) ਦੂਜੇ, ਪਰਮ ਸ਼ਗਨਦੀਪ ਸਿੰਘ (ਬਾਰਵੀਂ-ਕਾਮਰਸ) ਤੇ ਇਸ਼ਪ੍ਰੀਤ ਕੌਰ (ਬਾਰਵੀਂ-ਮੈਡੀਕਲ) ਤੀਜੇ ਸਥਾਨ 'ਤੇ ਰਹੇ। ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਡਾ: ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਅੱਜ ਦੇ ਵਿਦਿਆਰਥੀ ਕੱਲ੍ਹ ਦੇ ਭਵਿੱਖ ਦੇ ਲਈ ਆਪਣੀ ਤਿਆਰੀ ਕਰ ਰਹੇ ਹਨ ਤੇ ਮੌਕੇ 'ਤੇ ਬੋਲਣ ਲਈ ਅੰਦਰ ਸ਼ਬਦ ਭੰਡਾਰ ਦਾ ਹੋਣਾ ਬਹੁਤ ਜ਼ਰੂਰੀ ਹੈ ਤਾਂ ਹੀ ਅਸੀਂ ਆਪਣੇ ਵਿਸ਼ੇ ਸੰਬੰਧੀ ਬੋਲ ਸਕਦੇ ਹਾਂ। ਇਨ੍ਹਾਂ ਵਿਚੋਂ ਕੱਲ੍ਹ ਦੇ ਨੇਤਾ ਵੀ ਬਣ ਸਕਦੇ ਹਨ ਤੇ ਇਨ੍ਹਾਂ ਅੰਦਰ ਮੌਕੇ 'ਤੇ ਜਵਾਬਦੇਹੀ ਵਰਗੇ ਗੁਣਾਂ ਦਾ ਹੋਣਾ ਲਾਜ਼ਮੀ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆਂ ਤੇ ਸਤਵੀਰ ਸਿੰਘ ਸੇਖੋਂ ਹਾਜ਼ਰ ਸਨ।

# ਡੀ ਟੀ ਐੱਫ ਨੇ ਕੁਸ਼ਤੀ ਪਹਿਲਵਾਨਾਂ ਦੇ ਸੰਘਰਸ਼ ਦੀ ਹਮਾਇਤ 'ਚ ਦਸਖਤੀ ਮੁਹਿੰਮ ਉਲੀਕੀ



**ਸੰਗਰੂਰ (ਪ੍ਰਵੀਨ ਸਿੰਘ)**-ਪਿਛਲੇ ਕਈ ਦਿਨਾਂ ਤੋਂ ਦਿੱਲੀ ਦੇ ਜੰਤਰ-ਮੰਤਰ ਵਿਖੇ ਮਹਿਲਾ ਪਹਿਲਵਾਨਾਂ ਵੱਲੋਂ ਭਾਰਤੀ ਕੁਸ਼ਤੀ ਮਹਾਂਸੰਘ ਦੇ ਮੁਖੀ ਤੇ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਮਹਿਲਾ ਪਹਿਲਵਾਨਾਂ (ਜਿਨ੍ਹਾਂ ਵਿੱਚ ਕੁਝ ਨਾਬਾਲਗ ਲੜਕੀਆਂ ਵੀ ਸ਼ਾਮਲ ਹਨ) ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਨਿਰਪੱਖ ਜਾਂਚ ਕਰਦਿਆਂ ਅਹੁਦੇ ਤੋਂ ਬਰਖ਼ਾਸਤਗੀ ਤੇ ਗ੍ਰਿਫਤਾਰੀ ਦੀ ਮੰਗ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਦੇ ਸੱਦੇ 'ਤੇ ਹੁਣ ਪੰਜਾਬ ਦੇ ਅਧਿਆਪਕਾਂ ਵੱਲੋਂ ਵੀ ਇਨ੍ਹਾਂ ਮਹਿਲਾ ਪਹਿਲਵਾਨਾਂ ਦੀ ਹਮਾਇਤ ਵਿੱਚ ਆਉਂਦੇ ਹੋਏ 11 ਤੇ 12 ਮਈ ਨੂੰ ਜ਼ਿਲ੍ਹਾ ਸੰਗਰੂਰ ਦੇ ਸਕੂਲਾਂ ਵਿੱਚ ਹਸਤਾਖ਼ਰ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਸੰਘਰਸ਼ ਨਾਲ ਇਕਜੁਟਤਾ ਜ਼ਾਹਰ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਅੱਜ ਜ਼ਿਲ੍ਹਾ ਸੰਗਰੂਰ ਦੇ ਸਾਰੇ ਬਲਾਕਾਂ ਦੇ ਸੈਂਕੜੇ ਸਕੂਲਾਂ ਵਿੱਚ ਪੰਜਾਬ ਦੇ ਖੇਡ ਅਧਿਆਪਕਾਂ, ਖੇਡ ਪ੍ਰੇਮੀਆਂ ਤੇ ਇਨਸਾਫ਼ ਪਸੰਦ ਅਧਿਆਪਕਾਂ ਵੱਲੋਂ ਸੰਘਰਸ਼ ਕਰ ਰਹੀਆਂ ਇਨ੍ਹਾਂ ਮਹਿਲਾਂ ਪਹਿਲਵਾਨਾਂ ਦੇ ਸੰਘਰਸ਼ ਨਾਲ ਇੱਕਜੁੱਟਤਾ ਪ੍ਰਗਟ ਕਰਨ ਲਈ ਸਕੂਲਾਂ ਵਿੱਚ ਅਧਿਆਪਕਾਂ ਤੇ ਹੋਰ ਮੁਲਾਜ਼ਮਾਂ ਵੱਲੋਂ ਹਸਤਾਖ਼ਰ ਮੁਹਿੰਮ ਚਲਾਈ ਜਾ ਰਹੀ ਹੈ ਤੇ ਦਿੱਲੀ ਦੇ ਜੰਤਰ-ਮੰਤਰ ਵਿਖੇ ਸੰਘਰਸ਼ ਕਰ ਰਹੇ ਪੀੜਤਾਂ ਦੇ ਹੱਕ ਵਿੱਚ ਹਸਤਾਖ਼ਰ ਮੁਹਿੰਮ ਚਲਾ ਕੇ ਸੰਘਰਸ਼ ਪ੍ਰਤੀ ਇੱਕਜੁੱਟਤਾ ਪ੍ਰਗਟ ਕੀਤੀ ਗਈ।

ਡੀ.ਟੀ.ਐੱਫ. ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਦੱਸਿਆ ਕਿ ਭਾਰਤੀ ਕੁਸ਼ਤੀ ਮਹਾਂਸੰਘ ਦੇ ਮੁਖੀ ਉੱਪਰ ਲੱਗੇ ਗੰਭੀਰ ਦੋਸ਼ਾਂ ਦੀ ਨਿਰਪੱਖ ਜਾਂਚ ਅਨੁਸਾਰ ਗ੍ਰਿਫਤਾਰੀ ਕਰਨ ਦੀ ਥਾਂ ਕੇਂਦਰ ਸਰਕਾਰ ਵੱਲੋਂ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕੇ "ਹਾਅ ਦਾ ਨਾਅਰਾ" ਬੁਲੰਦ ਕੀਤਾ ਜਾ ਰਿਹਾ ਹੈ। ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਅਮਨ ਵਸ਼ਿਸ਼ਟ, ਪ੍ਰੈੱਸ ਸਕੱਤਰ ਕਰਮਜੀਤ ਨਦਾਮਪੁਰ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ, ਜਿਨਸੀ ਸ਼ੋਸ਼ਣ ਦੇ ਦੋਸ਼ੀ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਣ ਨੂੰ ਸਾਰੇ ਅਹੁਦਿਆਂ ਤੋਂ ਹਟਾਇਆ ਜਾਵੇ ਤੇ ਫ਼ੌਰੀ ਗ੍ਰਿਫਤਾਰ ਕੀਤਾ ਜਾਵੇ।

# ਵਿਸ਼ਵਕਰਮਾ ਵੈੱਲਫ਼ੇਅਰ ਸੁਸਾਇਟੀ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ 14 ਨੂੰ ਮਨਾਇਆ ਜਾਵੇਗਾ



**ਜਗਰਾਓਂ (ਅਮਿਤ ਖੰਨਾ)**

ਵਿਸ਼ਵਕਰਮਾ ਵੈੱਲਫ਼ੇਅਰ ਸੋਸਾਇਟੀ ਸਰਬ ਸਾਂਝੀ ਵੱਲੋਂ ਮਹਾਨ ਸਿੱਖ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਜਨਮ ਦਿਹਾੜਾ ਗੁਰਦੁਆਰਾ ਰਾਮਗੜ੍ਹੀਆ ਵਿਖੇ 14 ਮਈ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਵਿਸ਼ਵਕਰਮਾ ਵੈੱਲਫ਼ੇਅਰ ਸੋਸਾਇਟੀ ਸਰਬ ਸਾਂਝੀ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਮਣਕੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੀ 14 ਮਈ ਨੂੰ ਸਵੇਰੇ 8 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਨੂੰ ਪਾਏ ਜਾਣਗੇ। ਉਪਰੰਤ ਕਥਾ-ਕੀਰਤਨ ਗਿਆਨੀ ਜਸਵੰਤ ਸਿੰਘ ਤੇ ਗਿਆਨੀ ਹਰਮਿੰਦਰ ਸਿੰਘ ਬੁੱਟਰ ਵਾਲੇ ਕਰਨਗੇ ਅਤੇ ਗੁਰੂ ਕਾ ਲੰਗਰ ਅਟੁੱਟ ਵਰਤੇਗਾ ਫ੍ਰੀ ਹੋਮਿਓਪੈਥਿਕ ਕੈਂਪ ਵੀ ਲਗਾਇਆ ਜਾ ਰਿਹਾ ਹੈ।

ਇਸ ਮੌਕੇ ਸਰਪ੍ਰਸਤ ਕਰਮ ਸਿੰਘ ਜਗਦੇ, ਸਰਪ੍ਰਸਤ ਜਗਮੇਲ ਸਿੰਘ ਖਾਲਸਾ ਕੈਨੇਡਾ, ਪ੍ਰਧਾਨ ਪ੍ਰਿਤਪਾਲ ਸਿੰਘ ਮਣਕੂ, ਸਕੱਤਰ ਹਰਿੰਦਰ ਪਾਲ ਸਿੰਘ ਕਾਲਾ, ਸੈਕਟਰੀ ਕਰਨੈਲ ਸਿੰਘ ਧੰਜਲ, ਹਰਨੇਕ ਸਿੰਘ ਸੋਈ, ਰਾਜਿੰਦਰ ਸਿੰਘ ਮਠਾੜੂ, ਗੁਰਸੇਵਕ ਸਿੰਘ ਸੈਂਭੀ, ਗੁਰਮੀਤ ਸਿੰਘ ਲਾਲ, ਮੰਗਲ ਸਿੰਘ ਸਿੱਧੂ, ਸੋਹਣ ਸਿੰਘ ਸੱਗੂ, ਹਰਦਿਆਲ ਸਿੰਘ ਭੰਮਰਾ, ਕਰਨੈਲ ਸਿੰਘ ਚਾਨੇ, ਸੁਖਵਿੰਦਰ ਸਿੰਘ ਸੀਹਰਾ, ਪ੍ਰੀਤਮ ਸਿੰਘ, ਜਸਪਾਲ ਸਿੰਘ ਪਾਲੀ, ਸੁਰਿੰਦਰ ਸਿੰਘ ਮਠਾੜੂ, ਸੁਖਦੇਵ ਸਿੰਘ ਘਟੌੜੇ, ਕਸ਼ਮੀਰੀ ਲਾਲ, ਗੁਰਮੇਲ ਸਿੰਘ ਢੁੱਡੀਕੇ, ਅਮਰਜੀਤ ਸਿੰਘ ਘਟੌੜੇ, ਪ੍ਰੀਤਮ ਸਿੰਘ ਗੈਦੂ ਆਦਿ ਹਾਜ਼ਰ ਸਨ।

# ਪੱਕਾ ਮੋਰਚਾ ਲਗਾਉਣ ਤੋਂ ਪਹਿਲਾਂ ਹੀ ਮਜ਼ਦੂਰਾਂ ਦੀ ਹੋਈ ਜਿੱਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਲੰਮੇ ਸਮੇਂ ਤੋਂ ਪਿੰਡ ਬੀਰ ਕਲਾਂ ਦੀ ਪੰਚਾਇਤੀ ਰਿਜ਼ਰਵ ਕੋਟੇ ਦੀ ਜ਼ਮੀਨ ਦਾ ਚੱਲ ਰਿਹਾ ਸੰਘਰਸ਼ ਅਖੀਰ ਜੇਤੂ ਹੋ ਨਿਬੜਿਆ। ਤਿੰਨ ਲੱਖ ਤਰਵੰਜਾ ਹਜ਼ਾਰ ਛੇ ਸੌ ਪੰਜਾਹ ਰੁਪਏ ਵਿੱਚ ਪ੍ਰਾਪਤ ਕੀਤੀ 16 ਏਕੜ ਜ਼ਮੀਨ ਦੀ ਬੋਲੀ। ਜ਼ਮੀਨ ਪ੍ਰਾਪਤ ਕਰਨ ਤੋਂ ਬਾਅਦ ਜ਼ਮੀਨ ਵਿੱਚ ਜੇਤੂ ਰੈਲੀ ਨੂੰ ਸੰਬੋਧਨ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾ ਜਰਨਲ ਸਕੱਤਰ ਲਖਵੀਰ ਸਿੰਘ ਲੌਂਗੋਵਾਲ ਤੇ ਪਿੰਡ ਇਕਾਈ ਦੇ ਪ੍ਰਧਾਨ ਗੁਰਦੀਪ ਸਿੰਘ ਫੌਜੀ ਨੇ ਕਿਹਾ ਕਿ ਇਹ ਜ਼ਮੀਨ ਤਾਂ ਪਿਛਲੇ ਸਾਲ ਹੀ ਲੰਮੇ ਸੰਘਰਸ਼ ਤੋਂ ਬਾਅਦ ਤਿੰਨ ਸਾਲਾਂ ਲਈ ਪਟੇ 'ਤੇ ਪ੍ਰਾਪਤ ਕਰ ਲਈ ਸੀ, ਪਰ ਪਿੰਡ ਦੇ ਕੁੱਝ ਲੋਕ ਪੰਚਾਇਤ ਨਾਲ ਮਿਲ ਕੇ ਜ਼ਮੀਨ ਦੀ ਦੁਬਾਰਾ ਡੰਮੀ ਬੋਲੀ ਕਰਵਾ ਕੇ ਇੱਕ ਸੌ ਸੱਤਰ ਪਰਿਵਾਰ, ਜੋ ਸਾਂਝੀ ਖੇਤੀ ਕਰ ਰਹੇ ਹਨ, ਤੋਂ ਜ਼ਮੀਨ ਖੋਹਣਾ ਚਹੁੰਦੇ ਸੀ, ਕਿਉਂਕਿ ਉਨ੍ਹਾਂ ਨੂੰ ਹਜਮ ਨਹੀਂ ਹੋ ਰਿਹਾ ਸੀ ਕਿ ਜਿਹੜੇ ਲੋਕ ਕੱਲ੍ਹ ਤੱਕ ਸਾਡੀਆਂ ਜੀ ਹਜ਼ੂਰੀਆਂ ਕਰ ਰਹੇ ਸੀ, ਅੱਜ ਜ਼ਮੀਨ ਪ੍ਰਾਪਤ ਕਰਕੇ ਆਪਣੀ ਮਾਣ ਸਨਮਾਨ ਦੀ ਜ਼ਿੰਦਗੀ ਬਹਾਲ ਕਰ ਰਹੇ ਹਨ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਹਰਪ੍ਰੀਤ ਸਿੰਘ ਤੇ ਕਾਕਾ ਸਿੰਘ ਨੇ ਕਿਹਾ ਕਿ ਸਾਡੇ ਕੋਲ ਤਿੰਨ ਸਾਲਾ ਮਤੇ ਦੀ ਕਾਪੀ ਹੋਣ ਦੇ ਬਾਵਜੂਦ ਪੰਚਾਇਤ ਦੁਬਾਰਾ ਬੋਲੀ ਕਰਵਉਣ 'ਤੇ ਅੜੀ ਹੋਈ ਸੀ, ਕਿਉਂਕਿ ਅਸੀਂ ਏ ਡੀ ਸੀ, ਡੀ ਡੀ ਪੀ ਓ, ਬੀ ਡੀ ਪੀ ਓ ਨੂੰ ਵਾਰ ਵਾਰ ਮਿਲਣ ਤੇ ਧਰਨੇ ਮੁਜ਼ਾਹਰੇ ਕਰਨ ਤੋਂ ਬਾਅਦ ਵੀ ਜਦੋਂ ਮਜ਼ਦੂਰਾਂ ਨੂੰ ਇਨਸਾਫ ਨਹੀਂ ਸੀ ਮਿਲ ਰਿਹਾ ਸੀ ਤਾਂ ਜਥੇਬੰਦੀ ਦੀ ਅਗਵਾਈ ਹੇਠ ਜ਼ਮੀਨ 'ਚ ਪੱਕਾ ਮੋਰਚਾ ਲਾਉਣ ਦਾ ਫੈਸਲਾ ਕੀਤਾ ਤਾਂ ਪ੍ਰਸ਼ਾਸਨ ਨੂੰ ਪਿੰਡ 'ਚ ਟਕਰਾਅ ਨੂੰ ਦੇਖਦੇ ਹੋਏ ਹੱਥਾਂ ਪੈਰਾਂ ਦੀ ਪੈ ਗਈ ਅਤੇ ਆਗੂਆਂ ਨਾਲ ਰਾਬਤਾ ਕਾਇਮ ਕਰਕੇ ਕਿਹਾ ਕਿ ਤੁਸੀਂ ਮੋਰਚਾ ਨਾ ਲਗਾਓ, ਅਸੀਂ ਤੁਹਾਡਾ ਅੱਜ ਹੀ ਮਸਲਾ ਹੱਲ ਕਰ ਦਿੰਦੇ ਹਾਂ, ਜਿਸ ਤੋਂ ਬਾਅਦ ਬਿਨਾਂ ਬੋਲੀ ਤੋਂ ਮਜ਼ਦੂਰਾਂ ਤੋਂ ਪੈਸੇ ਭਰਵਾ ਲਏ ਗਏ।

ਜ਼ਮੀਨ ਵਿੱਚ ਝੰਡਾ ਚਾੜ੍ਹਦੇ ਹੋਏ ਮਜ਼ਦੂਰ ਆਗੂ ਸੁਰਜੀਤ ਸਿੰਘ ਸੀਤਾ ਨੇ ਕਿਹਾ ਕਿ ਮੈਂ ਲੰਮੇ ਸਮੇਂ ਤੋਂ ਕਿਸਾਨਾਂ ਨਾਲ ਸੀਰੀ ਰਲਦਾ ਰਿਹਾ ਹਾਂ, ਮੇਰਾ ਬਚਪਨ ਵੀ ਬਿਗਾਨੇ ਖੇਤਾਂ ਵਿੱਚ ਗੁਜ਼ਰਿਆ ਹੈ। ਉਸ ਨੇ ਆਪਣੀ ਜ਼ਮੀਨ ਦੀ ਗੋਦ ਦੇ ਨਿੱਘ ਨੂੰ ਮਹਿਸੂਸ ਕਰਦਿਆਂ ਪੰਜਾਬ ਦੇ ਹੋਰਨਾਂ ਪਿੰਡਾਂ ਦੇ ਦਲਿਤਾਂ ਨੂੰ ਵੀ ਹੋਕਾ ਦਿੱਤਾ ਕਿ ਆਓ ਆਪਣੇ ਹਿੱਸੇ ਦੀ ਜ਼ਮੀਨ ਪ੍ਰਾਪਤ ਕਰਨ ਲਈ ਜਥੇਬੰਦ ਹੋਈਏ। ਹੋਰਨਾਂ ਤੋਂ ਇਲਾਵਾ ਕਮੇਟੀ ਮੈਂਬਰ ਮੰਗੂ ਸਿੰਘ, ਬੂਟਾ ਸਿੰਘ, ਜੱਸਾ ਸਿੰਘ, ਜੱਗੀ ਸਿੰਘ, ਗੁਰਪ੍ਰੀਤ ਸਿੰਘ, ਰਣਜੀਤ ਸਿੰਘ, ਵਨਸਾ ਸਿੰਘ, ਬਲਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਮਜ਼ਦੂਰ ਔਰਤਾਂ ਤੇ ਮਰਦ ਸ਼ਾਮਲ ਸਨ।

# ਸ਼ੇਰਵੀਰ ਬਣੇ ਮਿਲਕਫੈੱਡ ਯੂਨੀਅਨ ਦੇ ਚੇਅਰਮੈਨ



ਨਵ-ਨਿਯੁਕਤ ਚੇਅਰਮੈਨ ਸ਼ੇਰਵੀਰ ਸਿੰਘ ਦਾ ਸਨਮਾਨ ਕਰਦੇ ਹੋਏ ਉਸ ਦੇ ਸਾਥੀ।

**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ੇਰਵੀਰ ਸਿੰਘ ਸਾਬਕਾ ਸਰਪੰਚ ਛਾਪਿਆਂਵਾਲੀ ਨੂੰ ਵੇਰਕਾ ਮਿਲਕਫੈੱਡ ਯੂਨੀਅਨ ਸ਼੍ਰੀ ਮੁਕਤਸਰ ਸਾਹਿਬ ਦਾ ਸਰਬਸੰਮਤੀ ਨਾਲ ਚੇਅਰਮੈਨ ਚੁਣਿਆ ਗਿਆ ਹੈ।ਇਸ ਚੋਣ ਮੌਕੇ ਡਾ. ਭਗਤ ਸਿੰਘ ਵਾਈਸ ਚੇਅਰਮੈਨ, ਤਜਿੰਦਰ ਸਿੰਘ ਡਾਇਰੈਕਟਰ ਮਿਲਕਫੈੱਡ ਪੰਜਾਬ, ਬਲਵਿੰਦਰ ਸਿੰਘ ਚੌਤਰਾ ਜ਼ਿਲ੍ਹਾ ਪ੍ਰਧਾਨ ਪੀ.ਡੀ.ਐੱਫ.ਏ., ਜਸਕਰਨ ਸਿੰਘ ਡੱਗੂ ਰੋਮਾਣਾ, ਬਲਦੇਵ ਸਿੰਘ ਕਾਉਣੀ, ਰਾਜਵਿੰਦਰ ਸਿੰਘ ਸਿਮਰੇਵਾਲਾ, ਨਿਰਭੈ ਸਿੰਘ ਤਰਮਾਲਾ, ਗੁਰਪ੍ਰੀਤ ਕੌਰ ਪੰਨੀਵਾਲਾ ਤੇ ਦਲਜਿੰਦਰ ਕੌਰ ਸੁਖਨਾ ਆਦਿ ਵੇਰਕਾ ਮਿਲਕਫੈੱਡ ਯੂਨੀਅਨ ਦੇ ਅਹੁਦੇਦਾਰ ਹਾਜ਼ਰ ਸਨ। ਇਸ ਮੌਕੇ ਕੁਲਜਿੰਦਰ ਸਿੰਘ ਨੰਬਰਦਾਰ, ਅਮਰੀਕ ਸਿੰਘ, ਪ੍ਰਕਾਸ਼ ਸਿੰਘ ਖੇਮਾਖੇੜਾ, ਹਰਵਿੰਦਰ ਸਿੰਘ, ਉਂਕਾਰ ਸਿੰਘ ਸੇਖੋਂ ਤੇ ਬੇਅੰਤ ਸਿੰਘ ਨੇ ਨਵ-ਨਿਯੁਕਤ ਚੇਅਰਮੈਨ ਸ਼ੇਰਵੀਰ ਨੂੰ ਫੁੱਲਾਂ ਦਾ ਹਾਰ ਪਾ ਕੇ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।

# ਭਾਕਿਯੂ ਡਕੌਂਦਾ ਇਕਾਈ ਵਜੀਦਕੇ ਖ਼ੁਰਦ ਦੇ ਹਰਵਿੰਦਰ ਸਿੰਘ ਪ੍ਰਧਾਨ ਚੁਣੇ

## ਅੱਜ ਜੰਤਰ ਮੰਤਰ ਦਿੱਲੀ ਸੰਘਰਸ਼ 'ਚ ਸੈਂਕੜੇ ਕਿਸਾਨ ਮਰਦ-ਔਰਤਾਂ ਦਾ ਕਾਫਲਾ ਸ਼ਾਮਲ ਹੋਵੇਗਾ : ਹਰਦਾਸਪੁਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਕਿਯੂ ਡਕੌਂਦਾ ਪਿੰਡ ਵਜੀਦਕੇ ਖੁਰਦ ਇਕਾਈ ਦੀ ਨਵੀਂ ਜਥੇਬੰਦਕ ਚੋਣ ਸਰਬ ਸੰਮਤੀ ਨਾਲ ਕੀਤੀ ਗਈ। ਇਸ ਸਮੇਂ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਬਲਾਕ ਪ੍ਰਧਾਨ ਨਾਨਕ ਸਿੰਘ, ਭਾਗ ਸਿੰਘ ਕੁਰੜ ਨੇ ਭਾਕਿਯੂ ਡਕੌਂਦਾ ਦੇ ਸੰਵਿਧਾਨ ਤੇ ਐਲਾਨਨਾਮੇ ਤੋਂ ਜਾਣੂ ਕਰਵਾਇਆ। ਉਨ੍ਹਾਂ ਦਿੱਲੀ ਜੰਤਰ ਮੰਤਰ ਵਿਖੇ ਕੁਸ਼ਤੀ ਪਹਿਲਵਾਨਾਂ ਦੇ ਸਰੀਰਕ ਸ਼ੋਸ਼ਣ ਖਿਲਾਫ 18 ਦਿਨਾਂ ਤੋਂ ਚੱਲ ਰਹੇ ਸੰਘਰਸ਼ ਤੋਂ ਜਾਣੂ ਕਰਵਾਇਆ। ਇਹ ਕੁਸ਼ਤੀ ਪਹਿਲਵਾਨ ਹੀ ਨਹੀਂ, ਸਾਡੀਆਂ ਧੀਆਂ ਵੀ ਹਨ। ਇਨ੍ਹਾਂ ਕੁਸ਼ਤੀ ਪਹਿਲਵਾਨਾਂ ਦੇ ਸਰੀਰਕ ਸ਼ੋਸ਼ਣ ਦਾ ਜ਼ਿੰਮੇਵਾਰ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਭਾਜਪਾ ਐੱਮ ਪੀ ਹੈ। ਇਨ੍ਹਾਂ ਪਹਿਲਵਾਨਾਂ ਨੇ ਇਨਸਾਫ ਹਾਸਲ ਕਰਨ ਲਈ ਲਈ ਚਾਰ ਮਹੀਨੇ ਪਹਿਲਾਂ ਵੀ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਪਰ ਕਮਿਸ਼ਨ ਬਿਠਾ ਕੇ ਪੜਤਾਲ ਤੋਂ ਬਾਅਦ ਇਨਸਾਫ ਦੇਣ ਦੇ ਵਾਅਦੇ ਨਾਲ ਪਹਿਲਵਾਨਾਂ ਨੇ ਸੰਘਰਸ਼ ਮੁਲਤਵੀ ਕਰ ਦਿੱਤਾ ਸੀ। ਹੁਣ 23 ਅਪ੍ਰੈਲ ਤੋਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਖਿਲਾਫ ਐੱਫ.ਆਈ.ਆਰ. ਦਰਜ ਕਰਕੇ ਗ੍ਰਿਫਤਾਰ ਕਰਨ ਤੇ ਕੁਸ਼ਤੀ ਫੈਡਰੇਸ਼ਨ ਦੇ ਅਹੁਦੇ ਤੋਂ ਫਾਰਗ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਚੱਲ ਰਿਹਾ ਹੈ। ਸੁਪਰੀਮ ਕੋਰਟ ਦੀ ਦਖਲਅੰਦਾਜ਼ੀ ਤੋਂ ਬਾਅਦ ਦੋ ਐੱਫ.ਆਈ.ਆਰ. ਦਰਜ ਭਾਵੇਂ ਹੋ ਗਈਆਂ ਹਨ, ਪਰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ, ਨਾ ਹੀ ਕੁਸ਼ਤੀ ਫੈਡਰੇਸ਼ਨ ਦੀ ਪ੍ਰਧਾਨਗੀ ਤੋਂ ਲਾਹਿਆ ਗਿਆ ਹੈ। ਇਸ ਕਰਕੇ ਸਾਡੀਆਂ ਧੀਆਂ ਨੂੰ ਇਨਸਾਫ ਦਿਵਾਉਣ ਲਈ ਭਾਕਿਯੂ ਡਕੌਂਦਾ ਵੱਲੋਂ 12 ਮਈ ਨੂੰ ਜੰਤਰ ਮੰਤਰ ਦਿੱਲੀ ਵੱਲ ਮਾਰਚ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਸਾਨ ਮਰਦ-ਔਰਤਾਂ ਨੂੰ ਆਪਣੀਆਂ ਧੀਆਂ ਦੀ ਇਨਸਾਫ ਹਾਸਲ ਕਰਨ ਲਈ ਚੱਲ ਰਹੇ ਸੰਘਰਸ਼ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਉਪਰੰਤ ਪਿੰਡ ਵਜੀਦਕੇ ਖੁਰਦ ਦੀ ਨਵੀਂ ਇਕਾਈ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਪ੍ਰਧਾਨ ਹਰਵਿੰਦਰ ਸਿੰਘ, ਜਨਰਲ ਸਕੱਤਰ ਕਸ਼ਮੀਰ ਸਿੰਘ, ਮੀਤ ਪ੍ਰਧਾਨ ਲਖਵਿੰਦਰ ਸਿੰਘ, ਖਜ਼ਾਨਚੀ ਕਸਮੀਰ ਸਿੰਘ, ਸਹਾਇਕ ਖਜ਼ਾਨਚੀ ਮਨਜੋਤ ਸਿੰਘ ਤੋਂ ਇਲਾਵਾ ਕੁਲਦੀਪ ਸਿੰਘ, ਜਗਦੇਵ ਸਿੰਘ, ਗੁਰਦੇਵ ਸਿੰਘ, ਜੀਵਨ ਸਿੰਘ, ਨਛੱਤਰ ਸਿੰਘ, ਬੰਤ ਸਿੰਘ, ਦੀਪ ਸਿੰਘ, ਬਹਾਦਰ ਸਿੰਘ ਕਮੇਟੀ ਮੈਂਬਰ ਚੁਣੇ ਗਏ।

# 15 ਦਿਨਾਂ 'ਚ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਨਾ ਹੋਈ ਤਾਂ ਕਰਾਂਗੇ ਦਿੱਲੀ ਵੱਲ ਕੂਚ : ਆਗੂ

## ਸ਼ਹਿਰ 'ਚ ਕੱਢਿਆ ਇਨਸਾਫ ਮਾਰਚ ਤੇ ਬਣਾਈ ਮਨੁੱਖੀ ਕੜੀ




ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਇਨਸਾਫ ਮਾਰਚ ਕਰਦੇ ਹੋਏ।

**ਮੋਗਾ (ਅਮਰਜੀਤ ਬੱਬਰੀ)**

ਰੂਰਲ ਐੱਨ ਜੀ ਓ ਕਲੱਬਜ਼ ਐਸੋਸੀਏਸ਼ਨ ਮੋਗਾ ਦੇ ਸ਼ਹਿਰੀ ਯੂਨਿਟ ਦੇ ਸੱਦੇ 'ਤੇ ਮੋਗਾ ਸ਼ਹਿਰ ਦੀਆਂ ਅਣਗਿਣਤ ਸਮਾਜਿਕ ਤੇ ਧਾਰਮਿਕ ਸੰਸਥਾਵਾਂ, ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਪਿਛਲੇ ਕਈ ਦਿਨ ਤੋਂ ਇਨਸਾਫ ਦੀ ਜੰਗ ਲੜ ਰਹੀਆਂ ਦੇਸ਼ ਦੀਆਂ ਮਾਣਮੱਤੀਆਂ ਧੀਆਂ ਦੇ ਸਮਰਥਨ ਵਿੱਚ ਨੇਚਰ ਪਾਰਕ ਮੋਗਾ ਤੋਂ ਮੇਨ ਚੌਕ ਮੋਗਾ ਤੱਕ "ਇਨਸਾਫ ਮਾਰਚ" ਕੀਤਾ ਗਿਆ ਤੇ ਮੇਨ ਚੌਕ ਮੋਗਾ ਵਿਖੇ ਕਰੀਬ ਇੱਕ ਘੰਟਾ ਸਰਕਾਰੀ ਗੁੰਡਾਗਰਦੀ ਵਿਰੁੱਧ ਮਨੁੱਖੀ ਕੜੀ ਬਣਾ ਕੇ ਇਕਜੁਟਤਾ ਦਾ ਪ੍ਰਗਟਾਵਾ ਕੀਤਾ। ਨੇਚਰ ਪਾਰਕ ਮੋਗਾ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ, ਰੂਰਲ ਐੱਨ ਜੀ ਓ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ, ਸਿਟੀ ਯੂਨਿਟ ਦੇ ਪ੍ਰਧਾਨ ਸੁਖਦੇਵ ਸਿੰਘ ਬਰਾੜ, ਮੀਤ ਪ੍ਰਧਾਨ ਪ੍ਰਦੀਪ ਸ਼ਰਮਾ ਨੈਸਲੇ, ਸਕੱਤਰ, ਐਪਸੋ ਮੋਗਾ ਦੇ ਜਨਰਲ ਸਕੱਤਰ ਡਾ. ਇੰਦਰਵੀਰ ਗਿੱਲ, ਕੁਲਦੀਪ ਸਿੰਘ ਭੋਲਾ, ਸਵਰਨ ਖੋਸਾ, ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਮੋਗਾ ਦੇ ਆਗੂ ਰਮਨਜੀਤ ਭੁੱਲਰ, ਏਟਕ ਆਗੂ ਕਰਮਵੀਰ ਕੌਰ ਬੱਧਨੀ ਤੇ ਜਗਸੀਰ ਖੋਸਾ, ਜ਼ਿਲ੍ਹਾ ਐੱਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ ਦੇ ਪ੍ਰਧਾਨ ਗੁਰਸੇਵਕ ਸਿੰਘ ਸੰਨਿਆਸੀ, ਸਕੱਤਰ ਅਮਰਜੀਤ ਸਿੰਘ ਜੱਸਲ, ਸਮਾਜ ਸੇਵਾ ਸੁਸਾਇਟੀ ਮੋਗਾ ਦੇ ਪ੍ਰਧਾਨ ਡਾ. ਰਵੀਨੰਦਨ ਸ਼ਰਮਾ, ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਡਾ. ਕੁਲਦੀਪ ਸਿੰਘ ਗਿੱਲ, ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਵੀ ਪੀ ਸੇਠੀ, ਆਲ ਇੰਡੀਆ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਸੁਰਿੰਦਰ ਬਾਵਾ, ਦਸਮੇਸ਼ ਪਾਰਕ ਕਲੱਬ ਦੇ ਆਗੂ ਸੁਖਵੰਤ ਸਿੰਘ ਢਿੱਲੋਂ, ਐਡਵੋਕੇਟ ਹਰਜੀਤ ਸਿੰਘ, ਸ਼ਹੀਦ ਭਗਤ ਸਿੰਘ ਕਲਾ ਮੰਚ ਚੜਿੱਕ ਦੇ ਆਗੂ ਤੀਰਥ ਚੜਿੱਕ, ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਪ੍ਰਧਾਨ ਰਾਜਿੰਦਰ ਸਿੰਘ ਰਿਆੜ, ਫੀਲਡ ਐਂਡ ਵਰਕਸ਼ਾਪ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ ਚੁਗਾਵਾਂ, ਮਹਿਕ ਵਤਨ ਦੀ ਫਾਊਂਡੇਸ਼ਨ ਦੇ ਭਵਨਦੀਪ ਪੁਰਬਾ, ਸੇਵਾ ਐੱਨ ਜੀ ਓ ਦੀ ਪ੍ਰਧਾਨ ਹਰਪਿੰਦਰ ਕੌਰ, ਜਸਪ੍ਰੀਤ ਕੌਰ ਬੱਧਨੀ, ਉਘੀ ਲੇਖਿਕਾ ਬੇਅੰਤ ਕੌਰ ਗਿੱਲ ਨੇ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਬੜੀ ਸ਼ਰਮ ਦੀ ਗੱਲ ਹੈ ਕਿ ਭਾਜਪਾ ਦੇ ਬਾਹੂਬਲੀ ਨੇਤਾ ਬ੍ਰਿਜਭੂਸ਼ਨ ਸ਼ਰਨ ਸਿੰਘ ਖਿਲਾਫ ਐੱਫ ਆਈ ਆਰ ਦਰਜ ਕਰਵਾਉਣ ਲਈ ਪਹਿਲਵਾਨ ਬੇਟੀਆਂ ਨੂੰ ਤਿੰਨ ਮਹੀਨੇ ਸੰਘਰਸ਼ ਕਰਨ ਤੋਂ ਬਾਅਦ ਵੀ ਸੁਪਰੀਮ ਕੋਰਟ ਦਾ ਸਹਾਰਾ ਲੈਣਾ ਪਿਆ ਤੇ ਪੌਕਸੋ ਐਕਟ ਲੱਗਣ ਦੇ ਬਾਵਜੂਦ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਉਨ੍ਹਾਂ ਨੂੰ ਸੜਕਾਂ 'ਤੇ ਰੁਲਣ ਪੈ ਰਿਹਾ ਹੈ ਜਦਕਿ ਨਾਬਾਲਿਗ ਪਹਿਲਵਾਨ ਦੇ ਸਿਰਫ ਬਿਆਨਾਂ 'ਤੇ ਹੀ ਗ੍ਰਿਫਤਾਰੀ ਹੋ ਜਾਣੀ ਚਾਹੀਦੀ ਸੀ।

ਉਨ੍ਹਾਂ ਕਿਹਾ ਕਿ ਦੇਸ਼ ਦੀ ਭਾਜਪਾ ਸਰਕਾਰ ਖਤਰਨਾਕ ਏਜੰਡੇ 'ਤੇ ਕੰਮ ਕਰ ਰਹੀ ਹੈ ਤੇ ਦੇਸ਼ ਨੂੰ ਧਰਮ ਦੇ ਆਧਾਰ 'ਤੇ ਵੰਡ ਕੇ ਵੋਟਾਂ ਦਾ ਧਰੁਵੀਕਰਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। "ਬੇਟੀ ਬਚਾਓ, ਬੇਟੀ ਪੜ੍ਹਾਓ" ਦਾ ਨਾਅਰਾ ਦੇਣ ਵਾਲੇ ਪ੍ਰਧਾਨ ਮੰਤਰੀ ਦੀ ਇਸ ਮੁੱਦੇ 'ਤੇ ਚੁੱਪੀ ਵੱਡੇ ਸਵਾਲ ਖੜੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਰੇ ਘਟਨਾਕ੍ਰਮ ਤੋਂ ਬਾਅਦ ਮਾਪੇ ਆਪਣੇ ਬੱਚਿਆਂ ਨੂੰ ਲੈ ਕੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਤੇ ਪਹਿਲਾਂ ਹੀ ਖੇਡਾਂ ਵਿੱਚ ਪੱਛੜੇ ਹੋਏ ਸਾਡੇ ਦੇਸ਼ ਤੇ ਇਸ ਦਾ ਨਕਾਰਾਤਮਕ ਪ੍ਰਭਾਵ ਪਵੇਗਾ।

ਉਨ੍ਹਾਂ ਇੱਕ ਸੁਰ ਵਿੱਚ ਦੇਸ਼ ਦੀਆਂ ਬੇਟੀਆਂ ਦੇ ਇਸ ਸੰਘਰਸ਼ ਦਾ ਸਮਰਥਨ ਕਰਦਿਆਂ ਐਲਾਨ ਕੀਤਾ ਕਿ ਜੇਕਰ ਮਿੱਥੇ 15 ਦਿਨ ਵਿੱਚ ਬ੍ਰਿਜਭੂਸ਼ਨ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਸਖਤ ਕਾਨੂੰਨੀ ਕਾਰਵਾਈ ਨਾ ਕੀਤੀ ਗਈ ਤਾਂ ਅਸੀਂ ਮੋਗਾ ਜ਼ਿਲ੍ਹੇ ਵੱਲੋਂ ਵੱਡੀ ਗਿਣਤੀ 'ਚ ਦਿੱਲੀ ਵੱਲ ਕੂਚ ਕਰਾਂਗੇ ਤੇ ਇਸ ਸਰਕਾਰ ਦਾ ਭੱਦਾ ਚਿਹਰਾ ਦੁਨੀਆ ਸਾਹਮਣੇ ਲੈ ਕੇ ਆਵਾਂਗੇ। ਆਗੂਆਂ ਨੇ ਇਨਸਾਫ ਮਿਲਣ ਤੱਕ ਸੋਸ਼ਲ ਮੀਡੀਆ 'ਤੇ ਪਹਿਲਵਾਨ ਬੇਟੀਆਂ ਦੀ ਡੀ ਪੀ ਲਗਾਉਣ ਤੇ ਰੋਜ਼ਾਨਾ ਉਨ੍ਹਾਂ ਦੇ ਹੱਕ ਵਿੱਚ ਸਟੇਟਸ ਅਪਡੇਟ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਦੇ ਨਾਲ ਨਾਲ ਸਾਨੂੰ ਸੋਸ਼ਲ ਮੀਡੀਆ 'ਤੇ ਮੁਹਿੰਮ ਸ਼ੁਰੂ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿ ਜੇਕਰ ਸਰਕਾਰ ਨੇ ਮਸਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਤੁਰੰਤ ਕਾਰਵਾਈ ਨਾ ਕੀਤੀ ਤਾਂ ਕਿਸਾਨ ਅੰਦੋਲਨ ਵਾਂਗ ਲੋਕ ਇਕਜੁੱਟ ਹੋ ਕੇ ਸਰਕਾਰ ਦੇ ਨੱਕ ਵਿੱਚ ਦਮ ਕਰ ਦੇਣਗੇ।

ਇਸ ਮਾਰਚ ਵਿੱਚ ਉਕਤ ਤੋਂ ਇਲਾਵਾ ਰੂਰਲ ਐੱਨ ਜੀ ਓ ਬਲਾਕ ਬਾਘਾ ਪੁਰਾਣਾ ਦੇ ਪ੍ਰਧਾਨ ਹਰਮਿੰਦਰ ਕੋਟਲਾ, ਧਰਮਕੋਟ ਦੇ ਮੀਤ ਪ੍ਰਧਾਨ ਦਿਲਬਾਗ ਸਿੰਘ ਮੇਲਕ, ਮੋਗਾ-1 ਦੇ ਪ੍ਰਧਾਨ ਕੁਲਵਿੰਦਰ ਸਿੰਘ ਰਾਮੂਵਾਲਾ, ਬਲਾਕ ਨਿਹਾਲ ਸਿੰਘ ਵਾਲਾ ਦੇ ਚੇਅਰਮੈਨ ਗੁਰਚਰਨ ਸਿੰਘ ਰਾਜੂ ਪੱਤੋ, ਚੇਅਰਮੈਨ ਦਵਿੰਦਰਜੀਤ ਸਿੰਘ ਗਿੱਲ, ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਹਰਬੰਸ ਸਾਗਰ, ਹਰਕ੍ਰਿਸ਼ਨ ਬੋਹਤ, ਪ੍ਰਧਾਨ ਯੂਥ ਖੱਤਰੀ ਸਭਾ ਦੇ ਪ੍ਰਧਾਨ ਹਰਪ੍ਰੀਤ ਸਹਿਗਲ, ਖੱਤਰੀ ਸਭਾ ਦੇ ਪ੍ਰਧਾਨ ਐੱਮ ਐੱਲ ਜੈਦਕਾ, ਆਊਟ ਸੋਰਸ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਕੁਮਾਰ, ਰੇਸ਼ਮ ਸਿੰਘ, ਰਾਜਪੂਤ ਭਲਾਈ ਸਭਾ ਦੇ ਪ੍ਰਧਾਨ ਭੁਪਿੰਦਰ ਧੁੰਨਾ, ਕੁਲਦੀਪ ਕੋਮਲ, ਹਰਭਜਨ ਸਿੰਘ ਬਹੋਨਾ, ਗੁਰਜੀਤ ਸਿੰਘ ਨੈਸਲੇ, ਆਈ ਟੀ ਆਈ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਨਿਰਮਲ ਸਿੰਘ ਡਾਲਾ, ਆਲ ਇੰਡੀਆ ਮਜ਼ਬੀ ਸਿੱਖ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਮੰਦਰ ਸਿੰਘ ਗੱਜਣਵਾਲਾ, ਪੰਜਾਬ ਪੁਲਸ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਇੰ: ਰਸ਼ਪਾਲ ਸਿੰਘ ਸੰਧੂ, ਪੰ: ਗੌ: ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਪ੍ਰੇਮ ਕੁਮਾਰ, ਸਿਹਤ ਵਿਭਾਗ ਪੈਨਸ਼ਨਰ ਯੂਨੀਅਨ ਆਗੂ ਚਮਕੌਰ ਸਿੰਘ ਸਰਾਂ, ਸਿਟੀ ਬਲੱਡ ਹੈਲਪ ਤੋਂ ਕਪਿਲ ਭਾਰਤੀ, ਪ੍ਰਿਆਵਰਤ ਗੁਪਤਾ, ਨੈਸਲੇ ਇੰਪਲਾਈਜ਼ ਯੂਨੀਅਨ ਦੇ ਆਗੂ ਵਜੀਰ ਸਿੰਘ, ਗੌ: ਸਕੂਲ ਟੀਚਰ ਯੂਨੀਅਨ ਆਗੂ ਬੂਟਾ ਸਿੰਘ ਭੱਟੀ, ਕੇਵਲ ਕ੍ਰਿਸ਼ਨ ਸ਼ਰਮਾ, ਨਰਜੀਤ ਕੌਰ, ਜਸਵੀਰ ਕੌਰ, ਦਲਜਿੰਦਰ ਕੌਰ, ਇੰ: ਨਛੱਤਰ ਸਿੰਘ, ਜਰਨੈਲ ਸਿੰਘ ਨੈਸਲੇ ਆਦਿ ਤੋਂ ਇਲਾਵਾ 300 ਦੇ ਕਰੀਬ ਵੱਖ ਵੱਖ ਸੰਸਥਾਵਾਂ ਦੇ ਮੈਂਬਰ ਹਾਜ਼ਰ ਸਨ।

# ਲਾਲ ਝੰਡੇ ਦੀ ਵਿਰਾਸਤ ਨੂੰ ਘਰ-ਘਰ ਪਹੁੰਚਾਉਣ ਲਈ ਪ੍ਰਚਾਰ ਮੁਹਿੰਮ ਜਾਰੀ : ਵਿਜੈ ਭੀਖੀ



ਸੂਬਾ ਉੱਪ ਪ੍ਰਧਾਨ ਵਿਜੇ ਕੁਮਾਰ ਨਾਲ ਮਜ਼ਦੂਰ ਕਾਰਕੁਨ।

**ਭੀਖੀ (ਧਰਮਵੀਰ ਸ਼ਰਮਾ)**-ਮਜ਼ਦੂਰ ਜਮਾਤ ਦੀ ਮੁਕਤੀ ਲਈ ਸੰਘਰਸ਼ ਕਰਨ ਵਾਲੀ ਇਨਕਲਾਬੀ ਪਾਰਟੀ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਨੂੰ ਮਜ਼ਬੂਤ ਕਰਨ ਤੇ ਲਾਲ ਝੰਡੇ ਦੀ ਵਿਰਾਸਤ ਨੂੰ ਘਰ ਘਰ ਪਹੁੰਚਾਉਣ ਲਈ ਪ੍ਰਚਾਰ ਮੁਹਿੰਮ ਦੇ ਤਹਿਤ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਸਬੰਧਤ ਆਇਰਲਾ ਦੇ ਸੂਬਾ ਮੀਤ ਪ੍ਰਧਾਨ ਵਿਜੈ ਕੁਮਾਰ ਭੀਖੀ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਤਹਿਸੀਲ ਸਕੱਤਰ ਗੁਰਸੇਵਕ ਸਿੰਘ ਮਾਨ ਵੱਲੋਂ ਪਿੰਡ ਗੜੱਦੀ ਵਿੱਚ ਮਜ਼ਦੂਰਾਂ ਦੀ ਮੀਟਿੰਗ ਕਰਵਾਈ ਗਈ। ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਅੰਦਰ ਪੇਂਡੂ ਤੇ ਦਲਿਤ ਖ਼ੇਤ ਮਜ਼ਦੂਰਾਂ ਨੂੰ ਪੰਜਾਬ ਸਰਕਾਰ ਤੋਂ ਪਾਸ ਕਰਵਾਏ ਤੀਜੇ ਹਿੱਸੇ ਦੀ ਜ਼ਮੀਨ ਸਸਤੇ ਮੁੱਲ ਬੋਲੀ ਕਰਾ ਕੇ ਦਲਿਤ ਮਜ਼ਦੂਰਾਂ ਨੂੰ ਦੇਣ, ਲੋੜਵੰਦਾਂ ਲਈ ਪੰਜ ਮਰਲੇ ਪਲਾਟ, ਨਰੇਗਾ ਕਾਮਿਆਂ ਨੂੰ 700 ਰੁਪਏ ਦਿਹਾੜੀ 200 ਦਿਨ ਕੰਮ ਲਈ ਸਰਕਾਰ ਖਿਲਾਫ਼ ਸਖਤ ਅੰਦੋਲਨ ਦੀ ਲੋੜ ਹੈ। ਨਰਮੇ ਤੇ ਕਣਕ ਦੀ ਮਾਰ ਦਾ ਮੁਆਵਜ਼ਾ ਜਿੱਥੇ ਕਿਸਾਨਾਂ ਨੂੰ ਦਿੱਤਾ ਗਿਆ ਹੈ, ਉੱਥੇ ਹੀ ਮਜ਼ਦੂਰਾਂ ਨੂੰ ਵੀ ਇਸ ਦਾ ਮੁਆਵਜ਼ਾ ਜਲਦ ਮਿਲਣਾ ਚਾਹੀਦਾ ਹੈ। ਮਾਨਸਾ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਹਾਲੇ ਤੱਕ ਮਜ਼ਦੂਰਾਂ ਨੂੰ ਨਰਮੇ ਦਾ ਮੁਆਵਜ਼ਾ ਨਹੀਂ ਮਿਲਿਆ, ਇਸ ਨੂੰ ਲੈ ਕੇ ਡੀ ਸੀ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਾਂਗੇ, ਇਸ ਦੀ ਤਿਆਰੀ ਕਰਨੀ ਚਾਹੀਦੀ ਹੈ। ਲਾਲ ਝੰਡਾ ਹੀ ਸਾਡੇ ਹੱਕਾਂ ਦੀ ਰਾਖੀ ਕਰ ਸਕਦਾ ਹੈ। ਅੱਜ ਸਾਨੂੰ ਭਗਤ ਸਿੰਘ ਤੇ ਅੰਬੇਡਕਰ ਦੇ ਜੀਵਨ ਨੂੰ ਪੜ੍ਹ ਕੇ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਹੋਈਏ। ਇਸ ਸਮੇਂ ਪਿੰਡ ਗੜੱਦੀ ਦੇ ਮਜ਼ਦੂਰ ਮੁਕਤੀ ਮੋਰਚਾ ਦੇ ਪ੍ਰਧਾਨ ਭੋਲਾ ਗੁੜੱਦੀ ਸਹਿਤ ਸੈਂਕੜੇ ਕਾਰਕੁਨ ਹਾਜ਼ਰ ਸਨ।

# ਸਫਾਈ ਸੇਵਕਾਂ ਵੱਲੋਂ ਰੋਸ ਮਾਰਚ, ਸਰਕਾਰ ਖਿਲਾਫ ਕੀਤੀ ਜੰਮ ਕੇ ਨਾਅਰੇਬਾਜ਼ੀ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਸਫਾਈ ਸੇਵਕ ਯੂਨੀਅਨ ਨਗਰ ਕੌਂਸਲ ਗਿੱਦੜਬਾਹਾ ਵੱਲੋਂ ਯੂਨੀਅਨ ਦੇ ਪ੍ਰਧਾਨ ਰਾਜੇਸ਼ ਕੁਮਾਰ ਬੌਬੀ ਟਾਂਕ ਦੀ ਅਗਵਾਈ ਵਿੱਚ ਕੂੜੇ ਦੀਆਂ ਟਰਾਲੀਆਂ ਭਰ ਕੇ ਸ਼ਹਿਰ ਅੰਦਰ ਰੋਸ ਮਾਰਚ ਕੀਤਾ ਗਿਆ ਤੇ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦੇ ਯੂਨੀਅਨ ਦੇ ਪ੍ਰਧਾਨ ਰਾਜੇਸ਼ ਕੁਮਾਰ ਬੌਬੀ ਟਾਂਕ ਨੇ ਦੱਸਿਆ ਕਿ ਅਸੀਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਹੈ। ਉਨ੍ਹਾ ਦੱਸਿਆ ਕਿ ਇਸ ਸਬੰਧੀ ਅੱਜ ਸਾਡੀ ਕਾਰਜ ਸਾਧਕ ਅਫਸਰ ਨਗਰ ਕੌਂਸਲ ਗਿੱਦੜਬਾਹਾ ਨਾਲ ਮੀਟਿੰਗ ਹੋਈ ਹੈ ਤੇ ਉਨ੍ਹਾਂ ਸਾਨੂੰ ਭਰੋਸਾ ਦਿੱਤਾ ਹੈ ਕਿ ਜਲਦੀ ਰਹਿੰਦੀਆਂ ਤਨਖਾਹਾਂ ਤੇ ਹੋਰ ਮੰਗਾਂ ਦਾ ਹੱਲ ਕੀਤਾ ਜਾਵੇਗਾ, ਪਰ ਜਦ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤੇ ਸਾਡੀਆਂ ਤਨਖਾਹਾਂ ਸਾਨੂੰ ਮਿਲ ਨਹੀ ਜਾਂਦੀਆਂ, ਅਸੀਂ ਆਪਣਾ ਸੰਘਰਸ਼ ਜਾਰੀ ਰੱਖਾਂਗੇ। ਉਨ੍ਹਾ ਕਿਹਾ ਕਿ ਪਿਛਲੇ ਕਰੀਬ 3-4 ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ, ਜਿਸ ਕਾਰਨ ਸਫਾਈ ਸੇਵਕਾਂ ਦੇ ਚੁੱਲ੍ਹੇ ਠੰਢੇ ਹੋਣ ਲੱਗੇ ਹਨ, ਉਨ੍ਹਾਂ ਨੂੰ ਪਰਿਵਾਰ ਚਲਾਉਣ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੀਆਂ 3-4 ਮਹੀਨਿਆਂ ਦੀਆਂ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ, ਪੀ. ਐੱਫ. ਉਨ੍ਹਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਾਇਆ ਜਾਵੇ। ਇਸ ਮੌਕੇ ਦੇਸ ਰਾਜ, ਸੱਤਪਾਲ, ਕ੍ਰਿਸ਼ਨ ਲਾਲ ਟਾਂਕ, ਬਾਲੇ ਰਾਮ ਮੇਟ, ਵਿਜੇ ਮੇਟ, ਰਜਿੰਦਰ ਕੁਮਾਰ ਮੇਟ, ਪਵਨ, ਇੰਦਰ ਜੀਤ, ਨੀਲਮ ਰਾਣੀ, ਚੁਨੀਆਂ ਜੈਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਫਾਈ ਸੇਵਕ ਹਾਜ਼ਰ ਸਨ।

# ਧੋਖਾਧੜੀ ਦੇ ਮਾਮਲੇ 'ਚ ਗ੍ਰਿਫਤਾਰ ਔਰਤ ਵੱਲੋਂ ਅਦਾਲਤ ਚੋਂ ਭੱਜਣ ਕੋਸ਼ਿਸ਼

### *ਮਹਿਲਾ ਪੁਲਸ ਕਰਮਚਾਰੀ ਨੂੰ ਕੀਤਾ ਜ਼ਖ਼ਮੀ, ਮਾਮਲਾ ਦਰਜ*

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਧੋਖਾਧੜੀ ਦੇ ਇੱਕ ਮਾਮਲੇ 'ਚ ਗ੍ਰਿਫ਼ਤਾਰ ਕਰਕੇ ਅਦਾਲਤ 'ਚ ਪੇਸ਼ ਕਰਨ ਲਈ ਲਿਆਂਦੀ ਇੱਕ ਔਰਤ ਨੇ ਮਹਿਲਾ ਪੁਲਸ ਕਰਮਚਾਰੀ ਨੂੰ ਜ਼ਖ਼ਮੀ ਕਰਨ ਉਪਰੰਤ ਅਦਾਲਤ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਕੇ ਪੁਲਸ ਹਿਰਾਸਤ 'ਚੋਂ ਭੱਜਣ ਦੀ ਕੋਸ਼ਿਸ਼ ਕੀਤੀ। ਤੀਜੀ ਮੰਜ਼ਿਲ ਤੋਂ ਛਾਲ ਮਾਰਨ ਵਾਲੀ ਉਕਤ ਔਰਤ ਹੇਠਾਂ ਪਈਆਂ ਤਾਰਾਂ 'ਚ ਫਸ ਕੇ ਜ਼ਖ਼ਮੀ ਹੋ ਗਈ, ਜਿਸ ਨੂੰ ਪੁਲਸ ਕਰਮਚਾਰੀਆਂ ਵੱਲੋਂ ਤੁਰੰਤ ਕਾਬੂ ਕਰਕੇ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਦਾਖਲ ਕਰਵਾ ਦਿੱਤਾ ਗਿਆ, ਜਿੱਥੇ ਉਸ ਦੀ ਤੇ ਜ਼ਖ਼ਮੀ ਹੋਈ ਮਹਿਲਾ ਕਰਮਚਾਰੀ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਬਸੀ ਪਠਾਣਾਂ ਪੁਲਸ ਦੇ ਸਹਾਇਕ ਥਾਣੇਦਾਰ ਨਰੇਸ਼ ਕੁਮਾਰ ਨੇ ਦੱਸਿਆ ਕਿ ਰਜਿੰਦਰ ਸਿੰਘ ਵਾਸੀ ਪਿੰਡ ਕਲੌੜ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੋਸ਼ ਲਗਾਏ ਸਨ ਕਿ ਪਰਮਜੀਤ ਕੌਰ ਵਾਸੀ ਪਿੰਡ ਬਖ਼ਸ਼ੀਵਾਲਾ (ਪਟਿਆਲਾ) ਵੱਲੋਂ ਉਸ ਸਮੇਤ ਸੱਤ ਵਿਅਕਤੀਆਂ ਨੂੰ ਸਰਕਾਰੀ ਨੌਕਰੀ 'ਤੇ ਲਗਵਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਨਾਲ ਲੱਖਾਂ ਰੁਪਏ ਦੀ ਜਾਅਲਸਾਜ਼ੀ ਕੀਤੀ ਗਈ ਹੈ, ਜਿਸ ਦੇ ਸਬੰਧ 'ਚ ਥਾਣਾ ਬਸੀ ਪਠਾਣਾਂ ਵਿਖੇ ਅ/ਧ 420, 465, 468, 471 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਗ੍ਰਿਫ਼ਤਾਰ ਕੀਤੀ ਗਈ ਪਰਮਜੀਤ ਕੌਰ ਨੂੰ ਪੁਲਸ ਪਾਰਟੀ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ 'ਚ ਪੇਸ਼ ਕਰਨ ਉਪਰੰਤ ਬਾਹਰ ਲੈ ਕੇ ਆ ਰਹੀ ਸੀ ਤਾਂ ਪਰਮਜੀਤ ਕੌਰ ਨੇ ਮਹਿਲਾ ਪੁਲਸ ਕਰਮਚਾਰੀ ਸੁਖਵਿੰਦਰ ਕੌਰ ਨੂੰ ਧੱਕਾ ਮਾਰ ਕੇ ਹੇਠਾਂ ਸੁੱਟ ਦਿੱਤਾ ਤੇ ਅਦਾਲਤ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਇਸ ਘਟਨਾ ਦੀ ਜਾਂਚ ਕਰ ਰਹੇ ਥਾਣਾ ਫ਼ਤਹਿਗੜ੍ਹ ਸਾਹਿਬ ਦੇ ਸਬ-ਇੰਸਪੈਕਟਰ ਸੁਰੇਸ਼ ਕੁਮਾਰ ਨੇ ਦੱਸਿਆ ਕਿ ਸੀਨੀਅਰ ਸਿਪਾਹੀ ਸੁਖਵਿੰਦਰ ਕੌਰ ਦੇ ਬਿਆਨਾਂ 'ਤੇ ਪਰਮਜੀਤ ਕੌਰ ਵਿਰੁੱਧ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅ/ਧ 224,332 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਫਸਲਾਂ ਦੀ ਬਿਜਾਈ ਦਾ ਕੰਮ ਸ਼ੁਰੂ, ਪਰ ਨਹਿਰਾਂ ਦੀ ਅਜੇ ਤੱਕ ਨਹੀਂ ਹੋਈ ਸਫਾਈ

### ਕਿਸਾਨਾਂ ਵੱਲੋਂ ਨਹਿਰਾਂ ਦੀ ਸਫਾਈ ਕਰਵਾਉਣ ਦੀ ਮੰਗ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਫਸਲਾਂ ਦੀ ਬਿਜਾਈ ਦਾ ਕੰਮ ਸ਼ੁਰੂ ਹੋਣ ਲੱਗਿਆ ਹੈ ਅਤੇ ਅਜੇ ਤੱਕ ਨਹਿਰਾਂ ਦੀ ਸਫਾਈ ਤੱਕ ਨਹੀਂ ਕਰਵਾਈ ਗਈ, ਜਿਸ ਕਾਰਨ ਆਉਣ ਵਾਲੇ ਸਮੇਂ 'ਚ ਕਿਸਾਨਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਬਾਰੇ ਕਿਸਾਨ ਭਗਵਾਨ ਸਿੰਘ ਨਿਵਾਸੀ ਪਿੰਡ ਕਾਵਾਂ ਵਾਲੀ, ਅਸ਼ੋਕ ਕੁਮਾਰ, ਪਾਰਸ, ਬਾਗ ਚੰਦ ਸਾਬਕਾ ਫੌਜੀ ਨਿਵਾਸੀ ਗੰਜੂਆਣਾ ਤੇ ਹੋਰਨਾਂ ਨੇ ਦੱਸਿਆ ਕਿ ਹੁਣ ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਦਾ ਸਮਾਂ ਚੱਲ ਰਿਹਾ ਹੈ, ਜਿਸ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਤੇ ਥੋੜ੍ਹੇ ਸਮੇਂ ਬਾਅਦ ਹੀ ਝੋਨੇ ਦੀ ਫਸਲ ਦੀ ਬਿਜਾਈ ਦਾ ਕੰਮ ਵੀ ਸ਼ੁਰੂ ਹੋਣ ਵਾਲਾ ਹੈ। ਇਸ ਦੇ ਬਾਵਜੂਦ ਅਜੇ ਤੱਕ ਇੱਥੇ ਮੌਜਮ ਮਾਈਨਰ ਤੇ ਹੋਰ ਨਹਿਰਾਂ ਦੀ ਸਫਾਈ ਤੱਕ ਨਹੀਂ ਕਰਵਾਈ ਗਈ। ਕਿਸਾਨਾਂ ਦਾ ਕਹਿਣਾ ਹੈ ਕਿ ਅਜੇ ਤੱਕ ਨਹਿਰਾਂ ਦੀ ਸਫਾਈ ਤਾਂ ਨਹੀਂ ਹੋਈ, ਪਰ ਨਹਿਰੀ ਵਿਭਾਗ ਵੱਲੋਂ ਇਨ੍ਹਾਂ ਵਿੱਚ ਪਾਣੀ ਛੱਡਿਆ ਜਾ ਰਿਹਾ ਹੈ, ਜਿਸ ਕਾਰਨ ਇਨ੍ਹਾਂ ਦੇ ਓਵਰ ਫਲੋ ਵਗਣ ਕਾਰਨ ਇਨ੍ਹਾਂ 'ਚ ਕਦੇ ਵੀ ਪਾੜ ਪੈਣ ਦੀ ਸੰਭਾਵਨਾ ਬਣੀ ਹੋਈ ਹੈ। ਕਿਸਾਨਾਂ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਪਾਣੀ ਦੀ ਲੋੜ ਹੁੰਦੀ ਹੈ, ਉਦੋਂ ਨਹਿਰੀ ਵਿਭਾਗ ਵੱਲੋਂ ਪਾਣੀ ਖੁੱਲ੍ਹ ਕੇ ਨਹੀਂ ਛੱਡਿਆ ਜਾਂਦਾ ਤੇ ਜਦੋਂ ਕੋਈ ਜ਼ਿਆਦਾ ਜ਼ਰੂਰਤ ਨਹੀਂ ਹੁੰਦੀ, ਉਦੋਂ ਫੁੱਲ ਪਾਣੀ ਛੱਡਿਆ ਜਾਂਦਾ ਹੈ। ਉਨ੍ਹਾਂ ਇਸ ਦੌਰਾਨ ਨਹਿਰੀ ਵਿਭਾਗ ਦੇ ਸਬੰਧਤ ਕਰਮਚਾਰੀਆਂ 'ਤੇ ਕਈ ਤਰ੍ਹਾਂ ਦੇ ਦੋਸ਼ ਵੀ ਲਗਾਏ। ਉਨ੍ਹਾਂ ਕਿਹਾ ਕਿ ਇੱਥੇ ਕੋਈ ਕਰਮਚਾਰੀ ਗੇੜਾ ਮਾਰਨ ਨਹੀਂ ਆਉਂਦਾ। ਇਸ ਤੋਂ ਇਲਾਵਾ ਕੁੱਝ ਕਰਮਚਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਕਿਤੇ ਕਿਤੇ ਪਾਣੀ ਲਗਾਉਣ ਵਾਲੇ ਮੋਘੇ ਵੱਡੇ ਬਣਾਏ ਗਏ ਹਨ, ਜਿਸ ਕਾਰਨ ਕੁੱਝ ਕਿਸਾਨਾਂ ਨੂੰ ਪਾਣੀ ਜ਼ਿਆਦਾ ਛੱਡਿਆ ਜਾਂਦਾ ਹੈ ਤੇ ਦੂਜੇ ਪਾਸੇ ਕੁੱਝ ਕਿਸਾਨਾਂ ਤੱਕ ਨਹਿਰੀ ਪਾਣੀ ਹੀ ਨਹੀਂ ਪਹੁੰਚਦਾ। ਕਿਸਾਨਾਂ ਨੇ ਮੌਜਮ ਮਾਈਨਰ ਸਮੇਤ ਬਾਕੀ ਨਹਿਰਾਂ ਦੀ ਸਫਾਈ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕਿਸੇ ਵੀ ਕਿਸਾਨ ਨੂੰ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਜਦੋਂ ਇਸ ਬਾਰੇ ਨਹਿਰੀ ਵਿਭਾਗ ਦੇ ਐੱਸ ਡੀ ਓ ਫਾਜ਼ਿਲਕਾ ਸੁਨੀਲ ਕੁਮਾਰ ਤੇ ਸਬੰਧਤ ਜੇ ਈ ਨਰਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਇਸੇ ਤਰ੍ਹਾਂ ਇਨ੍ਹਾਂ ਦਿਨਾਂ ਵਿੱਚ ਹੀ ਸਾਰੀਆਂ ਨਹਿਰਾਂ ਦੀ ਸਫਾਈ ਕਰਵਾਈ ਜਾਂਦੀ ਹੈ। ਇਸ ਵਾਰ ਵੀ ਆਉਣ ਵਾਲੀ 18 ਮਈ ਨੂੰ ਸਫਾਈ ਕਰਵਾਉਣ ਦੇ ਟੈਂਡਰ ਖੁੱਲ੍ਹ ਜਾਣਗੇ ਤੇ 10 ਜੂਨ ਤੋਂ ਪਹਿਲਾਂ ਸਾਰੀਆਂ ਨਹਿਰਾਂ ਦੀ ਸਫਾਈ ਦਾ ਕੰਮ ਮੁਕੰਮਲ ਕਰਵਾ ਦਿੱਤਾ ਜਾਵੇਗਾ।

## ਕਾਤਰਾਂ

### ਕੇਂਦਰ ਸਰਕਾਰ ਤੰਬਾਕੂ ਉਤਪਾਦਾਂ ਨਾਲ ਸੰਬੰਧਤ ਇਸ਼ਤਿਹਾਰਾਂ 'ਤੇ ਪਾਬੰਦੀ ਲਾਵੇ : ਹਰਮੰਦਰ ਸਿੰਘ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤ ਵਿਚ ਹਰ ਰੋਜ਼ 5500 ਬੱਚੇ ਤੰਬਾਕੂ ਉਤਪਾਦਾਂ ਦਾ ਸੇਵਨ ਕਰਨਾ ਸ਼ੁਰੂ ਕਰ ਦਿੰਦੇ ਹਨ, ਜੋ 10 ਸਾਲ ਤੋਂ ਘੱਟ ਉਮਰ ਦੇ ਬੱਚੇ ਹਨ, ਦੋ ਲੱਖ ਤੀਹ ਹਜ਼ਾਰ ਭਾਰਤੀ ਹਰ ਸਾਲ ਧੂੰਏਂ ਰਹਿਤ ਤੰਬਾਕੂ ਉਤਪਾਦਾਂ, ਸਿਗਰਟਨੋਸ਼ੀ ਦੇ ਸੰਪਰਕ ਵਿਚ ਆਉਣ ਅਤੇ ਸੈਕਿੰਡ ਹੈਂਡ ਸਮੋਕ ਨਾਲ ਆਉਣ ਨਾਲ ਲਗਭਗ ਬਾਰਾਂ ਲੱਖ ਭਾਰਤੀ ਮਰਦੇ ਹਨ। ਹੁਣ 2003 ਵਿਚ ਬਣੇ ਕੋਟਪਾ ਐਕਟ ਵਿੱਚ ਸੋਧ ਕਰਨ ਦੀ ਲੋੜ ਹੈ ਤਾਂ ਜੁ ਨੌਜਵਾਨਾਂ ਨੂੰ ਤੰਬਾਕੂ ਤੋਂ ਦੂਰ ਰੱਖਿਆ ਜਾ ਸਕੇ ਤੇ ਦੇਸ਼ ਦਾ ਭਵਿੱਖ ਯਾਨੀ ਨੌਜਵਾਨਾਂ ਨੂੰ ਬਚਾਇਆ ਜਾ ਸਕੇ।ਭਾਵੇਂ ਨਾਡਾ ਇੰਡੀਆ ਫਾਊਂਡੇਸ਼ਨ ਕੌਮੀ ਪੱਧਰ 'ਤੇ ਇਸ ਵਿੱਚ ਸੋਧ ਕਰਵਾਉਣ ਲਈ ਯਤਨਸ਼ੀਲ ਹੈ ਅਤੇ ਹਿਮਾਚਲ, ਪੰਜਾਬ ਆਦਿ ਰਾਜਾਂ ਵਿੱਚ ਤੰਬਾਕੂ ਕੰਟਰੋਲ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ, ਪਰ ਵੱਖ-ਵੱਖ ਰਾਜਾਂ ਤੋਂ ਕੇਂਦਰ ਵਿੱਚ ਸਿਹਤ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਮੱਤਰ ਭੇਜੇ ਗਏ ਹਨ।ਸਮਾਜ ਸੇਵਕ ਹਰਮੰਦਰ ਸਿੰਘ ਨੇ ਦੱਸਿਆ ਕਿ ਗਲੋਬਲ ਯੂਥ ਤੰਬਾਕੂ ਸਰਵੇਖਣ ਅਨੁਸਾਰ ਬੱਚੇ 10 ਸਾਲ ਦੀ ਉਮਰ ਤੋਂ ਪਹਿਲਾਂ ਹੀ ਤੰਬਾਕੂ ਦੇ ਆਦੀ ਬਣ ਰਹੇ ਹਨ। ਨਜਾਇਜ਼ ਇਸ਼ਤਿਹਾਰਾਂ ਰਾਹੀਂ ਬੱਚੇ ਤੇ ਨੌਜਵਾਨ ਤੰਬਾਕੂ ਵੱਲ ਆਕਰਸ਼ਤ ਹੋ ਰਹੇ ਹਨ। ਕੋਟਪਾ ਵਿਚ ਸੋਧ ਕਰਕੇ, ਸਾਨੂੰ ਸਿੱਧੇ ਅਤੇ ਅਸਿੱਧੇ ਤੰਬਾਕੂ ਵਿਗਿਆਪਨ ਦੇ ਸਾਰੇ ਰੂਪਾਂ 'ਤੇ ਪਾਬੰਦੀ ਲਾਉਣ ਦੀ ਲੋੜ ਹੈ।

### ਸਾਹਿਤਕ ਸਮਾਗਮ 14 ਨੂੰ

**ਮੱਖੂ (ਰਛਪਾਲ ਸਿੰਘ ਸੰਧੂ)**-ਪਿੰਡ ਪੀਰ ਮੁਹੰਮਦ ਵਿਖੇ ਆਪਣੀਆਂ ਸਾਹਿਤਕ ਤੇ ਸਮਾਜਿਕ ਗਤੀਵਿਧੀਆਂ ਕਾਰਨ ਵੱਖਰੀ ਪਛਾਣ ਬਣਾ ਚੁੱਕੀ ਸਾਹਿਤਕ ਸੰਸਥਾ ਪੰਜਾਬੀ ਲਿਖਾਰੀ ਸਭਾ ਪੀਰ ਮੁਹੰਮਦ ਵੱਲੋਂ 14 ਮਈ ਨੂੰ ਕਰਵਾਏ ਜਾ ਰਹੇ ਸਾਹਿਤਕ ਸਮਾਗਮ ਸਬੰਧੀ ਸਭਾ ਦੀ ਇੱਕ ਅਹਿਮ ਮੀਟਿੰਗ ਸਭਾ ਦੇ ਪ੍ਰਧਾਨ ਹਰਬਿੰਦਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਸਭਾ ਦੇ ਦਫਤਰ ਵਿਖੇ ਹੋਈ, ਜਿਸ ਵਿੱਚ ਸਭਾ ਵੱਲੋਂ ਕਰਵਾਏ ਜਾ ਰਹੇ ਸਾਹਿਤਕ ਸਮਾਗਮ ਦੀ ਰੂਪ-ਰੇਖਾ ਤਿਆਰ ਕੀਤਾ ਗਈ ਤੇ ਹੋਰ ਵਿਚਾਰ ਵਟਾਂਦਰੇ ਵੀ ਕੀਤੇ ਗਏ। ਇਸ ਮੌਕੇ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਹਰਬਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਸ ਸਮਾਗਮ 'ਚ ਲੇਖਕ, ਕਵੀ ਬੁੱਧੀਜੀਵੀ, ਸਮਾਜ ਸੇਵਕਾਂ ਤੇ ਸਰੋਤਿਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਹਰਬਿੰਦਰ ਸਿੰਘ ਸੰਧੂ, ਗੁਰਮੀਤ ਭੁੱਲਰ, ਜਸਵੰਤ ਗੋਗੀਆ, ਵੀਰ ਸਿੰਘ ਵੀਰਾ, ਸਾਰਜ ਭੁੱਲਰ, ਮਾਸਟਰ ਹਰਪਾਲ ਸਿੰਘ ਮਨੇਸ਼, ਲਖਵੀਰ ਸਿੰਘ ਰਸੂਲਪੁਰੀ, ਪਿਆਰਾ ਘਾਰੂ, ਹਰਦੇਵ ਭੁੱਲਰ ਆਦਿ ਹਾਜ਼ਰ ਸਨ।

# ਕਿਸਾਨਾਂ-ਮਜ਼ਦੂਰਾਂ ਨੂੰ ਹੱਕ ਲੈਣ ਲਈ ਸੰਘਰਸ਼ਾਂ ਦੇ ਰਾਹ ਅਖਤਿਆਰ ਕਰਨੇ ਪੈਣਗੇ : ਆਗੂ

### 18 ਨੂੰ ਬਿਜਲੀ ਘਰ ਵਿਖੇ ਦਿੱਤਾ ਜਾਵੇਗਾ ਧਰਨਾ



**ਮੱਖੂ (ਰਛਪਾਲ ਸਿੰਘ ਸੰਧੂ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਮੱਖੂ ਦੀ ਮੀਟਿੰਗ ਸ੍ਰੀ ਗੁਰੂ ਅਮਰਦਾਸ ਗੁਰਦੁਆਰਾ ਸਾਹਿਬ ਅੰਮ੍ਰਿਤਸਰ ਰੋਡ ਮੱਖੂ ਵਿਖੇ ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੂਬਾ ਮੀਤ ਪ੍ਰਧਾਨ ਜਸਬੀਰ ਸਿੰਘ ਪਿੱਦੀ, ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਸਬੰਧੀ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਆਗੂਆਂ ਵਲੋਂ ਸੰਬੋਧਨ ਕਰਦਿਆਂ ਕਿਸਾਨਾਂ ਮਜ਼ਦੂਰਾਂ ਨੂੰ ਕਿਹਾ ਕਿ ਜੇਕਰ ਅਸੀਂ ਆਪਣੇ ਹੱਕ ਲੈਣੇ ਹਨ ਤਾਂ ਸਾਨੂੰ ਇਕੱਠੇ ਹੋ ਕੇ ਸੰਘਰਸ਼ਾਂ ਦੇ ਰਾਹ ਅਖਤਿਆਰ ਕਰਨੇ ਪੈਣਗੇ, ਕਿਉਂਕਿ ਪੰਜਾਬ ਤੇ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਪੱਖੀ ਨਿੱਤ ਨਵੇਂ ਕਾਨੂੰਨਾਂ ਤਹਿਤ ਫੈਸਲੇ ਲੈ ਰਹੀਆਂ ਹਨ। ਅੱਜ ਮੰਡੀਆਂ ਵਿੱਚ ਕਣਕ ਦੇ ਅੰਬਾਰ ਲੱਗੇ ਹੋਏ ਹਨ, ਸਮਾਰਟ ਚਿੱਪ ਵਾਲੇ ਬਿਜਲੀ ਮੀਟਰ ਲਗਾਏ ਜਾ ਰਹੇ ਹਨ ਤੇ ਬਿਜਲੀ ਮਹਿਕਮੇ ਵਿੱਚ ਪੰਜਾਬ ਤੋਂ ਬਾਹਰ ਦੂਜੇ ਰਾਜਾਂ ਦੇ ਬੰਦਿਆਂ ਦੀ ਭਰਤੀ ਕੀਤੀ ਜਾ ਰਹੀ ਹੈ, ਜੋ ਕਿ 'ਆਪ' ਸਰਕਾਰ ਦਾ ਬਹੁਤ ਹੀ ਘਟੀਆ ਵਰਤਾਰਾ ਹੈ, 18 ਮਈ ਨੂੰ ਬਿਜਲੀ ਘਰ ਮੱਖੂ ਵਿਖੇ ਕਿਸਾਨਾਂ ਮਜ਼ਦੂਰਾਂ ਦੀਆਂ ਮੁਸ਼ਕਲਾਂ ਸੰਬੰਧੀ ਪੱਕਾ ਧਰਨਾ ਦਿੱਤਾ ਜਾਵੇਗਾ, ਜੋ ਮੁਸ਼ਕਲਾਂ ਦੇ ਹੱਲ ਤੱਕ ਜਾਰੀ ਰਹੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਕਾਰਪੋਰੇਟ ਘਰਾਣੇ ਸੀਗਲ ਲੁੱਕ ਪਲਾਂਟ ਵੱਲੋਂ ਕਿਸਾਨ ਗੁਰਮੀਤ ਸਿੰਘ ਮੱਖੂ ਦੀ 14 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਲੁੱਕ ਪਲਾਂਟ ਲਗਾਇਆ ਸੀ, ਉਸ ਟਾਇਮ ਸੀਗਲ ਲੁੱਕ ਪਲਾਂਟ ਦੇ ਮਾਲਕਾਂ ਵੱਲੋਂ ਜ਼ਮੀਨ ਨੂੰ ਬਰਾਬਰ ਕਰਕੇ ਪੂਰੀ ਤਰ੍ਹਾਂ ਵਾਹੀਯੋਗ ਬਣਾ ਕੇ ਦੇਣ 'ਤੇ ਸਮੇਂ ਤੋਂ ਵੱਧ ਵਰਤਣ 'ਤੇ ਠੇਕਾ ਵਧਾ ਕੇ ਦੇਣ, ਜ਼ਮੀਨ ਡੂੰਘੀ ਹੋਣ 'ਤੇ ਮਿੱਟੀ ਪਾ ਕੇ ਦੇਣ ਆਦਿ ਦੇ ਕੰਟਰੈਕਟ ਲਿਖਤੀ ਤੌਰ 'ਤੇ ਕਿਸਾਨ ਨਾਲ ਕੀਤੇ ਗਏ ਸਨ, ਜਿਸ ਸਬੰਧੀ ਕਈ ਵਾਰ ਜ਼ਿਲ੍ਹੇ ਦੇ ਸਿਵਲ ਤੇ ਪੁਲਸ ਪ੍ਰਸ਼ਾਸਨ ਨੂੰ ਵੀ ਮਿਲ ਕੇ ਕਿਸਾਨ ਆਗੂਆਂ ਵੱਲੋਂ ਆਪਣੀ ਗੱਲ ਰੱਖੀ ਗਈ ਹੈ, ਜਿਸ 'ਤੇ ਪ੍ਰਸ਼ਾਸਨ ਕੋਈ ਵੀ ਕਾਰਵਾਈ ਕਰਨ ਨੂੰ ਤਿਆਰ ਨਹੀਂ ਹੈ, ਜਿਸ ਦੇ ਵਿਰੁੱਧ ਜਥੇਬੰਦੀ ਵੱਲੋਂ 18 ਮਈ ਵਾਲੇ ਦਿਨ ਕੰਪਨੀ ਵਿਰੁੱਧ ਮੱਖੂ-ਮੱਲਾਂਵਾਲਾ ਰੋਡ ਸਥਿਤ ਨਹਿਰਾਂ 'ਤੇ ਧਰਨੇ ਦਾ ਐਲਾਨ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ, ਜ਼ਿਲ੍ਹੇ ਦੇ ਪੁਲਸ ਤੇ ਸਿਵਲ ਪ੍ਰਸ਼ਾਸਨ ਦੀ ਹੋਵੇਗੀ।

ਇਸ ਮੌਕੇ ਲਖਵਿੰਦਰ ਸਿੰਘ ਵਸਤੀ ਨਾਮਦੇਵ, ਹਰਵਿੰਦਰ ਸਿੰਘ ਮੰਨੂਮਾਛੀ, ਜਰਨੈਲ ਸਿੰਘ ਵਾਰਸਵਾਲਾ, ਗੁਰਭੇਜ ਸਿੰਘ ਫੇਮੀਵਾਲਾ, ਕਮਲਜੀਤ ਸਿੰਘ ਮਰਹਾਣਾ, ਨਿਰਮਲ ਸਿੰਘ, ਸੇਵਕ ਸਿੰਘ ਮਹਿਮੂਦ ਵਾਲਾ, ਸਾਹਿਬ ਸਿੰਘ ਤਲਵੰਡੀ, ਗੁਰਿੰਦਰ ਸਿੰਘ ਸਦਰਵਾਲਾ, ਦਿਆਲ ਸਿੰਘ, ਸੁਖਚੈਨ ਸਿੰਘ ਕਿੱਲੀ, ਹਰਚਰਨ ਸਿੰਘ ਸਸਤੇਵਾਲਾ, ਲਖਵਿੰਦਰ ਸਿੰਘ ਬੁੱਟਰ, ਕਾਬਲ ਸਿੰਘ ਸੀਹਾਂਪਾੜੀ, ਪਿਆਰਾ ਸਿੰਘ ਘੁੱਦੂਵਾਲਾ, ਗੁਰਮੀਤ ਸਿੰਘ ਮੱਖੂ ਆਦਿ ਆਗੂ ਹਾਜ਼ਰ ਸਨ।

# ਬਾਬਾ ਫਰੀਦ ਕਾਲਜ ਆਫ ਨਰਸਿੰਗ ਵਿਖੇ ਪੋਸਟਰ ਮੇਕਿੰਗ ਮੁਕਾਬਲੇ ਕਰਾਏ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ/ ਰਛਪਾਲ ਭੁੱਲਰ)**

ਸਥਾਨਕ ਬਾਬਾ ਫਰੀਦ ਕਾਲਜ ਆਫ ਨਰਸਿੰਗ ਵਿਖੇ 'ਸਾਡੀਆਂ ਨਰਸਾਂ ਸਾਡਾ ਭਵਿੱਖ' ਥੀਮ ਤਹਿਤ ਕਰਵਾਏ ਗਏ ਪੋਸਟਰ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦੇ ਜ਼ੌਹਰ ਦਿਖਾਏ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਜੀਤ ਸਿੰਘ ਢਿੱਲੋਂ ਨੂੰ ਉਕਤ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦਿਆਂ ਆਖਿਆ ਕਿ ਮਰੀਜ਼ਾਂ ਦੀ ਜਾਨ ਬਚਾਉਣ ਵਾਲੇ ਇਹ ਹੱਥ ਹਸਤਕਲਾਵਾਂ ਵਰਗੀ ਕਲਾਕਾਰੀ ਵਿੱਚ ਵੀ ਪੂਰੀ ਤਰ੍ਹਾਂ ਨਿਪੁੰਨ ਹਨ। ਇਸ ਮੌਕੇ ਡਿਪਟੀ ਡਾਇਰੈਕਟਰ ਡਾ. ਪ੍ਰੀਤਮ ਸਿੰਘ ਛੌਕਰ ਨੇ ਪ੍ਰਤੀਯੋਗੀਆਂ ਦੇ ਹੁਨਰ ਤੇ ਉਤਸ਼ਾਹ ਦੀ ਪ੍ਰਸ਼ੰਸਾ ਕਰਦਿਆਂ ਦੱਸਿਆ ਕਿ ਉਕਤ ਮੁਕਾਬਲਿਆਂ ਦੇ ਜੇਤੂਆਂ ਨੂੰ 12 ਮਈ ਨੂੰ ਅੰਤਰਰਾਸ਼ਟਰੀ ਨਰਸਿਜ਼-ਡੇ ਦੇ ਸੈਲੀਬਰੇਸ਼ਨ ਮੌਕੇ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਕਾਲਜ ਦੇ ਪ੍ਰਬੰਧਕ ਅਫਸਰ ਹਰਪ੍ਰੀਤ ਸਿੰਘ ਢਿੱਲੋਂ ਨੇ ਪ੍ਰਤੀਯੋਗੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਆਖਿਆ ਕਿ ਬਾਬਾ ਫਰੀਦ ਨਰਸਿੰਗ ਕਾਲਜ ਦਾ ਸਮੁੱਚਾ ਸਟਾਫ ਸਮੇਂ-ਸਮੇਂ ਵਿਦਿਆਰਥੀਆਂ ਨੂੰ ਵਿੱਦਿਅਕ ਪੜ੍ਹਾਈ ਦੇ ਨਾਲ-ਨਾਲ ਧਾਰਮਿਕ, ਸਮਾਜਿਕ, ਵਾਤਾਵਰਣ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ 'ਚ ਉਤਸ਼ਾਹਤ ਕਰਨ ਸਬੰਧੀ ਪ੍ਰੋਗਰਾਮ ਕਰਾਉਂਦਾ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਪੜ੍ਹਾਈ ਤੇ ਹੋਰ ਗਤੀਵਿਧੀਆਂ ਦੇ ਨਾਲ ਨਾਲ ਖੇਡਾਂ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀ ਸਰੀਰਕ ਪੱਖੋਂ ਵੀ ਤੰਦਰੁਸਤ ਤੇ ਰਿਸ਼ਟ-ਪੁਸ਼ਟ ਰਹਿੰਦੇ ਹਨ।

# ਮਾਊਂਟ ਲਿਟਰਾ ਜ਼ੀ ਸਕੂਲ 'ਚ ਇੰਟਰ ਹਾਊਸ ਵਾਲੀਬਾਲ ਮੁਕਾਬਲੇ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਸਥਾਨਕ ਸ਼ਹਿਰ ਦੀ ਨਾਮਵਰ ਵਿੱਦਿਅਕ ਸੰਸਥਾ ਮਾਊਂਟ ਲਿਟਰਾ ਜ਼ੀ ਸਕੂਲ ਵਿੱਚ ਬੱਚਿਆਂ ਦੇ ਸਰੀਰਕ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਵਿੱਚ ਇੰਟਰ ਹਾਊਸ ਵਾਲੀਬਾਲ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਉਮਰ ਵਰਗ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਲੜਕਿਆਂ ਦੇ ਮੈਚ ਵਿੱਚ ਕ੍ਰਿਸਟੋਫਰ ਕੋਲੰਬਸ ਹਾਊਸ ਨੇ ਪਹਿਲਾ, ਅਲਬਰਟ ਆਇਨਸਟਾਇਨ ਹਾਊਸ ਨੇ ਦੂਜਾ ਤੇ ਲਿਨਾਰਡੋ ਦੇ ਵਿੰਚੀ ਹਾਊਸ ਨੇ ਤੀਜਾ ਸਥਾਨ ਹਾਸਲ ਕੀਤਾ। ਅੰਤ ਵਿੱਚ ਸਕੂਲ ਦੇ ਚੇਅਰਮੈਨ ਇੰਜੀ. ਚਮਨ ਲਾਲ ਗੁਲਾਟੀ ਤੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕਰਦੇ ਹੋਏ ਸਕੂਲ ਡੀ. ਪੀ. ਈ. ਮਨਦੀਪ ਕੁਮਾਰ, ਮਨਜੋਧ ਸਿੰਘ ਤੇ ਮੈਡਮ ਕੁਲਵਿੰਦਰ ਕੌਰ ਦੇ ਅਣਥਕ ਯਤਨਾਂ ਦੀ ਸ਼ਲਾਘਾ ਕੀਤੀ ਤੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਖੇਡਾਂ ਦੇ ਖੇਤਰ ਵਿੱਚ ਸਕੂਲ ਤੇ ਸ਼ਹਿਰ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਐੱਨ ਸੀ ਸੀ ਕੈਡਿਟ ਸਾਗਰ ਭੰਡਾਰੀ ਨੂੰ ਕੀਤਾ ਸਨਮਾਨਤ

**ਜਲਾਲਾਬਾਦ (ਜੀਤ ਕੁਮਾਰ)**-25 ਪੰਜਾਬ ਬਟਾਲੀਅਨ ਐੱਨ.ਸੀ.ਸੀ. ਅਬੋਹਰ ਦੇ ਇੱਕ ਸੀਨੀਅਰ ਡਵੀਜ਼ਨ ਆਰਮੀ ਵਿੰਗ ਦਾ 18 ਸਾਲਾ ਸੀਨੀਅਰ ਅੰਡਰ ਅਫਸਰ ਸਾਗਰ ਭੰਡਾਰੀ ਨੇ ਸਤੰਬਰ 2022 ਵਿੱਚ ਪੈਰਾਟਰੂਪਰਜ਼ ਟ੍ਰੇਨਿੰਗ ਸਕੂਲ (ਪੀਟੀਐੱਸ) ਆਗਰਾ ਵਿੱਚ ਪੈਰਾ ਬੇਸਿਕ ਕੋਰਸ ਵਿੱਚ ਭਾਗ ਲਿਆ, ਜਿਸ ਨੂੰ ਇਥੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਜਲਾਲਾਬਾਦ ਵਿਖੇ ਪ੍ਰਿੰਸੀਪਲ ਗੌਤਮ ਖੁਰਾਣਾ ਤੇ ਐੱਨ.ਸੀ.ਸੀ. ਇੰਚਾਰਜ ਜੀ.ਐੱਸ.ਐੱਸ.ਐੱਸ. (ਲੜਕੇ) ਜਲਾਲਾਬਾਦ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਐੱਨ.ਸੀ.ਸੀ. ਕੈਡਿਟ ਸਾਗਰ ਭੰਡਾਰੀ ਨੇ ਕਿਹਾ ਕਿ ਮੇਰਾ ਅਨੁਭਵ, ਸਿੱਟਾ ਕੱਢਣ ਲਈ, ਪੈਰਾਟਰੂਪਰਜ਼ ਟ੍ਰੇਨਿੰਗ ਸਕੂਲ ਵਿੱਚ ਮੇਰਾ ਅਨੁਭਵ ਯਾਦਗਾਰੀ ਸੀ। ਪੈਰਾ ਬੇਸਿਕ ਕੋਰਸ ਇੱਕ ਐੱਨ.ਸੀ.ਸੀ. ਕੈਡਿਟ ਨੂੰ ਪ੍ਰਾਪਤ ਕਰਨ ਵਾਲੇ ਸਭ ਤੋਂ ਵਧੀਆ ਮੌਕਿਆਂ ਵਿੱਚੋਂ ਇੱਕ ਸੀ।




# ਜਗਦੀਸ਼ ਸਿੰਘ ਵਿਰਕ ਦੇ ਤਰੱਕੀ ਉਪਰੰਤ ਲਾਏ ਸਟਾਰ



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਪੁਲਸ ਦੇ ਸੀ ਆਈ ਡੀ ਵਿਭਾਗ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਜਗਦੀਸ਼ ਸਿੰਘ ਵਿਰਕ ਹੋਡਲਾ ਕਲਾਂ ਦੇ ਬਤੌਰ ਸਹਾਇਕ ਥਾਣੇਦਾਰ ਤਰੱਕੀ ਹੋਣ ਉਪਰੰਤ ਸਟਾਰ ਲਾਏ ਗਏ। ਸਟਾਰ ਲਾਉਣ ਦੀ ਰਸਮ ਸੀ ਆਈ ਡੀ ਦੇ ਡੀ ਐੱਸ ਪੀ ਕੁਲਦੀਪ ਸਿੰਘ ਭੁੱਲਰ ਨੇ ਅਦਾ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਵਿਭਾਗ ਵਿੱਚ ਮਿਹਨਤੀ ਤੇ ਇਮਾਨਦਾਰ ਵਰਕਰਾਂ ਦੀ ਕਦਰ ਕੀਤੀ ਜਾਂਦੀ ਹੈ ਤੇ ਅਜਿਹੇ ਕਰਮਚਾਰੀਆਂ ਨੂੰ ਤਰੱਕੀ ਮਿਲਣਾ ਇੱਕ ਚੰਗਾ ਕਦਮ ਹੈ। ਇਸ ਮੌਕੇ ਤਰੱਕੀ ਯਾਫ਼ਤਾ ਹੋਏ ਸਹਾਇਕ ਸਬ ਇੰਸਪੈਕਟਰ ਜਗਦੀਸ਼ ਸਿੰਘ ਵਿਰਕ ਨੇ ਕਿਹਾ ਕਿ ਹੁਣ ਵਿਭਾਗ ਪ੍ਰਤੀ ਉਨ੍ਹਾ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ, ਜਿਸ ਨੂੰ ਉਹ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਇੰਸਪੈਕਟਰ ਸੁਖਵਿੰਦਰ ਸਿੰਘ, ਸਬ ਇੰਸਪੈਕਟਰ ਅੰਗਰੇਜ ਸਿੰਘ, ਅਮਰਜੀਤ ਸਿੰਘ ਹੋਡਲਾ, ਭਾਰਤ ਭੂਸ਼ਣ ਮਿੱਤਲ, ਲਖਦੀਪ ਸਿੰਘ ਹਾਜ਼ਰ ਸਨ।

# ਦਿਹਾਤੀ ਮਜ਼ਦੂਰ ਸਭਾ ਇਕਾਈ ਡੋਹਕ ਦੀ ਨੁੱਕੜ ਮੀਟਿੰਗ




**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਦਿਹਾਤੀ ਮਜ਼ਦੂਰ ਸਭਾ ਵੱਲੋਂ ਪਿੰਡ ਪਿੰਡ ਨਰੇਗਾ ਮਜ਼ਦੂਰਾਂ ਦੀਆਂ ਨੁੱਕੜ ਮੀਟਿੰਗਾਂ ਕਰਕੇ ਇਕਾਈਆਂ ਬਣਾਉਣ ਤੇ ਜਥੇਬੰਦੀ ਦੀ ਮੈਂਬਰਸ਼ਿਪ ਮੁਹਿੰਮ ਤਹਿਤ ਪਿੰਡ ਇਕਾਈ ਡੋਹਕ ਦੀ ਨੁਕੜ ਮੀਟਿੰਗ ਇਕਾਈ ਪ੍ਰਧਾਨ ਨੰਬਰ 1 ਅਤੇ ਇਕਾਈ ਨੰਬਰ 2 ਦੇ ਪ੍ਰਧਾਨ ਗੁਰਤੇਜ ਸਿੰਘ ਤੇਜੀ ਅਤੇ ਚਮਕੌਰ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜਸੇਆਣਾ ਨੇ ਸੰਬੋਧਨ ਕਰਦਿਆਂ ਕਿਹਾ ਕਿਹਾ ਕਿ ਪੰਜਾਬ ਭਗਵੰਤ ਮਾਨ ਸਰਕਾਰ ਮਜ਼ਦੂਰਾਂ ਦੇ ਮੰਗਾਂ ਮਸਲਿਆਂ ਨੂੰ ਲਗਾਤਾਰ ਨਜ਼ਰ ਅੰਦਾਜ਼ ਨਹੀਂ ਕਰ ਰਹੀ, ਬਲਕਿ ਮਜ਼ਦੂਰ ਵਿਰੋਧੀ ਸਾਬਿਤ ਹੋ ਰਹੀ ਹੈ। ਔਰਤਾਂ ਦੇ ਖਾਤਿਆਂ ਵਿੱਚ ਇੱਕ ਇੱਕ ਹਜ਼ਾਰ ਰੁਪਏ ਪਾਉਣ ਦੇ ਵਾਅਦੇ ਭੱਜ ਰਹੀ ਹੈ ਤੇ ਨਾ ਹੀ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦਿੱਤੇ ਜਾ ਰਹੇ ਹਨ ਅਤੇ ਨਾ ਹੀ ਪੈਨਸ਼ਨਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਅਤੇ ਰਾਸ਼ਨ ਡਿੱਪੂਆਂ ਉੱਪਰ ਦਿੱਤੀ ਜਾ ਰਹੀ ਕਣਕ ਵਿੱਚ ਵੀ 30% ਦਾ ਕੱਟ ਲਾ ਕੇ ਘੱਟ ਕਣਕ ਦਿੱਤੀ ਦਾ ਰਹੀ ਹੈ ਅਤੇ ਹੁਣ ਅਮੀਰਾਂ ਦੇ ਕਾਰਡ ਕੱਟਣ ਹੇਠ ਗਰੀਬ ਲੋਕਾਂ ਦੇ ਕਾਰਡ ਕੱਟੇ ਜਾ ਰਹੇ ਹਨ। ਇਕਾਈਆਂ ਦੇ ਪ੍ਰਧਾਨ ਗੁਰਤੇਜ ਸਿੰਘ ਤੇਜੀ ਤੇ ਚਮਕੌਰ ਸਿੰਘ ਨੇ ਮੋਦੀ ਸਰਕਾਰ ਵੱਲੋਂ ਨਰੇਗਾ ਮਜ਼ਦੂਰਾਂ ਦੇ ਬਜਟ ਵਿੱਚ ਕੀਤੀ ਭਾਰੀ ਕਟੌਤੀ ਦੀ ਜ਼ੋਰਦਾਰ ਨਿੰਦਾ ਕੀਤੀ ਤੇ ਦੋਸ਼ ਲਾਇਆ ਕਿ ਫਾਸਿਸਟ ਮੋਦੀ ਹਕੂਮਤ ਲਗਾਤਾਰ ਨਰੇਗਾ ਕਾਨੂੰਨ ਨੂੰ ਕਮਜ਼ੋਰ ਹੀ ਨਹੀਂ ਕਰ ਰਹੀ, ਬਲਕਿ ਉਹ ਬਾਬਾ ਸਾਹਿਬ ਦੇ ਲਿਖੇ ਲੋਕ ਪੱਖੀ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਲਈ ਹਰ ਯਤਨ ਕਰ ਰਹੀ ਹੈ ਅਤੇ ਦੁਬਾਰਾ ਮਨੂੰ ਸਿਮਰਤੀ ਲਾਗੂ ਕਰਨ ਦੀ ਤਾਕ ਵਿੱਚ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਫਿਰਕੂ ਸਦਭਾਵਨਾ 'ਤੇ ਭਾਰੀ ਸੱਟ ਮਾਰੀ ਜਾ ਰਹੀ ਹੈ, ਜਿਸ ਦਾ ਮਜ਼ਦੂਰ ਜਥੇਬੰਦੀਆਂ ਇਕੱਠੇ ਹੋ ਕੇ ਮੂੰਹ ਤੋੜ ਜਵਾਬ ਦੇਣਗੀਆਂ।

# ਸਲਾਇਟ 'ਚ ਅੰਗਰੇਜ਼ੀ ਬੋਲਣ ਤੇ ਸ਼ਖ਼ਸੀਅਤ ਨਿਖਾਰਨ ਬਾਰੇ ਦਿੱਤੀ ਜਾਣਕਾਰੀ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਸਲਾਇਟ ਲੌਂਗੋਵਾਲ ਵਿਖੇ ਕਮਿਊਨੀਕੇਸ਼ਨਜ਼ ਸਕਿਲਜ਼ ਐਂਡ ਪਰਸਨੈਲਿਟੀ ਡਿਵੈਲਪਮੈਂਟ ਵਿਸ਼ੇ 'ਤੇ ਪੰਦਰਾਂ ਦਿਨਾਂ ਦਾ ਸਪੈਸ਼ਲ ਕੋਰਸ ਨੇੜਲੇ ਪਿੰਡਾਂ ਦੇ ਯੁਵਾ ਬੱਚਿਆਂ ਲਈ ਕਰਵਾਇਆ ਗਿਆ। ਇਸ ਕੋਰਸ ਸੰਸਥਾ ਦੇ ਨਿਰਦੇਸ਼ਕ ਪ੍ਰੋਫੈਸਰ ਸੈਲਿੰਦਰ ਜੈਨ ਵੱਲੋਂ ਕਰਵਾਏ ਜਾ ਰਹੇ ਸਮਾਜ ਭਲਾਈ ਤੇ ਪੇਂਡੂ ਵਿਕਾਸ ਦੇ ਕੰਮਾਂ ਨੂੰ ਅੱਗੇ ਵਧਾਉਣ ਦਾ ਇਕ ਹੋਰ ਉਪਰਾਲਾ ਸੀ। ਇਹ ਕੋਰਸ ਕਮਿਊਨੀਕੇਸ਼ਨਜ਼ ਸਕਿਲਜ਼ ਐਂਡ ਪਰਸਨੈਲਿਟੀ ਡਿਵੈਲਪਮੈਂਟ ਸੈੱਲ ਤੇ ਮੈਨਜਮੈਂਟ ਐਂਡ ਹਿਊਮੈਨਟੀਜ਼ ਵਿਭਾਗ ਵੱਲੋਂ ਬਿਨਾਂ ਕੋਈ ਫੀਸ ਲਏ ਕਰਵਾਇਆ ਗਿਆ।

ਇਸ ਦੌਰਾਨ ਮੈਨੇਜਮੈਂਟ ਐਂਡ ਹਿਊਮੈਨਿਟੀਜ਼ ਵਿਭਾਗ ਦੇ ਮੁਖੀ ਪ੍ਰੋਫੈਸਰ ਜਸਪ੍ਰੀਤ ਕੌਰ ਭੰਗੂ ਤੇ ਹੋਰ ਪ੍ਰੋਫੈਸਰ ਸਾਹਿਬਾਨਾਂ ਨੇ ਬੱਚਿਆਂ ਨੂੰ ਅੰਗਰੇਜ਼ੀ ਬੋਲਣ ਤੇ ਸ਼ਖ਼ਸੀਅਤ ਨੂੰ ਨਿਖਾਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। 25 ਅਪ੍ਰੈਲ ਤੋਂ 10 ਮਈ ਤੱਕ ਚੱਲੇ ਇਸ ਕੋਰਸ ਵਿੱਚ ਲੌਂਗੋਵਾਲ ਤੇ ਆਸ-ਪਾਸ ਦੇ ਪਿੰਡਾਂ ਦੇ ਲਗਭਗ 55 ਬੱਚਿਆਂ ਨੇ ਪੂਰੇ ਉਤਸ਼ਾਹ ਨਾਲ ਹਿਸਾ ਲਿਆ ਅਤੇ ਅੰਗਰੇਜ਼ੀ ਭਾਸ਼ਾ ਬੋਲਣ ਤੇ ਸ਼ਖ਼ਸੀਅਤ ਨੂੰ ਉਭਾਰਨ ਦੇ ਨੁਕਤਿਆਂ ਨੂੰ ਸਮਝਿਆ। ਪ੍ਰੋਗਰਾਮ ਵਿੱਚ ਹਿਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਵੀ ਵੰਡੇ ਗਏ।

# 'ਸਾਡੀਆਂ ਨਰਸਾਂ ਸਾਡਾ ਭਵਿੱਖ' ਥੀਮ ਤਹਿਤ ਕੌਮਾਂਤਰੀ ਨਰਸ ਦਿਵਸ ਮਨਾਇਆ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਆਧੁਨਿਕ ਨਰਸਿੰਗ ਦੀ ਸੰਸਥਾਪਕ ਫਲੋਰੈਂਸ ਨਾਈਟਿੰਗੇਲ ਦੀ ਜਯੰਤੀ ਮੌਕੇ ਕੌਮਾਂਤਰੀ ਨਰਸ ਦਿਵਸ ਹਰ ਸਾਲ 12 ਮਈ ਨੂੰ ਮਨਾਇਆ ਜਾਂਦਾ ਹੈ। ਇਸ ਸੰਬੰਧੀ ਦੱਸਦਿਆਂ ਪ੍ਰੋ. ਪ੍ਰਭਜੋਤ ਸਿੰਘ ਨੇ ਦੱਸਿਆ ਕਿ ਇਹ ਦਿਨ ਸਿਹਤ ਸੰਭਾਲ ਖੇਤਰ ਤੇ ਸਮੁੱਚੇ ਸਮਾਜ ਲਈ ਨਰਸਾਂ ਦੇ ਨਿਰਸਵਾਰਥ ਸਮਰਪਣ ਤੇ ਯੋਗਦਾਨ ਦਾ ਸਨਮਾਨ ਕਰਦਾ ਹੈ। ਆਧੁਨਿਕ ਕੌਮਾਂਤਰੀ ਨਰਸ ਦਿਵਸ ਦੇ ਇਤਿਹਾਸ ਦੀ ਜੇਕਰ ਗੱਲ ਕਰੀਏ ਤਾਂ ਸਾਲ 1953 ਵਿੱਚ ਇਸ ਦੀ ਸ਼ੁਰੂਆਤ ਉਦੋਂ ਹੋਈ ਸੀ, ਜਦੋਂ ਨਰਸਾਂ ਦੀ ਅੰਤਰਰਾਸ਼ਟਰੀ ਕੌਂਸਲ (ਆਈ ਸੀ ਐੱਨ) ਨੇ ਨਰਸਿੰਗ 'ਚ ਫਲੋਰੈਂਸ ਨਾਈਟਿੰਗੇਲ ਦੇ ਯੋਗਦਾਨ ਨੂੰ 'ਅੰਤਰਰਾਸਟਰੀ ਨਰਸ ਦਿਵਸ' ਵਜੋਂ ਮਨਾਉਣ ਦਾ ਪ੍ਰਸਤਾਵ ਰੱਖਿਆ ਸੀ। ਫਲੋਰੈਂਸ ਨਾਈਟਿੰਗੇਲ ਦਾ ਜਨਮ 12 ਮਈ 1820 ਨੂੰ ਇਟਲੀ ਦੇ ਫਲੋਰੈਂਸ 'ਚ ਹੋਇਆ ਸੀ। ਉਹ ਕ੍ਰੀਮੀਅਨ ਯੁੱਧ ਦੌਰਾਨ ਇੱਕ ਨਰਸ ਬਣੀ ਸੀ, ਜਿੱਥੇ ਉਸ ਨੇ ਜ਼ਖਮੀ ਸਿਪਾਹੀਆਂ ਦੀ ਦੇਖ-ਭਾਲ ਤੇ ਫੌਜੀ ਹਸਪਤਾਲਾਂ ਦੇ ਹਲਾਤ 'ਚ ਸੁਧਾਰ ਕਰਨ ਲਈ ਅਣਥੱਕ ਯਤਨ ਕੀਤੇ ਅਤੇ ਇਸੇ ਕਰਕੇ ਉਸ ਨੂੰ ਪਹਿਚਾਣ ਮਿਲੀ। ਫਲੋਰੈਂਸ ਨਾਈਟਿੰਗੇਲ ਨੂੰ ਮਰੀਜ਼ਾਂ ਦੀ ਦੇਖ-ਭਾਲ ਕਰਨ ਲਈ ਰਾਤ ਨੂੰ ਵਾਰ-ਵਾਰ ਚੱਕਰ ਲਗਾਉਣ ਦੀ ਆਦਤ ਕਾਰਨ 'ਲੇਡੀ ਵਿਦ ਦ ਲੈਂਪ' ਵਜੋਂ ਜਾਣਿਆ ਜਾਂਦਾ ਸੀ।

ਨਰਸਾਂ ਤੇ ਉਨ੍ਹਾਂ ਦੇ ਉਜਵਲ ਭਵਿੱਖ ਨੂੰ ਚਮਕਾਉਣ ਦੇ ਉਦੇਸ਼ ਨਾਲ ਇਸ ਸਾਲ ਦਾ ਥੀਮ "ਸਾਡੀਆਂ ਨਰਸਾਂ, ਸਾਡਾ ਭਵਿੱਖ" ਹਨ। ਨਰਸਾਂ ਨੂੰ ਨੀਤੀ ਨਿਰਮਾਤਾਵਾਂ, ਜਨਤਾ ਤੇ ਉਨ੍ਹਾਂ ਦੀ ਦੇਖਭਾਲ ਅਤੇ ਵਿੱਤ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲੇ ਲੈਣ ਵਾਲੇ ਹਰੇਕ ਵਿਅਕਤੀ ਦੀ ਨਜ਼ਰ ਵਿੱਚ ਓਹਲੇ ਤੋਂ ਅਸਲ ਵੱਲ ਲਿਜਾਣਾ ਹੈ। ਇਹ ਦਿਨ ਸਿਹਤ ਸੰਭਾਲ ਖੇਤਰ ਤੇ ਸਮੁੱਚੇ ਸਮਾਜ ਲਈ ਨਰਸਾਂ ਦੇ ਨਿਰਸਵਾਰਥ ਸਮਰਪਣ ਤੇ ਯੋਗਦਾਨ ਦਾ ਸਨਮਾਨ ਕਰਦਾ ਹੈ। ਅੰਤਰਰਾਸ਼ਟਰੀ ਨਰਸ ਦਿਵਸ ਦੇ ਇਤਿਹਾਸ ਦੀ ਜੇਕਰ ਗੱਲ ਕਰੀਏ ਤਾਂ ਸਾਲ 1953 'ਚ ਇਸ ਦੀ ਸ਼ੁਰੂਆਤ ਉਦੋਂ ਹੋਈ ਸੀ, ਜਦੋਂ ਨਰਸਾਂ ਦੀ ਅੰਤਰਰਾਸ਼ਟਰੀ ਕੌਂਸਲ (ਆਈ ਸੀ ਐੱਨ) ਨੇ ਨਰਸਿੰਗ 'ਚ ਫਲੋਰੈਂਸ ਨਾਈਟਿੰਗੇਲ ਦੇ ਯੋਗਦਾਨ ਨੂੰ 'ਅੰਤਰਰਾਸ਼ਟਰੀ ਨਰਸ ਦਿਵਸ' ਵਜੋਂ ਮਨਾਉਣ ਦਾ ਪ੍ਰਸਤਾਵ ਰੱਖਿਆ ਸੀ।

ਅੰਤਰਰਾਸ਼ਟਰੀ ਨਰਸ ਦਿਵਸ, ਸਿਹਤ ਸੰਭਾਲ ਤੇ ਸਮਾਜ ਵਿੱਚ ਨਰਸਾਂ ਦੇ ਯੋਗਦਾਨ ਦੀ ਕਦਰ ਕਰਨ ਤੇ ਉਨ੍ਹਾਂ ਨੂੰ ਸਵੀਕਾਰ ਕਰਨ ਦਾ ਇੱਕ ਮੌਕਾ ਪ੍ਰਦਾਨ ਕਰਦਾ ਹੈ। ਇਹ ਨਰਸਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਪਲੇਟਫਾਰਮ ਵਜੋਂ ਵੀ ਕੰਮ ਕਰਦਾ ਹੈ, ਜਿਸ ਦਾ ਸਾਹਮਣਾ ਨਰਸਾਂ ਨੂੰ ਕਰਨਾ ਪੈਂਦਾ ਹੈ।

ਅੰਤਰਰਾਸ਼ਟਰੀ ਨਰਸ ਦਿਵਸ, ਵਿਅਕਤੀਆਂ, ਸਿਹਤ ਸੰਭਾਲ ਸੰਸਥਾਵਾਂ ਤੇ ਨੀਤੀ ਨਿਰਮਾਤਾਵਾਂ ਲਈ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਪਛਾਨਣ ਦਾ ਇੱਕਾ ਮੌਕਾ ਹੈ, ਜੋ ਮਰੀਜ਼ ਦੀ ਚੰਗੀ ਦੇਖ-ਭਾਲ ਕਰਨ ਤੇ ਸਿਹਤ 'ਚ ਸੁਧਾਰ ਲਿਆਉਣ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

# ਲੋਕ ਵਿਰੋਧੀ ਨਵੀਂ ਸਿੱਖਿਆ ਨੀਤੀ-2020 ਤੁਰੰਤ ਰੱਦ ਕੀਤੀ ਜਾਵੇ : ਸਰਾਭਾ

### ਅਧਿਆਪਕ ਦਾ ਰੁਤਬਾ ਬਹਾਲ ਕਰਨ ਤੇ ਗੁਣਾਤਮਿਕ ਸਿੱਖਿਆ ਦੇ ਮੌਕੇ ਪੈਦਾ ਕਰਨ ਦੀ ਮੰਗ



**ਮੁੱਲਾਂਪੁਰ ਦਾਖਾ (ਗੁਰਮੇਲ ਸਿੰਘ ਮੈਲਡੇ)**

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਲੋਕ ਵਿਰੋਧੀ ਨਵੀਂ ਸਿੱਖਿਆ ਨੀਤੀ-2020 ਵਿੱਚ ਅਧਿਆਪਕ ਦਾ ਰੁਤਬਾ ਬਹਾਲ ਕਰਨ ਤੇ ਗੁਣਾਤਮਿਕ ਸਿੱਖਿਆ ਦੇ ਮੌਕੇ ਪੈਦਾ ਕਰਨ ਦੇ ਵਿਸ਼ੇ ਸਬੰਧੀ ਸੂਬਾ ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ ਲੁਧਿਆਣਾ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿੱਚ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਮੀਤ ਪ੍ਰਧਾਨ ਸੰਜੀਵ ਸ਼ਰਮਾ, ਜ਼ਿਲ੍ਹਾ ਪ੍ਰਧਾਨ ਪਰਮਿੰਦਰ ਪਾਲ ਸਿੰਘ ਕਾਲੀਆ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਕਿਹਾ ਕਿ ਭਾਰਤ ਵਿੱਚ 1990-91 ਤੋਂ ਆਈਆਂ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨੇ ਅਧਿਆਪਨ ਕਿੱਤੇ, ਅਧਿਆਪਕ ਦੇ ਰੁਤਬੇ ਤੇ ਅਧਿਆਪਕਾਂ ਦੀਆਂ ਸੇਵਾ ਹਾਲਤਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਉਦਾਰਵਾਦੀ ਨੀਤੀਆਂ ਕਾਰਨ ਹੀ ਅਧਿਆਪਕਾਂ ਦੀਆਂ ਨਿਯੁਕਤੀਆਂ ਠੇਕੇ 'ਤੇ ਹੋਣ ਲੱਗੀਆਂ ਹਨ ਤੇ ਪਿਛਲੇ ਕਈ ਸਾਲਾਂ ਤੋਂ ਠੇਕੇ 'ਤੇ ਕੰਮ ਕਰਦੇ ਹਨ। ਇਨ੍ਹਾਂ ਅਧਿਆਪਕਾਂ ਨੂੰ ਕਈ ਗੁਣਾਂ ਘੱਟ ਉਜਰਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸਿੱਖਿਆ ਪ੍ਰੋਵਾਈਡਰ, ਸਿੱਖਿਆ ਵਾਲੰਟੀਅਰ ਵਰਗੇ ਨਵੇਂ-ਨਵੇਂ ਨਾਂ ਦੇ ਕੇ ਅਧਿਆਪਕ ਦੇ ਸਨਮਾਨ 'ਤੇ ਸੱਟ ਮਾਰੀ ਗਈ ਹੈ ਤੇ ਅਧਿਆਪਕ ਦਾ ਰੁਤਬਾ ਵੀ ਖੋਹ ਲਿਆ ਗਿਆ ਹੈ। ਇਸ ਸਭ ਨਾਲ ਗੁਣਾਤਮਿਕ ਸਿੱਖਿਆ ਪ੍ਰਤੀ ਸਰਕਾਰਾਂ ਦੀ ਗੈਰ-ਸੰਜੀਦਗੀ ਦਾ ਪਰਦਾਫਾਸ਼ ਵੀ ਹੋਇਆ ਹੈ। ਇਸ ਸਮੇਂ ਜਥੇਬੰਦੀ ਦੇ ਆਗੂਆਂ ਚਰਨ ਸਿੰਘ ਤਾਜਪੁਰੀ, ਮਨੀਸ਼ ਸ਼ਰਮਾ, ਧਰਮ ਸਿੰਘ ਮਲੌਦ, ਗਿਆਨ ਸਿੰਘ ਦੋਰਾਹਾ, ਸਤਵਿੰਦਰ ਪਾਲ ਸਿੰਘ ਪੀ. ਟੀ. ਆਈ., ਸੰਤੋਖ ਸਿੰਘ ਸਰਾਭਾ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਠੇਕਾ ਆਧਾਰ 'ਤੇ ਕੰਮ ਕਰਦੇ ਤੇ ਸਮੂਹ ਕੱਚੇ ਅਧਿਆਪਕਾਂ ਨੂੰ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ 'ਚ ਮਰਜ਼ ਕੀਤਾ ਜਾਵੇ, ਐੱਨ. ਐੱਸ. ਕਿਊ. ਐੱਫ. ਅਧਿਆਪਕਾਂ ਨੂੰ ਸਿੱਖਿਆ ਵਿਭਾਗ 'ਚ ਸ਼ਾਮਲ ਕੀਤਾ ਜਾਵੇ, ਨਵੀਂ ਸਿੱਖਿਆ ਨੀਤੀ-2020 ਤੇ ਪੰਜਾਬ ਸਰਕਾਰ ਦੀ ਸਕੂਲ ਆਫ ਐਮੀਨੈਂਸ ਨੀਤੀ ਰੱਦ ਕਰਕੇ 1968 ਦੀ ਸਿੱਖਿਆ ਨੀਤੀ ਤੇ ਹੋਰ ਸਾਰਥਿਕ ਵਾਧੇ ਕਰਕੇ ਅਜਿਹੀ ਨੀਤੀ ਬਣਾਈ ਜਾਵੇ, ਜਿਸ ਨਾਲ ਹਰ ਪੱਧਰ 'ਤੇ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਖਤਮ ਹੋ ਸਕੇ।

ਇਸ ਤੋਂ ਇਲਾਵਾ ਹਰ ਪ੍ਰਾਇਮਰੀ ਸਕੂਲ ਵਿੱਚ ਜਮਾਤ ਅਨੁਸਾਰ ਪੰਜ ਰੈਗੂਲਰ ਅਧਿਆਪਕ ਦਿੱਤੇ ਜਾਣ, ਸੈਕੰਡਰੀ ਪੱਧਰ 'ਤੇ ਵਿਸ਼ੇ ਅਨੁਸਾਰ ਅਧਿਆਪਕਾਂ ਦੀਆਂ ਅਸਾਮੀਆਂ ਦਿੱਤੀਆਂ ਜਾਣ ਤੇ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ, ਬੱਚਿਆਂ ਨੂੰ ਗੁਣਾਤਮਕ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਤੋਂ ਲਏ ਜਾਂਦੇ ਸਾਰੇ ਗੈਰ-ਵਿੱਦਿਅਕ ਕੰਮ ਤੇ ਬੀ ਐੱਲ ਓਜ਼ ਡਿਊਟੀਆਂ ਕੱਟੀਆਂ ਜਾਣ, ਜਨਵਰੀ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਪ੍ਰਾਇਮਰੀ ਤੇ ਸੈਕੰਡਰੀ ਵਿਭਾਗ ਅਧੀਨ ਅਧਿਆਪਕਾਂ ਦੇ ਵੱਖ ਵੱਖ ਵਰਗਾਂ ਦੀਆਂ ਬਦਲੀਆਂ ਤਰੱਕੀਆਂ ਦੇ ਹੁਕਮ ਤੁਰੰਤ ਜਾਰੀ ਕੀਤੇ ਜਾਣ। ਇਸ ਸਮੇਂ ਹੋਰਨਾਂ ਤੋਂ ਇਲਾਵਾ ਅਧਿਆਪਕ ਆਗੂ ਜੋਰਾ ਸਿੰਘ ਬੱਸੀਆਂ, ਮਨੀਸ਼ ਗੋਇਲ, ਕ੍ਰਿਸ਼ਨ ਲਾਲ ਆਦਿ ਆਗੂ ਹਾਜ਼ਰ ਸਨ।

# ਏਕਤਾ-ਉਗਰਾਹਾਂ ਵੱਲੋਂ ਜ਼ਿਲ੍ਹਾ ਪੱਧਰੀ ਅਰਥੀ ਫੂਕ ਮੁਜ਼ਾਹਰਾ ਅੱਜ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਰਾਸ਼ਟਰੀ ਸਯੁੰਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਤਹਿ ਕੀਤੇ ਪ੍ਰੋਗਰਾਮ ਤਹਿਤ ਪਹਿਲਵਾਨ ਕੁੜੀਆਂ ਵੱਲੋਂ ਇਨਸਾਫ ਲੈਣ ਲਈ ਦਿੱਲੀ ਜੰਤਰ ਮੰਤਰ ਵਿਖੇ ਹਫਤਿਆਂ ਬੱਧੀ ਦਿਨੇ ਰਾਤ ਲਾਏ ਗਏ ਲਗਾਤਾਰ ਧਰਨੇ ਦੀ ਹਮਾਇਤ ਵਿੱਚ ਕੁੜੀਆਂ ਦੇ ਜਿਨਸੀ ਸ਼ੋਸ਼ਣ ਦੇ ਨਾਮਜ਼ਦ ਦੋਸ਼ੀ ਬ੍ਰਿਜਭੂਸ਼ਨ ਸ਼ਰਨ ਸਿੰਘ ਨੂੰ ਸਾਰੇ ਅਹੁਦਿਆਂ ਤੋਂ ਬਰਖਾਸਤ ਕਰਕੇ ਤੁਰੰਤ ਗ੍ਰਿਫਤਾਰ ਕਰਵਾਉਣ ਲਈ ਅਤੇ ਉਸ ਦੀ ਸਰਪ੍ਰਸਤ ਮੋਦੀ ਸਰਕਾਰ ਵਿਰੁੱਧ ਪ੍ਰੋਗਰਾਮ ਨੂੰ ਲਾਗੂ ਕਰਦਿਆਂ ਬੀ ਕੇ ਯੂ ਏਕਤਾ ਉਗਰਾਹਾਂ ਦੀ ਜ਼ਿਲ੍ਹਾ ਬਠਿੰਡਾ ਇਕਾਈ ਵੱਲੋਂ 12 ਮਈ ਨੂੰ ਜ਼ਿਲ੍ਹਾ ਪੱਧਰੀ ਅਰਥੀ ਫੂਕ ਮੁਜ਼ਾਹਰਾ ਕਰਕੇ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਤੇ ਜ਼ਿਲ੍ਹਾ ਜਰਨਲ ਸਕੱਤਰ ਹਰਜਿੰਦਰ ਸਿੰਘ ਬੱਗੀ ਨੇ ਸਾਂਝੇ ਬਿਆਨ ਰਾਹੀਂ ਦੋਸ਼ ਲਾਉਂਦਿਆਂ ਕਿਹਾ ਕਿ ਮੋਦੀ ਹਕੂਮਤ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਦੋਸ਼ੀ ਦਾ ਬਚਾਅ ਕਰ ਰਹੀ ਹੈ। ਉਨ੍ਹਾਂ ਸਾਰੇ ਜ਼ਿਲ੍ਹੇ ਇਨਸਾਫ ਪਸੰਦ ਤੇ ਜਮਹੂਰੀ ਲੋਕਾਂ ਤੇ ਜਨਤਕ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਆਉ ਹੱਕੀ ਲੜਾਈ ਲੜ ਰਹੀਆਂ ਮੁੰਡੇ ਕੁੜੀਆਂ ਨੂੰ ਇਨਸਾਫ ਦਿਵਾਇਆ ਜਾ ਸਕੇ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ, ਉੱਤਰ ਰੇਲਵੇ, ਜਲੰਧਰ ਸ਼ਹਿਰ ਹੇਠਾ ਲਿਖੇ ਕੰਮ ਦੇ ਲਈ ਇਕ ਪੈਕੇਟ ਪ੍ਰਣਾਲੀ ਦੇ ਅੰਤਰਗਤ **ਈ-ਟੈਂਡਰ** ਮੰਗ ਕਰਦੇ ਹਨ

| | | |
|---|---|---|
| 1. | ਕੰਮ ਦਾ ਨਾਮ ਤੇ ਜਗ੍ਹਾਂ | ਫਿਰੋਜ਼ਪੁਰ ਮੰਡਲ ਵਿਚ ਸਾਨੇਹਵਾਲ, ਚੰਦਾਰੀ ਕਾਂ ਤੇ ਲਾਡੋਵਾਲ ਸਟੇਸ਼ਨਾਂ ਉਤੇ ਲੰਬੇ ਲੂਪ ਨਿਰਮਾਣ ਦੇ ਸਬੰਧ ਵਿਚ 25 ਕੇ. ਵੀ. ਏ. ਸੀ. ਸਿੰਗਲ ਫੇਜ਼ ਓ.ਐਚ.ਈ. ਦੀ ਡਿਜਾਇਨ, ਸਪਲਾਈ, ਇਰੇਕਸ਼ਨ, ਟੇਸਟਿੰਗ, ਕਮੀਸ਼ਨਿੰਗ ਤੇ ਮਾਡਿਫਿਕੇਸ਼ਨ ਕੰਮ ਦਾ ਪ੍ਰਾਵਧਾਨ ਅਤੇ ਆਵਾਸੀਯ ਰੇਲਵੇ ਕਵਾਟਰ / ਰੇਲਵੇ ਸਟੇਸ਼ਨਾ / ਸਰਵਿਸ ਬਿਲਡਿੰਗ / ਸੜਕ / ਸ਼ੇਡਸ ਆਦਿ ਦਾ ਬਿਜਲੀ ਪਾਵਰ ਵਾਇਰਿੰਗ ਦਾ ਡਿਜਾਇਨ, ਸਪਲਾਈ, ਇਰੇਕਸ਼ਨ, ਟੇਸਟਿੰਗ, ਕਮੀਸ਼ਨਿੰਗ ਤੇ ਮਾਡਿਫਿਕੇਸ਼ਨ ਕੰਮ ਦਾ ਪ੍ਰਾਵਧਾਨ |
| 2. | ਕੰਮ ਪੂਰਾ ਕਰਨ ਦਾ ਸਮਾਂ | 09 ਮਹੀਨੇ |
| 3. | ਕੰਮ ਦੀ ਅਨੁਮਾਨਿਤ ਲਾਗਤ | ਰੁ:4,76,28,460.32 |
| 4. | ਬੋਲੀ ਸੁਰੱਖਿਆ ਰਾਸ਼ੀ ਜੋ ਜਮਾਂ ਕੀਤੀ ਜਾਣੀ ਹੈ | ਰੁ:3,88,200/- |
| 5. | ਈ-ਟੈਂਡਰ ਜਮਾਂ ਕਰਨਾ ਅਤੇ ਈ-ਟੈਂਡਰ ਖੁਲਣ ਦੀ ਮਿਤੀ ਤੇ ਸਮਾਂ | ਟੈਂਡਰਾ ਮਿਤੀ 05.06.2023 ਵਕਤ 11.30 ਵਜੇ ਤਕ ਆਈਆਰਈਪੀਐਸ ਦੀ ਵੈਬਸਾਈਟ www.ireps.gov.in ਉਤੇ ਅਪਲੋਡ ਕਰ ਸਕਦੇ ਹਨ । ਟੈਂਡਰਕਰਤਾ ਈ-ਟੈਂਡਰ ਵਿਚ ਭਾਗ ਲੈ ਸਕਦੇ ਹਨ । ਟੈਂਡਰਾ ਮਿਤੀ 05.06.2023 ਵਕਤ 11.30 ਵਜੇ |
| 6. | ਟੈਂਡਰ ਸੂਚਨਾ ਅਤੇ ਟੈਂਡਰ ਪ੍ਰਪੱਤਰ ਦੀ ਜਾਣਕਾਰੀ | ਪੂਰੀ ਈ-ਟੈਂਡਰ ਸੂਚਨਾ ਉੱਤਰ ਰੇਲਵੇ ਦੀ ਵੇਬਸਾਈਟ www.nr.indianrailway.gov.in ਉਤੇ ਉਪਲਬਧ ਹੈ ਅਤੇ ਟੈਂਡਰ ਪ੍ਰਪੱਤਰ ਆਈਆਰਈਪੀਐਸ ਦੀ ਵੇਬਸਾਈਟ www.ireps.gov.in ਉਤੇ ਉਪਲਬਧ ਹੈ । ਉਪਰੋਕਤ ਟੈਂਡਰ ਪ੍ਰਪੱਤਰ ਆਈਆਰਈਪੀਐਸ ਦੀ ਵੇਬਸਾਈਟ www.ireps.gov.in ਉਤੇ ਮਿਤੀ 22.05.2023 ਤੋਂ ਮਿਤੀ 05.06.2023 ਤਕ ਜਮਾਂ ਕਰਨ ਦੇ ਲਈ ਉਪਲਬਧ ਰਹੇਗਾ । ਟੈਂਡਰਕਰਤਾ ਜੋ ਈ-ਟੈਂਡਰ ਵਿਚ ਭਾਗ ਲੈਣ ਨੂੰ ਇਛੁਕ ਹੈ ਉਨ੍ਹਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਪਰੋਕਤ ਵੇਬਸਾਈਟ ਉਤੇ ਅਪਣਾ ਈ-ਰਜਿਸਟਰੇਸ਼ਨ ਕਰਾ ਲਵੇ ਜਿਸਦੇ ਲਈ ਉਨ੍ਹਾਂ ਨੂੰ ਕਲਾਸ-III ਡਿਜੀਟਲ ਪ੍ਰਮਾਣਪੱਤਰ ਦੀ ਜ਼ਰੂਰਤ ਹੋਵੇਗੀ (ਜੇਕਰ ਪਹਿਲਾ ਤੋਂ ਉਪਲਬਧ ਨਹੀਂ ਹੈ), ਜੋ ਆਈ ਟੀ ਨਿਯਮ-2000 ਦੇ ਅੰਤਰਗਤ ਸੀਸੀਏ ਦੁਵਾਰਾ ਜਾਰੀ ਕੀਤੀ ਜਾਵੇਗੀ । ਉਪਰੋਕਤ ਟੈਂਡਰ ਦੇ ਹੋਰ ਸਾਰੇ ਨਿਯਮ ਐਂਡ ਸ਼ਰਤਾਂ ਟੈਂਡਰ ਪ੍ਰਪੱਤਰ ਵਿਚ ਦਿਤੇ ਗਏ ਹਨ । ਪੂਰੀ ਟੈਂਡਰ ਸੂਚਨਾ ਉਪਰੋਕਤ ਦਫਤਰ ਦੇ ਨੋਟਿਸ ਬੋਰਡ ਉਤੇ ਵੀ ਦੇਖੀ ਜਾਂ ਸਕਦੀ ਹੈ । |

ਪ੍ਰਪੱਤਰ ਨੰ: : 17-ਬਿਜਲੀ/ਨਿ/ਕਾਮਪੋ/ਜੇਯੂਸੀ/134 ਮਿਤੀ 11.05.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1430/23

12-May-PAGE-8.qxd 5/11/2023 10:37 PM Page 1



# ਐੱਨ ਆਰ ਆਈ ਤੇ ਕਾਰੋਬਾਰੀਆਂ ਨੂੰ ਬਲਤਕਾਰ ਦੇ ਝੂਠੇ ਕੇਸਾਂ 'ਚ ਫਸਾ ਕੇ ਠੱਗਣ ਵਾਲੀਆਂ 2 ਔਰਤਾਂ ਕਾਬੂ

**ਕਪੂਰਥਲਾ, (ਪ੍ਰੀਤ ਸੰਗੋਜਲਾ)** ਥਾਣਾ ਫੱਤੂਢੀਂਗਾ ਦੀ ਪੁਲਸ ਨੇ ਇਲਾਕੇ ਦੇ ਕਾਰੋਬਾਰੀ ਅਤੇ ਐੱਨ.ਆਰ.ਆਈ ਲੋਕਾਂ ਨੂੰ ਬਲਾਤਕਾਰ ਦੇ ਝੂਠੇ ਕੇਸ ਵਿੱਚ ਫਸਾਉਣ ਤੇ ਜਾਨ ਤੋਂ ਮਾਰ ਦੇਣ ਦਾ ਡਰਾਵਾ ਦੇ ਕੇ ਬਲੈਕਮੇਲ ਕਰਕੇ ਵੱਡੀਆਂ ਰਕਮਾਂ ਵਸੂਲਣ ਵਾਲੀਆਂ 2 ਔਰਤਾਂ ਨੂੰ ਕਾਬੂ ਕੀਤਾ ਹੈ। ਐੱਸ.ਐੱਚ.ਓ ਫੱਤੂਢੀਂਗਾ ਕੰਵਰਜੀਤ ਸਿੰਘ ਨੇ ਦਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਜਸਵਿੰਦਰ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਚੱਕ ਮੌਜਦੀਨ ਵਾਲਾ ਥਾਣਾ ਸਦਰ ਜਲਾਲਾਬਾਦ ਹਾਲ ਵਾਸੀ ਪਿੰਡ ਬਾਗੂਵਾਲ ਥਾਣਾ ਫੱਤੂਢੀਂਗਾ ਅਤੇ ਸਿਮਰਨ ਕੌਰ ਪਤਨੀ ਮਿਲਖਾ ਸਿੰਘ ਵਾਸੀ ਬੂਟੇਵਾਲਾ ਪਟੇਲ ਨਗਰ ਫਿਰੋਜ਼ਪੁਰ ਹਾਲ ਵਾਸੀ ਪਿੰਡ ਜੱਲੋਕੀ ਥਾਣਾ ਮਮਦੋਟ ਜ਼ਿਲ੍ਹਾ ਫਿਰੋਜ਼ਪੁਰ ਇਲਾਕੇ ਦੇ ਕਾਰੋਬਾਰੀ ਅਤੇ ਐੱਨ.ਆਰ.ਆਈ ਲੋਕਾਂ ਨੂੰ ਬਲਾਤਕਾਰ ਦੇ ਝੂਠੇ ਕੇਸ ਵਿੱਚ ਫਸਾਉਣ ਤੇ ਜਾਨੋ ਮਾਰ ਦੇਣ ਦਾ ਡਰਾਵਾ ਦੇ ਕੇ ਬਲੈਕਮੇਲ ਕਰਕੇ ਵੱਡੀਆਂ ਰਕਮਾਂ ਵਸੂਲਦੀਆਂ ਹਨ ਅਤੇ ਕੁੱਝ ਦਿਨ ਪਹਿਲਾਂ ਹੀ ਇਨ੍ਹਾਂ ਨੇ ਰਾਜਨ ਗੁਪਤਾ ਪੁੱਤਰ ਇੰਦਰਜੀਤ ਗੁਪਤਾ ਵਾਸੀ ਪ੍ਰੋਫੈਸਰ ਕਾਲੋਨੀ ਥਾਣਾ ਸਿਟੀ ਕਪੂਰਥਲਾ ਨੂੰ ਬਲੈਕਮੇਲ ਕਰਕੇ ਪੈਸਿਆਂ ਦੀ ਮੰਗ ਕੀਤੀ ਸੀ। ਉਕਤ ਔਰਤਾਂ ਦੇ ਖਿਲਾਫ ਥਾਣਾ ਫੱਤੂਢੀਂਗਾ ਵਿਖੇ ਮਾਮਲਾ ਦਰਜ ਕਰਕੇ ਏ.ਐੱਸ.ਆਈ ਗੁਰਸ਼ਰਨ ਸਿੰਘ ਵੱਲੋਂ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

ਤਫਤੀਸ਼ ਦੌਰਾਨ 7 ਮਈ ਨੂੰ ਉਕਤ ਦੋਨਾਂ ਔਰਤਾਂ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ, ਜਿਨ੍ਹਾਂ ਨੇ ਮੰਨਿਆ ਕਿ ਉਨ੍ਹਾਂ ਨੇ ਬਲਾਤਕਾਰ ਦੇ ਝੂਠੇ ਕੇਸਾਂ ਵਿੱਚ ਫਸਾਉਣ ਦਾ ਡਰਾਵਾ ਦੇ ਕੇ ਵੱਡੀਆਂ ਰਕਮਾਂ ਵਸੂਲ ਕੀਤੀਆਂ ਹਨ ਅਤੇ ਇਹ ਪੈਸੇ ਉਹ ਐਸ਼ੋ ਅਰਾਮ ਲਈ ਖਰਚ ਕਰ ਰਹੀਆਂ ਹਨ, ਜਦੋਂ ਉਨ੍ਹਾਂ ਕੋਲ ਪੈਸੇ ਖਤਮ ਹੋ ਜਾਂਦੇ ਹਨ ਤਾਂ ਫਿਰ ਕਿਸੇ ਨਵੇਂ ਸ਼ਿਕਾਰ ਦੀ ਭਾਲ ਵਿੱਚ ਲੱਗ ਜਾਂਦੀਆਂ ਹਨ।

# ਪਹਿਲਵਾਨ ਕੁੜੀਆਂ ਦਾ ਜਿਨਸੀ ਸੋਸ਼ਣ ਕਰਨ ਵਾਲੇ ਬ੍ਰਿਜ਼ ਭੂਸ਼ਨ ਨੂੰ ਗ੍ਰਿਫਤਾਰ ਕਰੋ : ਫੈਡਰੇਸ਼ਨ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਪਾਲ ਮੱਲਪੁਰੀ ਦੀ ਪ੍ਰਧਾਨਗੀ ਹੇਠ ਹੋਈ। ਜਿਸ 'ਚ ਸੂਬਾ ਕਮੇਟੀ ਮੈਂਬਰ ਮੋਹਣ ਸਿੰਘ ਪੂਨੀਆਂ, ਮੁੱਖ ਸਲਾਹਕਾਰ ਕਰਨੈਲ ਸਿੰਘ ਰਾਹੋਂ, ਵਿੱਤ ਸਕੱਤਰ ਸੋਹਣ ਲਾਲ, ਤਹਿਸੀਲ ਪ੍ਰਧਾਨ ਮਨਜਿੰਦਰਜੀਤ ਸਿੰਘ, ਜੀ ਟੀ ਯੂ ਦੇ ਜ਼ਿਲ੍ਹਾ ਜਨਰਲ ਸਕੱਤਰ ਬਿਕਰਮਜੀਤ ਸਿੰਘ, ਸੁੱਖ ਰਾਮ, ਪਰਮਿੰਦਰ ਸੰਧੂ, ਸੱਤਪਾਲ, ਹਰਦੀਪ ਸਿੰਘ, ਕੁਲਵੀਰ ਕੁਮਾਰ, ਸਮਸ਼ੇਰ ਸਿੰਘ, ਪਰਮਜੀਤ ਆਦਿ ਹਾਜ਼ਰ ਸਨ।

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਲੋਕਾਂ ਨੂੰ ਜਬਰਦਸਤੀ ਮਨ ਕੀ ਬਾਤ ਸੁਣਾਉਣ ਅਤੇ ਦੇਸ ਲਈ ਗੋਲਡ ਮੈਡਲ ਪ੍ਰਾਪਤ ਕਰਨ ਵਾਲੀਆਂ ਪਹਿਲਵਾਨ ਕੁੜੀਆਂ ਨਾਲ ਵਾਪਰੇ ਭਿਆਨਕ ਹਾਦਸਿਆਂ ਦੀ ਅਣਦੇਖੀ ਕਰਨ ਦੀ ਨਿੰਦਾ ਕਰਦਿਆਂ ਪਹਿਲਵਾਨ ਕੁੜੀਆਂ ਦੇ ਜਿਨਸੀ ਸੋਸ਼ਣ ਦੇ ਵਿਰੋਧ 'ਚ ਜੰਤਰ ਮੰਤਰ ਦਿੱਲੀ ਵਿਖੇ ਚੱਲ ਰਹੇ ਧਰਨੇ ਦਾ ਸਮਰਥਨ ਕਰਦਿਆਂ ਦੋਸ਼ੀ ਬ੍ਰਿਜ ਭੂਸਨ ਸਰਨ ਸਿੰਘ ਨੂੰ ਤੁਰੰਤ ਬਰਖਾਸਤ ਕਰਕੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ। ਸਰਕਾਰ ਵਿਰੁੱਧ ਪਿਛਲੇ ਐਕਸ਼ਨਾਂ ਦਾ ਲੇਖਾ ਜੋਖਾ ਕਰਦਿਆਂ ਪੰਜਾਬ-ਯੂ.ਟੀ. ਮੁਲਾਜਮ ਅਤੇ ਪੈਨਸ਼ਨਰਜ ਸਾਂਝੇ ਫਰੰਟ ਦੇ ਸਦੇ 'ਤੇ 23 ਅਪ੍ਰੈਲ ਨੂੰ ਆਦਮਪੁਰ, 30 ਅਪ੍ਰੈਲ ਨੂੰ ਨਕੋਦਰ ਅਤੇ 7 ਮਈ ਨੂੰ ਜਲੰਧਰ ਵਿਖੇ ਕੀਤੇ ਗਏ ਝੰਡਾ ਮਾਰਚ, 6 ਮਈ ਨੂੰ ਜੰਗਲਾਤ ਵਰਕਰਜ ਯੂਨੀਅਨ ਪੰਜਾਬ ਵੱਲੋਂ ਜਲੰਧਰ ਵਿਖੇ ਕੀਤੇ ਗਏ ਰੋਸ ਪ੍ਰਦਰਸਨ 'ਚ ਭਰਵੀਂ ਸ਼ਮੂਲੀਅਤ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਮਿਡ-ਡੇ-ਮੀਲ ਵਰਕਰਜ ਯੂਨੀਅਨ ਪੰਜਾਬ ਦੇ 21 ਮਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਆਨੰਦਪੁਰ ਸਾਹਿਬ ਵਿਖੇ, 24 ਮਈ ਨੂੰ ਪੀ ਡਬਲਿਊ ਡੀ ਫੀਲਡ ਅਤੇ ਵਰਕਸਾਪ ਵਰਕਰਜ ਯੂਨੀਅਨ ਪੰਜਾਬ ਵੱਲੋਂ ਮੁੱਖ ਦਫਤਰ ਵਿਖੇ ਅਤੇ ਸਾਂਝੇ ਅਧਿਆਪਕ ਮੋਰਚੇ ਵੱਲੋਂ ਪਹਿਲੀ ਜੂਨ ਨੂੰ ਵਿਦਿਆ ਭਵਨ ਮੋਹਾਲੀ ਵਿਖੇ ਕੀਤੇ ਜਾਣ ਵਾਲੇ ਰੋਸ ਪ੍ਰਦਰਸਨਾਂ ਦੀ ਤਿਆਰੀ ਲਈ 16 ਮਈ ਨੂੰ ਜਥੇਬੰਦੀਆਂ ਦੀਆਂ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਗਿਆ। ਇਸੇ ਤਰ੍ਹਾਂ ਹਰ ਮਹੀਨੇ ਦੀ 6 ਤਰੀਕ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ।

# ਵਿਦਿਆਰਥੀਆਂ ਦੀ ਸਫਲਤਾ ਪਿੱਛੇ ਅਧਿਆਪਕਾਂ ਤੇ ਮਾਪਿਆਂ ਦਾ ਯੋਗਦਾਨ ਹੁੰਦੈ : ਪ੍ਰਿੰ. ਰਜੇਸ਼, ਹਰਮਿੰਦਰ ਸਿੰਘ




**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਓੁਂਕਾਰ ਸਿੰਘ )-** ਸਰਕਾਰੀ ਮਿਡਲ ਸਮਾਰਟ ਸਕੂਲ ਉਹੜਪੁਰ ਵਿਖੇ ਜਿਲ੍ਹਾ ਸਿੱਖਿਆ ਅਫਸਰ (ਸ) ਹੁਸ਼ਿਆਰਪੁਰ ਹਰਭਗਵੰਤ ਸਿੰਘ, ਜਿਲ੍ਹਾ ਉਪ ਸਿੱਖਿਆ ਅਫਸਰ ਧੀਰਜ ਵਸ਼ਿਸ਼ਟ ਅਤੇ ਜਿਲ੍ਹਾ ਸਿੱਖਿਆ ਸੁਧਾਰ ਟੀਮ ਇੰਚਾਰਜ ਸ਼ਲਿੰਦਰ ਠਾਕੁਰ ਦੇ ਦਿਸ਼ਾ ਨਿਰਦੇਸ਼ 'ਤੇ ਸਕੂਲ ਮੁੱਖ ਇੰਚਾਰਜ ਹਰਮਿੰਦਰ ਸਿੰਘ ਦੀ ਅਗਵਾਈ 'ਚ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ 'ਚ ਮੁੱਖ ਮਹਿਮਾਨ ਵਜੋਂ ਪ੍ਰਿੰਸੀਪਲ ਰਜੇਸ਼ ਕੁਮਾਰ ਬੀ ਐਨ ਓ ਟਾਂਡਾ-1 ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਮਾਰੋਹ ਦੀ ਸ਼ੁਰੂਆਤ ਸਕੂਲ ਵਿਦਿਆਰਥੀਆਂ ਵੱਲੋਂ ਪ੍ਰਭੂ ਬੰਦਨਾ ਅਤੇ ਦੇਸ ਭਗਤੀ ਗੀਤਾਂ ਨਾਲ ਕੀਤੀ ਗਈ। ਸਮਾਰੋਹ 'ਚ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਰਜੇਸ ਕੁਮਾਰ ਨੇ ਕਿਹਾ ਕਿ ਇਕ ਹੋਣਹਾਰ ਵਿਦਿਆਰਥੀ ਦੀ ਸਫਲਤਾ ਦੇ ਪਿੱਛੇ ਸਕੂਲ ਅਧਿਆਪਕਾਂ ਅਤੇ ਮਾਪਿਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ ਅਤੇ ਇਨ੍ਹਾਂ ਬੱਚਿਆਂ ਦੀ ਪੜ੍ਹਾਈ ਦੀ ਨੀਂਹ ਮਜ਼ਬੂਤ ਕਰਨ ਲਈ ਸ਼ੁਰੂਆਤ 'ਚ ਹੀ ਅਧਿਆਪਕਾਂ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ। ਸਕੂਲ ਮੁੱਖ ਇੰਚਾਰਜ ਹਰਮਿੰਦਰ ਸਿੰਘ ਨੇ ਕਿਹਾ ਕਿ ਜੇਕਰ ਹਰ ਸਕੂਲ ਵਿਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਰੁਚੀ ਰੱਖਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਆਉਣ ਵਾਲੇ ਸਮੇਂ ਵਿਚ ਇਹ ਬੱਚੇ ਨਸ਼ਿਆਂ ਜਿਹੀਆਂ ਬੁਰੀਆਂ ਅਲਾਮਤਾਂ ਤੋਂ ਦੂਰ ਰਹਿ ਸਕਦੇ ਹਨ। ਇਸ ਮੌਕੇ ਹਰਮਿੰਦਰ ਸਿੰਘ ਨੇ ਸਮੁੱਚੀ ਵਿੱਦਿਅਕ ਰਿਪੋਰਟ ਵਿਸਤਾਰਪੂਰਵਕ ਪੜ੍ਹ ਕੇ ਸੁਣਾਈ। ਉਨ੍ਹਾਂ ਕਿਹਾ ਕਿ ਅੱਠਵੀਂ ਜਮਾਤ ਦੀ ਪ੍ਰੀਖਿਆ 'ਚੋਂ 95% ਤੋਂ ਵੱਧ ਅੰਕ ਹਾਸਲ ਕਰਨ ਵਾਲੇ ਸਾਡੇ ਸਕੂਲ ਦੇ ਚਾਰ ਵਿਦਿਆਰਥੀ ਮੁਸਕਾਨ ਦੀਪ ਕੌਰ ਨੇ 600 ਚੋਂ 583, ਜਸ਼ਨਦੀਪ ਕੌਰ ਨੇ 600 'ਚੋਂ 577, ਨਵਪ੍ਰੀਤ ਕੌਰ ਨੇ 600 'ਚੋਂ 576, ਯੁਵਨੀਲ ਸੈਣੀ ਨੇ 600 'ਚੋਂ 572 ਅੰਕ ਅਤੇ 7 ਬੱਚਿਆਂ ਨੇ 90% ਤੋਂ ਵੱਧ ਅੰਕ ਹਾਸਲ ਕਰਕੇ ਇਲਾਕੇ ਭਰ 'ਚ ਸਕੂਲ ਅਤੇ ਆਪਣੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ। ਰਜੇਸ਼ ਕੁਮਾਰ, ਸਕੂਲ ਮੁੱਖ ਇੰਚਾਰਜ ਹਰਮਿੰਦਰ ਸਿੰਘ ਤੇ ਸਮੂਹ ਅਧਿਆਪਕਾਂ ਨੇ ਛੇਵੀਂ, ਸੱਤਵੀਂ ਤੇ ਅੱਠਵੀਂ ਜਮਾਤ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਤੋਂ ਇਲਾਵਾ ਹੋਰ ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਸਤੀਸ਼ ਕੁਮਾਰ, ਕੁਲਵਿੰਦਰ ਸਿੰਘ, ਜੋਤੀ ਸੈਣੀ, ਪਰਮਜੀਤ ਕੌਰ, ਰਮੇਸ਼ ਕੁਮਾਰ, ਗੁਰਦੀਪ ਕੌਰ, ਐਸ.ਐਮ.ਸੀ ਮੈਂਬਰ, ਬੱਚਿਆਂ ਦੇ ਮਾਤਾ ਪਿਤਾ ਅਤੇ ਸਮੂਹ ਸਕੂਲ ਵਿਦਿਆਰਥੀ ਹਾਜ਼ਰ ਸਨ।

# ਚੌਧਰੀ ਬਲਬੀਰ ਸਿੰਘ ਦਾ 38ਵਾਂ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸੈਣੀ ਜਾਗ੍ਰਿਤੀ ਮੰਚ ਪੰਜਾਬ ਵੱਲੋਂ ਅੱਜ ਅਮਰ ਸ਼ਹੀਦ ਸ਼ੇਰੇ ਪੰਜਾਬ ਚੌਧਰੀ ਬਲਬੀਰ ਸਿੰਘ ਦਾ 38ਵਾਂ ਸ਼ਹੀਦੀ ਦਿਹਾੜਾ ਸੈਣੀ ਭਵਨ ਹੁਸ਼ਿਆਰਪੁਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਜਿਸ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਚੌਧਰੀ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਹੁਸ਼ਿਆਰਪੁਰ ਸ਼ਹਿਰ ਦੀ ਸਮਾਜ ਸੇਵੀ ਸੰਸਥਾ ਸ਼੍ਰੀ ਰਾਮ ਚਰਿੱਤਰ ਮਾਨਸ ਪ੍ਰਚਾਰ ਮੰਡਲ ਨੂੰ ਮੰਚ ਦੀ ਵਲੋਂ ਅਮਰ ਸ਼ਹੀਦ ਸ਼ੇਰੇ ਪੰਜਾਬ ਚੌਧਰੀ ਬਲਬੀਰ ਸਿੰਘ ਯਾਦਗਾਰੀ ਐਵਾਰਡ ਦਿੱਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਹਰੀਸ਼ ਸੈਣੀ ਅਤੇ ਜਨਰਲ ਸਕੱਤਰ ਮਹਿੰਦਰ ਪਾਲ ਗੁਪਤਾ ਨੇ ਆਪਣੇ ਸਾਥੀਆਂ ਸਮੇਤ ਪ੍ਰਾਪਤ ਕੀਤਾ। ਇਸ ਮੌਕੇ ਸਟੇਜ ਦਾ ਸੰਚਾਲਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਪ੍ਰੇਮ ਸੈਣੀ ਨੇ ਚੌਧਰੀ ਸਾਹਬ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਆਪਣੇ ਵਿਚਾਰ ਰੱਖਦਿਆਂ ਸੰਦੀਪ ਸੈਣੀ ਨੇ ਕਿਹਾ ਕਿ ਚੌਧਰੀ ਬਲਬੀਰ ਸਿੰਘ ਵਰਗੇ ਕਰਮਯੋਗੀ ਅਤੇ ਲੋਹ ਪੁਰਸ਼ ਆਗੂ ਕਦੇ-ਕਦਾਈ ਹੀ ਜਨਮ ਲੈਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਵੀ ਪੰਜਾਬ ਅਤੇ ਖਾਸ ਕਰਕੇ ਹੁਸ਼ਿਆਰਪੁਰ ਦੀ ਆਮ ਜਨਤਾ 38 ਸਾਲ ਬਾਅਦ ਵੀ ਚੌਧਰੀ ਬਲਬੀਰ ਸਿੰਘ ਵਰਗੇ ਆਗੂ ਨੂੰ ਯਾਦ ਕਰਦੀ ਹੈ। ਇਸ ਮੌਕੇ ਸੈਣੀ ਜਾਗ੍ਰਿਤੀ ਮੰਚ ਦੇ ਪ੍ਰਧਾਨ ਕੁਲਵੰਤ ਸਿੰਘ ਸੈਣੀ ਨੇ ਕਿਹਾ ਕਿ ਚੌਧਰੀ ਸਾਹਿਬ ਦੇ ਜੀਵਨ ਸਬੰਧੀ ਬੋਲਦਿਆ ਕਿਹਾ ਕਿ ਚੌਧਰੀ ਸਾਹਬ ਨੇ ਹਮੇਸ਼ਾ ਜ਼ਰੂਰਤਮੰਦ ਲੋਕਾਂ ਦੀ ਮਦਦ ਇੱਕ ਮਸੀਹਾ ਦੇ ਰੂਪ ਵਿੱਚ ਕੀਤੀ ਹੈ। ਇਸ ਮੌਕੇ ਸ਼੍ਰੀ ਰਾਮ ਚਰਿੱਤਰ ਮਾਨਸ ਪ੍ਰਚਾਰ ਮੰਡਲ ਦੇ ਪ੍ਰਧਾਨ ਹਰੀਸ਼ ਸੈਣੀ ਨੇ ਸੈਣੀ ਜਾਗ੍ਰਿਤੀ ਮੰਚ ਪੰਜਾਬ ਦੀ ਸਮੁੱਚੀ ਟੀਮ ਦਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ੇਰ-ਏ-ਪੰਜਾਬ ਚੌਧਰੀ ਬਲਬੀਰ ਸਿੰਘ ਮੈਮੋਰੀਅਲ ਅਵਾਰਡ ਦੇ ਲਈ ਉਨ੍ਹਾਂ ਦੀ ਸੰਸਥਾ ਨੂੰ ਚੁਣ ਕੇ ਉਨ੍ਹਾਂ ਦੀ ਸੰਸਥਾ ਨੂੰ ਸਮਾਜ ਸੇਵੀ ਕੰਮਾਂ ਨੂੰ ਹੋਰ ਅੱਗੇ ਵਧਾਉਣ ਲਈ ਪ੍ਰੇਰਿਆ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਮੈਨ ਸ੍ਰੀਮਤੀ ਕਰਨਜੀਤ ਕੌਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਚੌਧਰੀ ਬਲਬੀਰ ਸਿੰਘ ਦੀ ਸ਼ਹਾਦਤ ਹਿੰਦੂ-ਸਿੱਖ ਏਕਤਾ ਨੂੰ ਯੁੱਗਾਂ ਯੁੱਗਾਂ ਤੱਕ ਮਜ਼ਬੂਤ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਾਲੇ ਦੌਰ ਵਿੱਚ ਚੌਧਰੀ ਬਲਬੀਰ ਸਿੰਘ ਵਰਗੇ ਮਨੁੱਖਾਂ ਨੇ ਦੇਸ਼ ਵਿਰੋਧੀ ਅਨਸਰਾਂ ਦਾ ਡੱਟ ਕੇ ਵਿਰੋਧ ਕੀਤਾ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਸ ਮੌਕੇ ਚੌਧਰੀ ਬਲਬੀਰ ਸਿੰਘ ਦੇ ਭਤੀਜੇ ਆਗੂ ਅਜੈ ਮੋਹਨ ਬੱਬੀ, ਠਾਕੁਰ ਦਿਆਲ ਸਿੰਘ ਮੁਕੇਰੀਆ, ਕਾਮਰੇਡ ਗੁਰਮੇਸ਼ ਸਿੰਘ, ਸ੍ਰੀ ਸ਼ਿਵ ਰਾਤਰੀ ਅਤੇ ਉਤਸ਼ਾਹ ਕਮੇਟੀ ਦੇ ਪ੍ਰਧਾਨਹਰੀਸ਼ ਖੋਸਲਾ, ਕੋਆਪਰੇਟਿਵ ਸੋਸਾਇਟੀ ਦੇ ਚੇਅਰਮੈਨ ਵਿਕਰਮ ਬਾਬੀ, ਸ੍ਰੀ ਰਾਜੇਸ਼ਵਰ ਬਾਬੀ, ਸੀਨੀਅਰ ਡਿਪਟੀ ਮੇਅਰ ਸ਼੍ਰੀਮਤੀ ਪ੍ਰਵੀਨ ਸੈਣੀ, ਭਾਰਤੀ ਸਨਾਤਨ ਧਰਮ ਮਹਾਂਵੀਰ ਦਲ ਦੇ ਕੌਮੀ ਪ੍ਰਧਾਨ ਸ਼੍ਰੀ ਕ੍ਰਿਸ਼ਨ ਗੋਪਾਲ ਆਨੰਦ, ਸੈਣੀ ਯੂਥ ਫੈਡਰੇਸ਼ਨ ਦੇ ਪ੍ਰਧਾਨ ਸਰਦਾਰ ਅਮਰਜੀਤ ਸਿੰਘ ਢੱਡੇਕੋਟਵਾਲ, ਪ੍ਰਸਿੱਧ ਗਾਇਕ ਹਰਪਾਲ ਲਾਡਾ, ਕੌਂਸਲਰ ਮੋਨਿਕਾ ਕਤਨਾ, ਕੌਂਸਲਰ ਅਸ਼ੋਕ ਮਹਿਰਾ, ਕੌਂਸਲਰ ਮੀਨਾ ਕੁਮਾਰੀ, ਕੌਂਸਲਰ ਮਨਜੀਤ ਕੌਰ, ਸਾਬਕਾ ਕੌਂਸਲਰ ਕਰਮਵੀਰ ਵਾਲਾ, ਸਰਦਾਰ ਬਹਾਦਰ ਸਿੰਘ ਸੁਨੇਤ, ਸ਼੍ਰੀਮਤੀ ਬੀਨਾ ਕੁਮਾਰੀ, ਕ੍ਰਿਪਾਲ ਸਿੰਘ ਪਾਲੀ, ਪ੍ਰਭਜੋਤ ਸਿੰਘ ਸੈਣੀ ਸੂਬਾ ਕਮੇਟੀ ਮੈਂਬਰ, ਸ. ਬਲਵੀਰ ਸਿੰਘ ਸੈਣੀ, ਹਰਦੀਪ ਸਿੰਘ ਸੈਣੀ, ਹਰਿੰਦਰ ਕੁਮਾਰ ਸੈਣੀ, ਹਰਵਿੰਦਰ ਸਿੰਘ ਸੈਣੀ, ਤਰਲੋਚਨ ਸਿੰਘ ਸੈਣੀ, ਪਵਨ ਸ਼ਰਮਾ, ਜਗਤਾਰ ਸਿੰਘ ਸੈਣੀ, ਅਵਤਾਰ ਸੈਣੀ, ਰੁੱਸਾ ਸੈਣੀ, ਨਰੇਸ਼ ਸੈਣੀ, ਰਾਜਿੰਦਰ ਸੈਣੀ, ਰਾਜਨ ਸੈਣੀ, ਰਾਮ ਸੈਣੀ, ਪਿਆਰੇ ਲਾਲ ਸੈਣੀ, ਸਮਾਜ ਸੇਵਕ ਸੰਜੀਵ ਅਰੋੜਾ, ਓਮਕਾਰ ਤ੍ਰੇਹਨ, ਓਮਕਾਰ ਵਾਲੀ, ਸ਼ਿਵਚਰਨ ਸਿੰਘ ਗਿੱਦੜਾ, ਟਿਕਮ ਪਾਲ ਸਿੰਘ ਸੈਣੀ ਯਮੁਨ, ਬਲਦੇਵ ਸਿੰਘ ਸੈਣੀ, ਸ਼ੀਤਲ ਸਿੰਘ ਸੈਣੀ, ਰੋਸ਼ਨ ਲਾਲ ਸੈਣੀ, ਓਮਕਾਰ ਸਿੰਘ ਗੋਲਡੀ, ਕਾਮਰੇਡ ਗੰਗਾ ਪ੍ਰਸਾਦ, ਹੁਸ਼ਿਆਰਪੁਰ ਆਟੋਮੋਬਾਈਲ ਦੇ ਐਮ.ਡੀ ਗੁਰਪ੍ਰੀਤ ਸਿੰਘ ਸੈਣੀ, ਐਸ.ਪੀ.ਸ਼ਰਮਾ, ਵੀਰ ਪ੍ਰਤਾਪ ਰਾਣਾ, ਵਰੁਣ ਸ਼ਰਮਾ, ਜਸਦੀਪ ਸਿੰਘ ਸੈਣੀ, ਜਸਵਿੰਦਰ ਸਿੰਘ ਸੈਣੀ, ਯਸ਼ਪਾਲ ਸਿੰਘ ਸੈਣੀ, ਮੰਗਤ ਰਾਮ ਸੈਣੀ, ਦਰਸ਼ਨ ਸਿੰਘ ਸੈਣੀ, ਚਮਨ ਲਾਲ ਸੈਣੀ, ਹਰੀਰਾਮ ਸੈਣੀ, ਅਰਵਿੰਦ ਸੈਣੀ, ਸ਼੍ਰੀ ਕ੍ਰਿਸ਼ਨ ਸੈਣੀ ਆਦਿ ਹਾਜ਼ਰ ਹਨ। ਪ੍ਰੋਗਰਾਮ ਦੌਰਾਨ ਅੱਖਾਂ ਦਾਨ ਐਸੋਸੀਏਸ਼ਨ ਦੇ ਉੱਘੇ ਵਰਕਰ ਅਤੇ ਟਾਂਡਾ ਜੋਨ ਦੇ ਪ੍ਰਧਾਨ ਵਰਿੰਦਰ ਸਿੰਘ ਮਸੀਤੀ ਨੂੰ ਵਿਸ਼ੇਸ਼ ਪ੍ਰਸ਼ੰਸਾ ਪੱਤਰ ਦੇ ਕੇ ਵੀ ਸਨਮਾਨਿਤ ਕੀਤਾ ਗਿਆ।

# ਸੈਕਟਰ ਬਜੀਦਪੁਰ ਅਧੀਨ ਵੱਖ-ਵੱਖ ਥਾਵਾਂ 'ਤੇ ਮਮਤਾ ਦਿਵਸ ਮਨਾਇਆ

**ਸ੍ਰੀ ਚਮਕੌਰ ਸਾਹਿਬ ( ਕੁਲਵਿੰਦਰ ਕਾਲਾ)-** ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਬਜ਼ੀਦਪੁਰ ਅਧੀਨ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਮਮਤਾ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਰੂਬੀ ਸੈਣੀ ਸੀ.ਐਚ.ਓ ਨੇ ਕਿਹਾ ਕਿ ਮਮਤਾ ਦਿਵਸ ਵਾਲੇ ਦਿਨ ਬੱਚਿਆਂ ਨੂੰ ਮਾਰੂ ਰੋਗਾਂ ਪੋਲੀਓ, ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ, ਗਲਘੋਟੂ ਅਤੇ ਟੈਟਨਸ ਦੇ ਟੀਕੇ ਲਗਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਗਰਭਵਤੀ ਮਹਿਲਾਂਵਾ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਣ ਤੇ ਆਪਣੀ ਡਾਈਟ ਵਿੱਚ ਹਰੀਆਂ ਸਬਜੀਆਂ ਅਤੇ ਫਲਾਂ ਦਾ ਇਸਤੇਮਾਲ ਕਰਨ ਤਾਂ ਜੋ ਜੱਚਾ-ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਸਰੀਰ ਵਿੱਚ ਖੂਨ ਦੀ ਕਮੀ ਨਾ ਹੋਵੇ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਕੁੜੀਆਂ ਮੁੰਡਿਆਂ ਤੋਂ ਕਿਸੀ ਵੀ ਖੇਤਰ ਵਿੱਚ ਪਿੱਛੇ ਨਹੀਂ ਹੈ, ਇਸ ਲਈ ਜੇਕਰ ਕੋਈ ਵੀ ਔਰਤ ਜਾ ਵਿਅਕਤੀ ਭਰੂਣ ਹੱਤਿਆ ਜਿਹਾ ਅਪਰਾਧ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਅਪਰਾਧੀ ਨੂੰ ਸਜਾ ਤੇ ਜੁਰਮਾਨਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਯੋਗ ਜੋੜਿਆਂ ਨੂੰ ਪਰਿਵਾਰ ਨਿਯੋਜਨ ਦੇ ਤਰੀਕੇ ਬੱਚਿਆਂ ਵਿੱਚ ਵੱਖਵਾ ਪਾਉਣ ਲਈ ਅਪਨਾਉਣੇ ਚਾਹੀਦੇ ਹਨ ਅਤੇ ਪਹਿਲੇ ਬੱਚੇ ਤੋਂ ਬਾਅਦ ਦੂਜੇ ਬੱਚੇ ਵਿੱਚ ਘੱਟੋ-ਘੱਟ 3 ਸਾਲ ਦਾ ਵੱਖਵਾ ਹੋਣਾ ਚਾਹੀਦਾ ਹੈ। ਪਰਿਵਾਰ ਭਲਾਈ ਦੇ ਸਾਧਨਾ ਵਿੱਚ ਪੀ.ਪੀ.ਆਈ.ਯੂ.ਸੀ.ਡੀ, ਨਿਰੋਧ, ਕਾਪਰਟੀ, ਅੰਤਰਾ ਟੀਕਾ ਅਤੇ ਛਾਇਆ ਗੋਲੀਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਨਵਜੰਮੇ ਬੱਚਿਆਂ ਨੂੰ ਘੱਟੋ ਘੱਟ 6 ਮਹੀਨੇ ਤੱਕ ਮਾਂ ਦਾ ਹੀ ਦੁੱਧ ਪਿਲਾਇਆ ਜਾਵੇ। ਮਾਂ ਦੇ ਦੁੱਧ ਵਿੱਚ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ ਜੋ ਬੱਚੇ ਨੂੰ ਰੋਗਾਂ ਨਾਲ ਲੜਨ ਦੀ ਤਾਕਤ ਦਿੰਦੇ ਹਨ।

ਇਸ ਮੌਕੇ ਤੇ ਏ.ਐਨ.ਐਮ ਸਤਨਾਮ ਕੌਰ, ਰਮਿੰਦਰ ਕੌਰ, ਰੁਪਿੰਦਰ ਕੌਰ, ਤਰਨਵੀਰ ਕੌਰ ਅਤੇ ਪਤਵੰਤੇ ਸਜਣ ਹਾਜ਼ਰ ਸਨ।



# ਦਿੱਲੀ ਫਤਹਿ ਦਿਵਸ ਨੂੰ ਸਮਰਪਿਤ ਕੀਰਤਨ ਦਰਬਾਰ

**ਮੋਹਾਲੀ (ਗੁਰਜੀਤ ਬਿੱਲਾ) :** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸੰਨ 1783 ਈ: ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਭਾਈ ਬਘੇਲ ਸਿੰਘ ਦੀ ਅਗਵਾਈ 'ਚ ਦਿੱਲੀ ਫਤਹਿ ਕਰਨ ਦੀ ਯਾਦ 'ਚ ਦਿੱਲੀ ਫਤਹਿ ਦਿਵਸ ਨੂੰ ਸਮਰਪਿਤ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਪ੍ਰੀਤਪਾਲ ਸਿੰਘ ਦੇ ਪੰਥਕ ਜੱਥੇ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਭਾਈ ਬਘੇਲ ਸਿੰਘ ਦੀ ਅਗਵਾਈ ਵਿੱਚ ਦਿੱਲੀ ਫਤਹਿ ਕਰਨ ਅਤੇ ਲਾਲ ਕਿਲੇ ਤੇ ਖਾਲਸਾਈ ਨਿਸ਼ਾਨ ਲਹਿਰਾਉਣ ਦੇ ਪ੍ਰਸੰਗ ਨੂੰ ਸੰਗਤਾਂ ਨੂੰ ਵਿਸਥਾਰ ਸਹਿਤ ਸੁਣਾਇਆ। ਭਾਈ ਲਖਵਿੰਦਰ ਸਿੰਘ ਦੇ ਕੀਰਤਨੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਭਾਈ ਜਸਵੰਤ ਸਿੰਘ, ਸ਼ੇਰੇ ਪੰਜਾਬ ਕਵੀਸ਼ਰੀ ਜਥਾ, ਭਗੜਾਨੇ ਵਾਲਿਆਂ ਦਾ ਕਵੀਸ਼ਰੀ ਜਥਾ, ਭਾਈ ਮਨਦੀਪ ਸਿੰਘ , ਭਾਈ ਸੁਖਦੇਵ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆ ਬੀਬੀਆਂ, ਭਾਈ ਹਰਨੇਕ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਮਹਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਨੀਤਿਨ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।

# ਲੁਠੇੜੀ ਸਕੂਲ ਵਿਖੇ ਇੱਕ ਰੋਜ਼ਾ ਖੇਡ ਉਤਸਵ

**ਸ੍ਰੀ ਚਮਕੌਰ ਸਾਹਿਬ ( ਕੁਲਵਿੰਦਰ ਕਾਲਾ)** ਸਿੱਖਿਆ ਵਿਭਾਗ ਵੱਲੋਂ ਜਾਰੀ ਖੇਡ ਉਤਸਵ ਪ੍ਰੋਗ੍ਰਾਮ ਤਹਿਤ ਨਜਦੀਕੀ ਪਿੰਡ ਲੁਠੇੜੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਦੀ ਸੁਯੋਗ ਅਗਵਾਈ ਅਤੇ ਸੀਨੀਅਰ ਲੈਕਚਰਾਰ ਦਵਿੰਦਰ ਸਿੰਘ ਮਕੜੌਨਾ ਦੀ ਦੇਖਰੇਖ ਹੇਠ ਸੁਰਮੁੱਖ ਸਿੰਘ ਡੀ. ਪੀ. ਈ ਅਤੇ ਹਰਿੰਦਰ ਕੁਮਾਰ ਕਾਇਨੌਰ ਵੋਕੇਸਨਲ ਮਾਸਟਰ ਦੀ ਪਹਿਲਕਦਮੀ ਸਦਕਾ ਇੱਕ ਰੋਜਾ ਖੇਡ ਉਤਸਵ ਦਾ ਆਯੋਜਨ ਕੀਤਾ ਗਿਆ । ਇਸ ਸੰਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਖੇਡ ਉਤਸਵ ਦੀ ਸੁਰੂਆਤ ਵਿਦਿਆਰਥੀਆਂ ਦੇ ਹਾਊਸਵਾਈਜ ਮਾਰਚ ਪਾਸਟ ਨਾਲ ਹੋਈ, ਜਿਸਦੀ ਸਲਾਮੀ ਸੀਨੀਅਰ ਲੈਕਚਰਾਰ ਦਵਿੰਦਰ ਸਿੰਘ ਮਕੜੌਨਾ ਨੇ ਲਈ। ਇਸ ਸਮਾਗਮ ਦੌਰਾਨ ਅਥਲੈਟਿਕਸ ਮੁਕਾਬਲਿਆਂ ਦੇ ਨਾਲ ਨਾਲ ਵੱਖ ਵੱਖ ਉਮਰ ਵਰਗਾਂ ਦੇ ਕੁੜੀਆਂ ਅਤੇ ਮੁੰਡਿਆਂ ਦੇ ਫੁੱਟਬਾਲ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਗਈ। ਇਸ ਮੌਕੇ ਲੈਕ ਦਵਿੰਦਰ ਸਿੰਘ ਮਕੜੌਨਾ, ਮਧੂ ਬਾਲਾ, ਸਰੀਨਾ ਰਾਏ, ਡਾ ਬਲਜੀਤ ਕੌਰ, ਕੁਲਦੀਪ ਕੌਰ, ਸਰੀਨਾ ਰਾਏ, ਮੋਨਿਕਾ ਸਰਮਾਂ, ਸੁਰਮੁੱਖ ਸਿੰਘ, ਲਖਵਿੰਦਰ ਸਿੰਘ, ਮਨਿੰਦਰ ਚੱਢਾ, ਜਸਵਿੰਦਰ ਕੌਰ, ਅਮਨਪ੍ਰੀਤ ਕੌਰ, ਵਰਿੰਦਰ ਵਰਮਾ, ਮੋਨਿਕਾ, ਗੁਰਬਾਜ ਸਿੰਘ, ਦਵਿੰਦਰਪਾਲ ਸਿੰਘ ਬਰਾੜ, ਮੋਨਿਕਾ, ਹਰਿੰਦਰ ਕੁਮਾਰ ਰਾਏ ਕਾਇਨੌਰ, ਗੁਰਮਿੰਦਰ ਸਿੰਘ ਹੁੰਦਲ ਪਮੌਰ (ਖੇੜੀ ਚੌਂਕ), ਲਖਵੀਰ ਸਿੰਘ ਰੰਗੀਆਂ ਲਾਇਬਰੇਰੀਅਨ, ਸੁਸਮਿਤਾ ਅਤੇ ਸਤਪਾਲ ਸਿੰਘ ਸਮੇਤ ਸਮੂਹ ਵਿਦਿਆਰਥੀ ਹਾਜਰ ਸਨ।



# ਸੁਪਰਡੈਂਟ ਬਲਜਿੰਦਰ ਕੌਰ ਸਹਾਇਕ ਸਕੱਤਰ ਨਿਯੁਕਤ

**ਮੋਹਾਲੀ (ਗੁਰਜੀਤ ਬਿੱਲਾ )-** ਸਿੱਖਿਆ ਬੋਰਡ ਦੀ ਸੁਪਰਡੰਟ ਸ੍ਰੀਮਤੀ ਬਲਜਿੰਦਰ ਕੌਰ ਪਤਨੀ ਰਜਿੰਦਰ ਸਿੰਘ ਮੈਣੀ ਦੀ ਸਹਾਇਕ ਸਕੱਤਰ ਅਮਲਾ ਦੀ ਖਾਲੀ ਅਸਾਮੀ ਵਿਰੁੱਧ ਨਿਯੁਕਤੀ ਕੀਤੀ ਗਈ ਹੈ। ਸਿੱਖਿਆ ਬੋਰਡ ਦੇ ਮੀਤ ਪ੍ਰਧਾਨ ਡਾ. ਵਰਿੰਦਰ ਭਾਟੀਆ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਸ੍ਰੀਮਤੀ ਬਲਜਿੰਦਰ ਕੌਰ ਪੁੱਤਰੀ ਗੁਰਚਰਨ ਸਿੰਘ ਸੁਪਰਡੰਟ ਲੇਖਾ ਸ਼ਾਖਾ ਨੂੰ ਨਿਰੰਜਨ ਸਿੰਘ ਮਾਹੀ ਸਹਾਇਕ ਸਕੱਤਰ ਅਮਲਾ ਸ਼ਾਖਾ ਦੀ ਸੇਵਾ ਨਿਵਰਤੀ ਹੋਣ ਕਾਰਨ ਪੈਨਲ ਸੀਨੀਆਰਤਾ ਅਨੁਸਾਰ ਖਾਲੀ ਹੋਈ ਜਨਰਲ ਕੈਟਾਗਰੀ ਦੀ ਅਸਾਮੀ ਵਿਰੁੱਧ ਬਤੌਰ ਸਹਾਇਕ ਸਕੱਤਰ ਤਰੱਕੀ ਦਿੱਤੀ ਜਾਂਦੀ ਹੈ ਅਤੇ ਇਨਾਂ ਦੀ ਤਾਇਨਾਤੀ ਅਮਲ ਸ਼ਾਖਾ ਵਿੱਚ ਕੀਤੀ ਜਾਂਦੀ ਹੈ। ਸ੍ਰੀਮਤੀ ਬਲਜਿੰਦਰ ਕੌਰ ਨੇ ਕਰਮਚਾਰੀ ਐਸੋਸੀਏਸ਼ਨ ਦੇ ਸਕੱਤਰ ਸੁਖਚੈਨ ਸਿੰਘ, ਸਾਬਕਾ ਜਨਰਲ ਸਕੱਤਰ ਸੁਨੀਲ ਕੁਮਾਰ ਅਰੋੜਾ, ਮਨੋਜ ਰਾਣਾ ਅਤੇ ਆਪਣੇ ਪਤੀ ਯੂਨੀਅਨ ਆਗੂ ਰਜਿੰਦਰ ਮੈਣੀ ਅਤੇ ਹੋਰ ਸਾਥੀਆਂ ਸਮੇਤ ਅਮਲਾ ਸ਼ਾਖਾ ਵਿੱਚ ਆਪਣਾ ਅਹੁਦਾ ਸੰਭਾਲਿਆ।

# ਅੱਗ ਬੁਝਾਉਣ ਸਮੇਂ ਜਤਿੰਦਰ ਕੁਮਾਰ ਆਇਆ ਹਾਈ ਵੋਲਟੇਜ ਤਾਰ ਦੀ ਲਪੇਟ 'ਚ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਵਣਖੋਜ ਸਰਕਲ ਲਾਡੋਵਾਲ ਜਿਲ੍ਹਾ ਲੁਧਿਆਣਾ ਦੇ ਅਧੀਨ ਪੈਂਦੀ ਵਣ ਰੇਂਜ਼ ਹੁਸ਼ਿਆਰਪੁਰ ਵਿੱਚ 9 ਮਈ ਨੂੰ ਰਿਸਰਚ ਸਟੇਸ਼ਨ ਖੜਕਾਂ ਜੰਗਲ 'ਚ ਅਚਾਨਕ ਅੱਗ ਲੱਗ ਗਈ। ਇਸ ਜੰਗਲ ਦੀ ਅੱਗ ਨੂੰ ਬੁਝਾਉਣ ਸਮੇਂ ਵਰਕਰ ਜਤਿੰਦਰ ਕੁਮਾਰ ਪੁੱਤਰ ਸਤਨਾਮ ਸਿੰਘ ਪਿੰਡ ਮੰਨਣ ਜਿਲ੍ਹਾ ਹੁਸ਼ਿਆਰਪੁਰ ਹਾਈ ਵੋਲਟੇਜ ਟੁੱਟੀ ਤਾਰ ਦੀ ਲਪੇਟ ਵਿੱਚ ਆ ਗਿਆ ਤੇ ਉਸ ਨੂੰ ਕਰੰਟ ਲੱਗ ਗਿਆ। ਮੌਕੇ 'ਤੇ ਵਣ ਗਾਰਡ ਕਰਨਵੀਰ ਕੁਮਾਰ ਤੇ ਬਾਕੀ ਵਰਕਰਾਂ ਦੀ ਸਹਾਇਤਾ ਨਾਲ ਉਸ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਲਿਜਾਇਆ ਗਿਆ। ਉੱਥੇ ਉਸ ਨੂੰ ਮੁਢਲੀ ਸਹਾਇਤਾ ਦਿੱਤੀ ਗਈ ਤੇ ਫਿਰ ਉਸ ਨੂੰ ਡੀ.ਐਮ.ਸੀ. ਲੁਧਿਆਣਾ ਨੂੰ ਰੈਫਰ ਕਰ ਦਿੱਤਾ ਗਿਆ ਤੇ ਉੱਥੇ ਉਹ ਜੇਰੇ ਇਲਾਜ ਹੈ ਪਰ ਅਜੇ ਤੱਕ ਉਸ ਦੀ ਹਾਲਤ ਨਾਜਕ ਬਣੀ ਹੋਈ ਹੈ। ਜਿਸ ਦੇ ਸੰਬੰਧ ਵਿੱਚ ਜੰਗਲਾਤ ਵਰਕਰ ਯੀਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਪਵਨ ਕੁਮਾਰ, ਸਰਕਲ ਪ੍ਰਧਾਨ ਅਜੈ ਵਸ਼ਿਸ਼ਟ, ਮੰਡਲ ਸਕੱਤਰ ਸੰਜੀਵ ਕੁਮਾਰ, ਖੋਜ ਸਰਕਲ ਪ੍ਰਧਾਨ ਸੰਤੋਖ ਸਿੰਘ, ਗੁਰਬਚਨ ਸਿੰਘ, ਨਵੀਨ ਕੁਮਾਰ, ਚਰਨਜੀਤ ਚੰਨੀ, ਅੰਗਦ ਰਿਸਰਚ ਰੇਂਜ਼ ਹੁਸ਼ਿਆਰਪੁਰ, ਰੇਂਜ਼ ਅਫਸਰ ਤੇ ਵਣਪਾਲ ਸ੍ਰੀ ਸਤਨਾਮ ਸਿੰਘ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਜੱਥੇਬੰਦੀ ਨੂੰ ਭਰੋਸਾ ਦਿਵਾਇਆ ਗਿਆ ਕਿ ਵਰਕਰ ਦੇ ਇਲਾਜ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੱਥੇਬੰਦੀ ਵਲੋਂ ਪੰਜਾਬ ਰਾਜ ਪਾਵਰਕਾਮ ਲਿਮਟਡ, ਸਬ ਡਵੀਜਨ ਹੁਸ਼ਿਆਰਪੁਰ ਦੇ ਸਬੰਧਤ ਅਧਿਕਾਰੀਆਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਜੋ ਵਰਕਰ ਕਰੰਟ ਦੀ ਲਪੇਟ ਵਿੱਚ ਆਇਆ ਹੈ ਉਸ ਦਾ ਬਣਦਾ ਮੁਆਵਜਾ ਜਲਦ ਤੋਂ ਜਲਦ ਦਿੱਤਾ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕਿਸੇ ਤਰ੍ਹਾਂ ਦੀ ਟਾਲ-ਮਟੋਲ ਕੀਤੀ ਜਾਂਦੀ ਹੈ ਤਾਂ ਜੰਗਲਾਤ ਵਰਕਰ ਯੂਨੀਅਨ ਪੰਜਾਬ ਵਲੋਂ ਵੱਡੇ ਪੱਧਰ ਤੇ ਸੰਘਰਸ਼ ਕੀਤਾ ਜਾਵੇਗਾ। ਜਿਸ ਦੀ ਸਮੁੱਚੀ ਜਿੰਮੇਵਾਰੀ ਸਮੂੰਹ ਅਧਿਕਾਰੀਆਂ ਦੀ ਹੋਵੇਗੀ।

# ਮੁਲਾਜ਼ਮ ਸੰਗਠਨਾਂ ਤੇ ਸਿਆਸੀ ਧਿਰਾਂ ਨੇ ਪਹਿਲਵਾਨਾਂ ਦੇ ਹੱਕ ਮਾਰਿਆ ਹਾਅ ਦਾ ਨਾਅਰਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਦਿੱਲੀ ਵਿਖੇ ਜਿਨਸੀ ਸ਼ੋਸ਼ਣ ਖ਼ਿਲਾਫ਼ ਧਰਨਾ ਦੇ ਰਹੀਆਂ ਪਹਿਲਵਾਨਾਂ ਲੜਕੀਆਂ ਦੇ ਹੱਕ 'ਚ ਸਥਾਨਕ ਸਮਾਜਿਕ, ਮੁਲਾਜ਼ਮ ਸੰਗਠਨਾਂ ਅਤੇ ਰਾਜਨੀਤਕ ਧਿਰਾਂ ਨੇ ਹਾਅ ਦਾ ਨਾਅਰਾ ਮਾਰਿਆ ਹੈ। ਦੇਸ਼ ਭਗਤ ਪੰਡਤ ਕਿਸ਼ੋਰੀ ਲਾਲ ਯਾਦਗਾਰ ਕਮੇਟੀ ਤੋਂ ਯੁਗਰਾਜ ਸਿੰਘ, ਕੁੰਦਨ ਲਾਲ ਤੇ ਜੋਗਿੰਦਰ ਸਿੰਘ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਤੋਂ ਮਨਪ੍ਰੀਤ ਸਿੰਘ, ਨਿਸ਼ਾ ਹਯਾਤਪੁਰ ਅਤੇ ਨੀਲਮ, ਜੀਟੀਯੂ ਤੋਂ ਨਰੇਸ਼ ਮਿੱਡਾ ਤੇ ਸ਼ਸ਼ੀਕਾਂਤ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੋਂ ਮਨਮੋਹਨ ਸਿੰਘ ਤੇ ਨਿਰਮਲ ਬੱਧਣ, ਪਸਸਫ਼ ਤੋਂ ਰਾਜੀਵ ਸ਼ਰਮਾ ਅਤੇ ਵਰਿੰਦਰ ਵਿੱਕੀ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਤੋਂ ਬਲਵੰਤ ਸਿੰਘ ਨੌਰੰਗਪੁਰ ਅਤੇ ਮੁਲਖ ਰਾਜ, ਬਸਪਾ ਤੋਂ ਹਲਕਾ ਇੰਚਾਰਜ ਦਸੂਹਾ ਅਮਨਦੀਪ ਹੈਪੀ ਅਤੇ ਅਸ਼ੋਕ ਕਰਟੌਲੀ, ਸੀਨੀਅਰ ਕਾਂਗਰਸੀ ਆਗੂ ਬਿਸ਼ਨ ਦਾਸ ਸੰਧੂ, ਮੁਲਾਜ਼ਮ ਆਗੂ ਬੋਧ ਰਾਜ ਤਲਵਾੜਾ, ਬੀ ਬੀ ਐਮ ਬੀ ਮੁਲਾਜ਼ਮ ਜਥੇਬੰਦੀ ਤੋਂ ਹਰੀ ਸਿੰਘ, ਸੀ ਪੀ ਆਈ ਤੋਂ ਓਂਕਾਰ ਸਿੰਘ, ਪੰਚਾਇਤ ਯੂਨੀਅਨ ਤਲਵਾੜਾ ਦੇ ਪ੍ਰਧਾਨ ਨਵਲ ਕਿਸ਼ੋਰ ਮਹਿਤਾ, ਮਨਰੇਗਾ ਵਰਕਰਜ਼ ਯੂਨੀਅਨ ਤੋਂ ਬਲਵਿੰਦਰ ਕੌਰ, ਪਰਮਜੀਤ ਕੌਰ ਅਤੇ ਅਨੀਤਾ ਆਦਿ ਨੇ ਸੰਯੁਕਤ ਬਿਆਨ 'ਚ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਸੰਸਦ ਮੈਂਬਰ ਬ੍ਰਿਜ਼ ਭੂਸ਼ਨ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਪੈਨਸ਼ਨਰਜ਼ ਐਸੋਸਿਏਸ਼ਨ ਦੇ ਤਹਿਸੀਲ ਪ੍ਰਧਾਨ ਗਿਆਨ ਸਿੰਘ ਗੁਪਤਾ ਅਤੇ ਜ਼ਮਹੂਰੀ ਕਿਸਾਨ ਸਭਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਸਵਰਨ ਸਿੰਘ ਨੇ 'ਬੇਟੀ ਬਚਾਓ, ਬੇਟੀ ਪੜ੍ਹਾਓ ' ਦਾ ਨਾਅਰਾ ਦੇਣ ਵਾਲੀ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਿਆ ਹੈ। ਆਗੂਆਂ ਨੇ ਕੇਂਦਰ ਸਰਕਾਰ ਨੂੰ ਕਥਿਤ ਮੁਲਜ਼ਮ ਬ੍ਰਿਜ਼ ਭੂਸ਼ਨ ਨੂੰ ਤੁਰੰਤ ਬਰਖਾਸਤ ਕਰਕੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

# ਸਰਬ ਨੌਜਵਾਨ ਸਭਾ ਨੇ ਕੀਤਾ ਲੜਕੀਆਂ ਨੂੰ ਸੈਲਫ ਡਿਫੈਂਸ ਪ੍ਰਤੀ ਜਾਗਰੁਕ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸਰਬ ਨੌਜਵਾਨ ਸਭਾ (ਰਜਿ:) ਫਗਵਾੜਾ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ 'ਚ ਸਿੱਖਿਆ ਪ੍ਰਾਪਤ ਕਰ ਰਹੀਆਂ ਲੜਕੀਆਂ ਨੂੰ ਕਿਸੇ ਤਰ੍ਹਾਂ ਦਾ ਖਤਰਾ ਮਹਿਸੂਸ ਹੋਣ 'ਤੇ ਆਤਮ ਰੱਖਿਆ ਲਈ ਪ੍ਰੇਰਿਤ ਕਰਨ ਦੇ ਮਨੋਰਥ ਨਾਲ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਥਾਣਾ ਸਿਟੀ ਫਗਵਾੜਾ ਦੇ ਐਸ ਐਚ ਓ ਅਮਨਦੀਪ ਨਾਹਰ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਉਹਨਾਂ ਸੰਬੋਧਨ ਕਰਦਿਆਂ ਕਿਹਾ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਹਰ ਖੇਤਰ ਵਿੱਚ ਭਾਵੇਂ ਉਹ ਅਕਾਦਮਿਕ ਖੇਤਰ ਹੈ ਜਾਂ ਫਿਰ ਖੇਡਾਂ ਦਾ ਖੇਤਰ ਬਿਹਤਰ ਪ੍ਰਦਰਸ਼ਨ ਕਰ ਰਹੀਆਂ ਹਨ। ਮੌਜੂਦਾ ਦੌਰ 'ਚ ਮਾਪੇ ਵੀ ਲੜਕੀਆਂ ਦੇ ਪਾਲਣ-ਪੋਸ਼ਣ 'ਚ ਕੋਈ ਕਸਰ ਨਹੀਂ ਛੱਡ ਰਹੇ। ਉਹਨਾ ਕਿਹਾ ਕਿ ਭਾਰਤੀ ਸਮਾਜ ਵਿਚ ਖਾਸ ਤੌਰ 'ਤੇ ਲੜਕੀਆਂ ਨੂੰ ਸਵੈ-ਸੁਰੱਖਿਆ ਲਈ ਸੁਚੇਤ ਹੋਣਾ ਪਵੇਗਾ, ਕਿਉਂਕਿ ਸਮਾਜ ਵਿੱਚ ਉਹਨਾ ਨੂੰ ਕਈ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾ ਇਹ ਵੀ ਕਿਹਾ ਕਿ ਲੜਕੀਆਂ ਨੂੰ ਆਪਣੀ ਸੁਰੱਖਿਆ ਆਪ ਪੈਦਾ ਕਰਨ ਲਈ ਆਤਮ ਵਿਸ਼ਵਾਸ਼ ਨਾਲ ਅੱਗੇ ਵਧਣਾ ਹੋਵੇਗਾ। ਇਸ ਦੌਰਾਨ ਸੰਬੋਧਨ ਕਰਦਿਆਂ ਪ੍ਰਿੰ: ਗੁਰਮੀਤ ਸਿੰਘ ਪਲਾਹੀ ਅਤੇ ਹੁਸਨ ਲਾਲ ਜਨਰਲ ਮੈਨੇਜਰ ਜੇ ਸੀ ਟੀ ਮਿੱਲ ਫਗਵਾੜਾ ਨੇ ਲੜਕੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਪੁਲਿਸ ਕੰਟਰੋਲ ਰੂਮ ਦਾ ਨੰਬਰ ਹਮੇਸ਼ਾ ਆਪਣੇ ਮੋਬਾਇਲ ਫੋਨ ਵਿਚ ਸੇਵ ਕਰਕੇ ਰੱਖਣ ਤਾਂ ਜੋ ਉਹਨਾਂ ਨੂੰ ਕਿਸੇ ਵੀ ਮਾਹੌਲ ਵਿਚ ਕਿਸੇ ਤਰ੍ਹਾਂ ਦੀ ਅਸੁਰੱਖਿਆ ਮਹਿਸੂਸ ਹੋਵੇ ਤਾਂ ਤੁਰੰਤ ਪੁਲਿਸ ਸਹਾਇਤਾ ਦਾ ਯਤਨ ਕੀਤਾ ਜਾ ਸਕੇ। ਉਹਨਾਂ ਨੌਜਵਾਨ ਲੜਕੀਆਂ ਨੂੰ ਸੰਭਵ ਹੋਵੇ ਤਾਂ ਮਾਰਸ਼ਲ ਆਰਟ ਦੀ ਟ੍ਰੇਨਿੰਗ ਲੈਣ ਲਈ ਵੀ ਪ੍ਰੇਰਿਆ। ਪ੍ਰਧਾਨ ਸੁਖਵਿੰਦਰ ਸਿੰਘ ਨੇ ਬੋਲਦਿਆਂ ਸ਼ਹਿਰੀਆਂ ਨੂੰ ਅਪੀਲ ਕੀਤੀ ਕਿ ਉਹ ਸਭਾ ਵਲੋਂ ਲੜਕੀਆਂ ਲਈ ਉਸਾਰੇ ਜਾ ਰਹੇ ਸੇਵਾ ਸਦਨ ਲਈ ਵੱਧ ਤੋਂ ਵੱਧ ਸਹਾਇਤਾ/ਸਹਿਯੋਗ ਦੇਣ। ਸਭਾ ਵਲੋਂ ਐਸ.ਐਚ.ਓ. ਅਮਨਦੀਪ ਨਾਹਰ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਰਾਕੇਸ਼ ਕੋਛੜ, ਸਾਹਿਬਜੀਤ ਸਾਬੀ, ਮਨਦੀਪ ਬੱਸੀ, ਜਸ਼ਨ ਮਹਿਰਾ, ਰਾਜ ਕੁਮਾਰ ਰਾਜਾ, ਮੈਨੇਜਰ ਜਗਜੀਤ ਸੇਠ, ਰਵਿੰਦਰ ਸਿੰਘ ਰਾਏ, ਡਾ. ਵਿਜੈ ਕੁਮਾਰ, ਆਰ.ਪੀ. ਸ਼ਰਮਾ, ਮੈਡਮ ਪੂਜਾ ਸੈਣੀ, ਮੈਡਮ ਤਨੂ, ਮੈਡਮ ਸੁਖਜੀਤ ਕੌਰ, ਅਨੂਪ ਦੁੱਗਲ, ਪੂਜਾ, ਖੁਸ਼ਪ੍ਰੀਤ, ਯਾਸਮੀਨ, ਪੂਨਮ ਸ਼ਰਮਾ, ਆਂਚਲ, ਮਨਦੀਪ, ਮਨਪ੍ਰੀਤ ਕੌਰ, ਪੂਜਾ ਮਹਿਮੀ, ਮੋਨਿਕਾ, ਸੁਮਨ, ਰਾਣੀ, ਪ੍ਰਭਜੋਤ, ਅਮਨ, ਪ੍ਰਿਅੰਕਾ, ਗੁਰਪ੍ਰੀਤ, ਅੰਜਲੀ, ਭੁਵਨੇਸ਼, ਨੀਲਮ, ਪਰਮਜੀਤ, ਨਵਜੋਤ, ਨੀਲੂ, ਨਿਸ਼ਾ, ਅਨੀਸ਼ਾ, ਮਨੀਸ਼ਾ, ਰਾਜਵਿੰਦਰ, ਰਾਜਵੀਰ, ਜਸਪ੍ਰੀਤ, ਸਲੋਨੀ, ਰਵੀਨਾ, ਸੁਧਾ, ਨਿਧੀ, ਕਾਜਲ, ਮਾਲਾ, ਕਸ਼ਿਸ਼, ਕਾਰਤਿਕਾ, ਗੁਰਲੀਨ, ਈਸ਼ਾ ਆਦਿ ਹਾਜ਼ਰ ਸਨ।



# ਗੂੰਜ ਸੰਸਥਾ ਦੇ ਜਲੰਧਰ ਸਥਿਤ ਕੁਲੈਕਸ਼ਨ ਸੈਂਟਰ ਲਈ ਰਵਾਨਾ ਕੀਤਾ ਪੁਰਾਣੇ ਕੱਪੜਿਆਂ ਦਾ ਟੈਂਪੂ



**ਫਗਵਾੜਾ (ਡਾ ਰਮਨ )** ਸ੍ਰੀ ਕੇ.ਕੇ. ਸਰਦਾਨਾ ਦੀ ਰਹਿਨੁਮਾਈ ਹੇਠ ਚੱਲ ਰਹੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਤੋਂ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਸਤੇਮਾਲ ਕੀਤੇ ਹੋਏ ਪੁਰਾਣੇ ਪਾਉਣ ਯੋਗ ਵਸਤਰਾਂ ਦਾ ਇਕ ਹੋਰ ਟੈਂਪੂ ਗੂੰਜ ਸੰਸਥਾ ਦੇ ਜਲੰਧਰ ਸਥਿਤ ਕੁਲੈਕਸ਼ਨ ਸੈਂਟਰ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਬਲੱਡ ਬੈਂਕ ਫਗਵਾੜਾ ਪਿਛਲੇ ਕਰੀਬ 16 ਸਾਲ ਤੋਂ ਮੈਗਾਸਸੇ ਅਵਾਰਡ ਵਿਨਰ ਗੂੰਜ ਸੰਸਥਾ ਨਾਲ ਜੁੜਿਆ ਹੋਇਆ ਹੈ। ਇਹ ਸੰਸਥਾ ਇਕੱਤਰ ਕੀਤੇ ਵਸਤਰਾਂ ਨੂੰ ਦਿੱਲੀ ਦਫਤਰ ਭੇਜਦੀ ਹੈ ਜਿੱਥੇ ਜ਼ਰੂਰੀ ਮੁਰੰਮਤ ਤੋਂ ਬਾਅਦ ਧੋਣ ਉਪਰੰਤ ਪ੍ਰੈਸ ਕਰਕੇ ਇਹਨਾਂ ਕਪੜਿਆਂ ਨੂੰ ਨਵੇਕਲਾ ਰੂਪ ਦਿੱਤਾ ਜਾਂਦਾ ਹੈ ਅਤੇ ਫਿਰ ਦੇਸ਼ ਦੇ ਦੂਰ ਦੁਰਾਢੇ ਪਹਾੜੀ ਇਲਾਕਿਆਂ 'ਚ ਲੋੜਵੰਦਾਂ ਨੂੰ ਵੰਡਿਆ ਜਾਂਦਾ ਹੈ। ਜਦੋਂ ਵੀ ਭੇਜਣ ਯੋਗ ਮਾਤਰਾ 'ਚ ਗਰਮੀ ਜਾਂ ਸਰਦੀ 'ਚ ਪਾਉਣ ਯੋਗ ਕਪੜੇ ਇੱਕਤਰ ਹੋ ਜਾਂਦੇ ਹਨ ਤਾਂ ਜਲੰਧਰ ਦਫਤਰ ਭੇਜ ਦਿੱਤੇ ਜਾਂਦੇ ਹਨ। ਇਸ ਨੇਕ ਕਾਰਜ ਵਿਚ ਐਨ.ਜੀ.ਓ. ਏਕ ਕੋਸ਼ਿਸ਼, ਕੀਮਤੀ ਲਾਲ ਜੈਨ (ਚੰਦਨ), ਕੰਡਾ ਬਿਰਾਦਰੀ ਤੋਂ ਇਲਾਵਾ ਸ਼ਿਵਬਾੜੀ ਬੰਗਾ ਰੋਡ, ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਦਾ ਵਿਸ਼ੇਸ਼ ਸਹਿਯੋਗ ਪ੍ਰਾਪਤ ਹੁੰਦਾ ਹੈ। ਟੈਂਪੂ ਨੂੰ ਜਲੰਧਰ ਭੇਜਣ ਦੀ ਸੇਵਾ ਹਮੇਸ਼ਾ ਦੀ ਤਰ੍ਹਾਂ ਸ੍ਰੀ ਰਮੇਸ਼ ਦੁੱਗਲ ਵਲੋਂ ਨਿਭਾਈ ਗਈ। ਇਸ ਮੌਕੇ ਮੋਹਨ ਲਾਲ ਤਨੇਜਾ, ਅਮਰਜੀਤ ਕੌਰ, ਜੀਤਾ ਡਰਾਈਵਰ ਵਿਸ਼ਵਾ ਮਿੱਤਰ ਸ਼ਰਮਾ ਆਦਿ ਹਾਜ਼ਰ ਸਨ।

# ਦੁਕਾਨਾਂ ਤੋਂ ਬਾਹਰ ਲੱਗਿਆ ਸਮਾਨ ਪੈਦਾ ਕਰ ਰਿਹੈ ਟ੍ਰੈਫਿਕ ਦੀ ਸਮੱਸਿਆ



**ਖਰੜ (ਹਰਨਾਮ ਸਿੰਘ ਡੱਲਾ)-** ਸਥਾਨਕ ਲੋਕਾਂ ਨੂੰ ਦੁਕਾਨਦਾਰਾਂ ਵੱਲੋਂ ਦੁਕਾਨਾਂ ਤੋਂ ਬਾਹਰ ਲਗਾਏ ਸਮਾਨ ਕਰਕੇ ਬਹੁਤ ਦਿੱਕਤਾਂ ਉਠਾਉਣੀਆਂ ਪੈ ਰਹੀਆਂ ਹਨ। ਲਾਂਡਰਾਂ ਰੋਡ, ਖਰੜ ਦੇ ਮੇਨ ਬਾਜਾਰ, ਆਰੀਆਂ ਕਾਲਜ ਰੋਡ, ਅਨਾਜ ਮੰਡੀ ਅਤੇ ਬਡਾਲਾ ਰੋਡ, ਝੁੰਗੀਆਂ ਰੋਡ ਅਤੇ ਸਹਿਰ ਦੀਆਂ ਹੋਰ ਬਹੁਤ ਸਾਰੀਆਂ ਬਸਤੀਆਂ ਦੀਆਂ ਮਾਰਕੀਟਾਂ ਵਿੱਚ ਵੀ ਦੁਕਾਨਦਾਰਾਂ ਵਲੋਂ ਆਪੋ ਆਪਣੀਆਂ ਦੁਕਾਨਾਂ ਤੋਂ ਬਾਹਰ ਸਮਾਨ ਰੱਖ ਕੇ ਵੇਚਣ ਦਾ ਰੁਝਾਨ ਹੈ। ਅੱਡੇ ਦੇ ਐਨ ਨਜਦੀਕ ਹਾਰਡਵੇਅਰ, ਮੋਬਾਈਲ ਰਿਪੇਅਰ ਅਤੇ ਰੀਚਾਰਜ ਕਰਨ ਵਾਲੇ ਦੁਕਾਨਦਾਰਾਂ, ਸਬਜੀ ਅਤੇ ਰੇਡੀਮੇਡ ਸਮਾਨ ਵਾਲੀਆਂ ਰੇੜ੍ਹੀਆਂ ਵਾਲੇ ਦੁਕਾਨਦਾਰਾਂ ਵਲੋਂ ਆਪੋ ਆਪਣੇ ਸਮਾਨ ਅਤੇ ਬੋਰਡ ਲਗਾ ਕੇ ਹਾਈਵੇ ਅਥਾਰਟੀ ਵਲੋਂ ਕਵਰ ਕੀਤੀ ਵਾਟਰ ਡਰੇਨ ਦੇ ਉੱਤੇ ਸਮਾਨ ਰੱਖ ਕੇ ਲੋਕਾਂ ਦੇ ਤੁਰਨ ਫਿਰਨ ਲਈ ਵੀ ਸਮੱਸਿਆ ਖੜ੍ਹੀ ਕੀਤੀ ਜਾ ਰਹੀ ਹੈ। ਜਿਸ ਦਾ ਸਥਾਨਕ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਇਹਨਾਂ ਕਬਜ਼ਿਆਂ ਕਰਕੇ ਟਰੈਫਿਕ ਦੀ ਸਮੱਸਿਆ ਵੀ ਪੈਦਾ ਹੋ ਰਹੀ ਹੈ। ਲਾਂਡਰਾ ਰੋਡ, ਝੁੰਗੀਆਂ ਰੋਡ ਅਤੇ ਆਰੀਆ ਕਾਲਜ ਰੋਡ ਉੱਤੇ ਆਮ ਕਰਕੇ ਜਾਮ ਲੱਗਿਆ ਰਹਿੰਦਾ ਹੈ। ਮੇਨ ਬਾਜਾਰ ਖਰੜ ਦੇ ਤੰਗ ਹੋਣ ਤੋਂ ਬਾਅਦ ਵੀ ਦੁਕਾਨਦਾਰਾਂ ਵਲੋਂ ਸੜਕ ਉੱਤੇ ਸਮਾਨ ਰੱਖ ਕੇ ਵੇਚ ਰਹੇ ਹਨ। ਨਗਰ ਕੌਂਸਲ ਖਰੜ ਦੇ ਅਧਿਕਾਰੀਆਂ ਨੂੰ ਭਲੀ ਭਾਂਤ ਪਤਾ ਹੈ ਕਿ ਸਥਾਨਕ ਦੁਕਾਨਦਾਰਾਂ ਵਲੋਂ ਫੁੱਟ ਪਾਥ ਉੱਤੇ ਲਗਾਇਆ ਸਮਾਨ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ, ਪਰ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਸਥਾਨਕ ਰੈਜੀਡੈਂਟ ਵੈਲਫੇਅਰ ਐਸੋਸੀਏਸਨਾਂ ਵੀ ਨਗਰ ਕੌਂਸਲ ਖਰੜ ਦੇ ਧਿਆਨ ਵਿੱਚ ਲਿਆ ਚੁੱਕੀਆਂ ਹਨ, ਪਰ ਨਗਰ ਕੌਂਸਲ ਖਰੜ ਕੁੰਭ ਕਰਨ ਦੀ ਨੀਂਦ ਸੁੱਤੀ ਪਈ ਹੈ। ਡੈਮੋਕ੍ਰੇਟਿਕ ਰੈਜੀਡੈਂਟ ਐਸੋਸੀਏਸਨ ਦੇ ਪ੍ਰਧਾਨ ਮਲਕੀਅਤ ਸਿੰਘ ਰਾਣਾ, ਪਾਲਮ ਇਨਕਲੇਬ ਦੇ ਜਨਰਲ ਸਕੱਤਰ ਜੰਗ ਸਿੰਘ, ਮੰਡੇਰ ਨਗਰ ਦੇ ਸਕੱਤਰ ਜਨਰਲ ਗੁਰਮੀਤ ਸਿੰਘ ਸਿੰਗਲ, ਵਿਕਾਸ ਕੌਂਸਲ ਖਰੜ ਦੇ ਪ੍ਰਧਾਨ ਸੋਹਣ ਸਿੰਘ ਨੇ ਸਥਾਨਕ ਪ੍ਰਸਾਸਨ ਤੋਂ ਮੰਗ ਕੀਤੀ ਹੈ ਕਿ ਦੁਕਾਨਦਾਰਾਂ ਵਲੋਂ ਦੁਕਾਨਾਂ ਤੋਂ ਬਾਹਰ ਕੱਢ ਕੇ ਰੱਖੇ ਸਮਾਨ ਕਰਕੇ ਲੋਕਾਂ ਨੂੰ ਆਉਂਦੀਆਂ ਮੁਸਕਿਲਾਂ ਦਾ ਹੱਲ ਕੱਢਿਆ ਜਾਵੇ ਅਤੇ ਦੁਕਾਨਦਾਰਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

# ਕੇ ਕੇ ਸਰਦਾਨਾ ਬਣੇ ਪੰਜਾਬ ਰੈਸਲਿੰਗ ਐਸੋਸੀਏਸ਼ਨ ਜ਼ਿਲ੍ਹਾ ਕਪੂਰਥਲਾ ਇਕਾਈ ਦੇ ਪ੍ਰਧਾਨ

**ਫਗਵਾੜਾ (ਡਾ. ਰਮਨ)** ਪੰਜਾਬ ਰੈਸਲਿੰਗ ਐਸੋਸੀਏਸ਼ਨ ਦੀ ਇਕ ਮੀਟਿੰਗ ਕਪੂਰਥਲਾ ਵਿਖੇ ਸੂਬਾ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ (ਆਈ.ਪੀ.ਐਸ.) ਅਤੇ ਸੂਬਾ ਜਨਰਲ ਸਕੱਤਰ ਆਰ.ਐਸ. ਕੁੰਡੂ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਅਡਹਾਕ ਕਮੇਟੀ ਮੈਂਬਰ ਸਰਬਜੀਤ ਸਿੰਘ ਬਾਲਾ ਫਤਿਹਗੜ੍ਹ ਸਾਹਿਬ ਵੀ ਉਚੇਚੇ ਤੌਰ ਤੇ ਮੌਜੂਦ ਰਹੇ। ਇਸ ਮੀਟਿੰਗ ਦੌਰਾਨ ਐਸੋਸੀਏਸ਼ਨ ਦੀ ਜਿਲ੍ਹਾ ਕਪੂਰਥਲਾ ਇਕਾਈ ਦਾ ਗਠਨ ਕਰਦੇ ਹੋਏ ਫਗਵਾੜਾ ਦੇ ਪ੍ਰਸਿੱਧ ਉਦਯੋਗਪਤੀ ਸ੍ਰੀ ਕੇ.ਕੇ. ਸਰਦਾਨਾ ਨੂੰ ਸਰਬ ਸੰਮਤੀ ਨਾਲ ਜਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਜਰਨੈਲ ਸਿੰਘ ਸੋਂਧੀ ਨੂੰ ਸੀਨੀਅਰ ਜਿਲ੍ਹਾ ਮੀਤ ਪ੍ਰਧਾਨ, ਮਲਕੀਤ ਸਿੰਘ ਕਾਂਜਲੀ, ਰਵਿੰਦਰ ਸਿੰਘ ਫਗਵਾੜਾ, ਧਰਮਵੀਰ ਭਗਤਪੁਰ, ਪਰਦੀਪ ਕੁਮਾਰ ਗੋਗੀ, ਡਾ. ਦਰਸ਼ਨ ਕਟਾਰੀਆ ਤੇ ਬਲਜਿੰਦਰ ਸਿੰਘ ਸੈਫਲਾਬਾਦ ਨੂੰ ਮੀਤ ਪ੍ਰਧਾਨ ਜਦਕਿ ਪਿਆਰਾ ਸਿੰਘ ਨੂੰ ਜਨਰਲ ਸਕੱਤਰ ਐਲਾਨਿਆ ਗਿਆ। ਖਜਾਨਚੀ ਦੀ ਜਿੰਮੇਵਾਰੀ ਸਤਨਾਮ ਸਿੰਘ ਬੀਜਾ ਨੂੰ ਦਿੱਤੀ ਗਈ। ਹੋਰ ਨਿਯੁਕਤੀਆਂ ਵਿਚ ਮਨਦੀਪ ਸਿੰਘ ਸੌਂਧੀ ਪਹਿਲਵਾਨ ਨੂੰ ਜੁਆਇੰਟ ਸਕੱਤਰ ਅਤੇ ਕਾਰਜਕਾਰੀ ਮੈਂਬਰਾਂ 'ਚ ਬਲਵਿੰਦਰ ਸਿੰਘ ਭਵਾਨੀਪੁਰ, ਸੁਖਵਿੰਦਰ ਸਿੰਘ ਪਾਜੀਆਂ, ਸੁਖਜੀਤ ਸਿੰਘ ਪਾਜੀਆਂ, ਬੂਟਾ ਸਿੰਘ ਕੱਥੂ ਚਾਹਲ, ਗੱਜਣ ਸਿੰਘ ਬੀਜਾ, ਬਲਵਿੰਦਰ ਸਿੰਘ ਬਿੰਦਾ ਬਿਸ਼ਨਪੁਰ, ਸੁਖਨੰਦਨ ਸਿੰਘ, ਮੁਹੱਬਤ ਸਿੰਘ ਫਗਵਾੜਾ, ਸੁਖਵਿੰਦਰ ਸਿੰਘ ਡੋਗਰਾਂਵਾਲਾ, ਚਰਨਜੀਤ ਸਿੰਘ ਕੱਥੂ ਨੰਗਲ ਨੂੰ ਸ਼ਾਮਲ ਕੀਤਾ ਗਿਆ। ਸਮੂਹ ਅਹੁਦੇਦਾਰਾਂ ਨੇ ਆਪਣੀ ਨਿਯੁਕਤੀ ਲਈ ਪੰਜਾਬ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ ਅਤੇ ਹੋਰਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਨਵ ਨਿਯੁਕਤ ਜਿਲ੍ਹਾ ਪ੍ਰਧਾਨ ਸ੍ਰੀ ਕੇ.ਕੇ. ਸਰਦਾਨਾ ਨੇ ਕਿਹਾ ਕਿ ਜੋ ਜਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਸਨੂੰ ਤਨਦੇਹੀ ਨਾਲ ਨਿਭਾਉਣ ਦਾ ਹਰ ਯਤਨ ਕਰਦੇ ਹੋਏ ਜਿਲ੍ਹਾ ਕਪੂਰਥਲਾ 'ਚ ਰੈਸਲਿੰਗ ਨੂੰ ਪ੍ਰਫੁੱਲਤ ਕੀਤਾ ਜਾਵੇਗਾ ਅਤੇ ਪ੍ਰਤਿਭਾਸ਼ਾਲੀ ਪਹਿਲਵਾਨਾਂ ਦੀ ਕੁਸ਼ਤੀ ਦੇ ਹੁਨਰ ਨੂੰ ਨਿਖਾਰਦੇ ਹੋਏ ਅੱਗੇ ਵਧਣ ਦੇ ਵਧੀਆ ਮੌਕੇ ਦੁਆਉਣਾ ਉਹਨਾਂ ਦੀ ਪ੍ਰਾਥਮਿਕਤਾ ਰਹੇਗੀ। ਇਹ ਜਾਣਕਾਰੀ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪੀ.ਆਰ.ਓ. ਰੀਤ ਪ੍ਰੀਤ ਪਾਲ ਸਿੰਘ ਨੇ ਦਿੱਤੀ। ਉਹਨਾਂ ਦੱਸਿਆ ਕਿ ਮੀਟਿੰਗ ਵਿਚ ਕਈ ਪ੍ਰਮੁੱਖ ਸ਼ਖਸੀਅਤਾਂ ਅਤੇ ਕੁਸ਼ਤੀ ਪ੍ਰੇਮੀ ਹਾਜ਼ਰ ਸਨ।

CMYK

12-May-PAGE-9.qxd 5/11/2023 10:35 PM Page 1



# ਕਾਰ ਦੀ ਟੱਕਰ ਨਾਲ ਜ਼ਖਮੀਂ ਹੋਏ ਮੋਟਰਸਾਈਕਲ ਸਵਾਰ ਦੀ ਮੌਤ




**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਇਕ ਕਾਰ ਦੀ ਟੱਕਰ ਲੱਗਣ ਨਾਲ ਗੰਭੀਰ ਰੂਪ 'ਚ ਜਖਮੀਂ ਹੋਏ ਮੋਟਰਸਾਈਕਲ ਸਵਾਰ 18 ਸਾਲਾ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ। ਚੌਕੀ ਕਲਵਾਂ ਦੀ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਪਿੰਡ ਨਾਨਗਰਾਂ ਦੇ ਜਸਵੀਰ ਸਿੰਘ ਪੁੱਤਰ ਮਲਕੀਤ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਉਹ ਅਤੇ ਉਸਦਾ ਸਾਲਾ ਮਨਪ੍ਰੀਤ ਸਿੰਘ ਪੁੱਤਰ ਅਮਰੀਕ ਸਿੰਘ ਨਿਵਾਸੀ ਪਿੰਡ ਭਨਾਮ, ਥਾਨਾ ਨੰਗਲ ਆਪਣੇ-ਆਪਣੇ ਮੋਟਰਸਾਈਕਲ 'ਤੇ ਕਿਸੀ ਨਿਜੀ ਕੰਮ ਲਈ ਪਿੰਡ ਝੱਜ ਚੌਕ ਵਿਖੇ ਜਾ ਰਹੇ ਸਨ। ਉਸਦਾ ਸਾਲਾ ਉਸ ਤੋਂ ਅੱਗੇ ਮੋਟਰਸਾਈਕਲ 'ਤੇ ਜਾ ਰਿਹਾ ਸੀ। ਜਦੋਂ ਦੁਪਹਿਰ ਕਰੀਬ 2 ਕੁ ਵਜੇ ਉਹ ਪਿੰਡ ਕਲਵਾਂ ਤੋਂ ਥੋੜਾ ਅੱਗੇ ਮੋਰਾਂ ਵਾਲੇ ਢਾਬੇ ਲਾਗੇ ਪੁੱਜੇ ਤਾਂ ਉਸਦਾ ਸਾਲਾ ਇਕਦਮ ਇਕ ਟਰੱਕ ਨੂੰ ਓਵਰਟੇਕ ਕਰਨ ਲੱਗਾ। ਮਗਰ ਸਾਹਮਣੇ ਤੋਂ ਝੱਜ ਚੌਕ ਵੱਲੋਂ ਆ ਰਹੀ ਇਕ ਤੇਜ਼ ਰਫਤਾਰ ਆਲਟੋ ਕਾਰ ਨੰਬਰ ਪੀ.ਬੀ.-12 ਐਕਸ 0949 ਦੇ ਚਾਲਕ ਨੇ ਲਾਪਰਵਾਹੀ ਨਾਲ ਉਸਦੇ ਸਾਲੇ ਮਨਪ੍ਰੀਤ ਸਿੰਘ ਦੇ ਮੋਟਰਸਾਈਕਲ 'ਚ ਟੱਕਰ ਮਾਰ ਦਿੱਤੀ। ਹਾਦਸੇ ਦੌਰਾਨ ਉਸਦਾ ਸਾਲਾ ਮੋਟਰਸਾਈਕਲ ਤੋਂ ਉੱਛਲ ਕੇ ਕਾਰ ਦੇ ਸ਼ੀਸ਼ੇ 'ਤੇ ਡਿੱਗਿਆ ਜਿਸ 'ਤੇ ਉਸਦੇ ਗੰਭੀਰ ਸੱਟਾਂ ਲੱਗੀਆਂ। ਜਦਕਿ ਮੋਟਰਸਾਈਕਲ ਵੀ ਨੁਕਸਾਨਿਆ ਗਿਆ। ਉਸਨੇ ਆਪਣੇ ਜਖਮੀਂ ਸਾਲੇ ਨੂੰ ਸੀ.ਐੱਚ.ਸੀ. ਸਿੰਘਪੁਰ ਵਿਖੇ ਇਲਾਜ ਲਈ ਦਾਖਿਲ ਕਰਵਾਇਆ। ਮਗਰ ਹਾਲਤ ਗੰਭੀਰ ਹੋਣ ਕਾਰਨ ਉਸਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ ਗਿਆ। ਜਿੱਥੇ ਇਲਾਜ ਦੌਰਾਨ ਮਨਪ੍ਰੀਤ ਸਿੰਘ ਦੀ ਅੱਜ ਸਵੇਰੇ ਮੌਤ ਹੋ ਗਈ। ਚੌਕੀ ਕਲਵਾਂ ਦੇ ਇੰਚਾਰਜ ਹਰਮੇਸ਼ ਕੁਮਾਰ ਨੇ ਦੱਸਿਆ ਕਿ ਆਲਟੋ ਕਾਰ ਦੇ ਨਾਮਲੂਮ ਚਾਲਕ ਖਿਲਾਫਾ ਧਾਰਾ ਮਾਮਲਾ ਦਰਜ ਕਰਕੇ ਕਾਰਵਾਈ ਆਰੰਭ ਦਿੱਤੀ ਹੈ।

# ਜੰਡੋਲੀ ਵਿਖੇ 9ਵਾਂ ਸੰਤ ਸੰਮੇਲਨ 29 ਨੂੰ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਅਮਰ ਸ਼ਹੀਦ ਸੰਤ ਰਾਮਾਨੰਦ ਦੇ ਸ਼ਹੀਦੀ ਦਿਵਸ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਜੋਤੀ ਜੋਤ ਸਮਾਏ ਦਿਵਸ ਨੂੰ ਸਮਰਪਿਤ 9ਵਾਂ ਮਹਾਨ ਸੰਤ ਸੰਮੇਲਨ 29 ਮਈ ਦਿਨ ਸੋਮਵਾਰ ਨੂੰ ਪਿੰਡ ਜੰਡੋਲੀ ਵਿਖੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ, ਗਰਾਮ ਪੰਚਾਇਤ ਅਤੇ ਸਮੂੰਹ ਸਾਧ ਸੰਗਤ ਪਿੰਡ ਜੰਡੋਲੀ ਵੱਲੋਂ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਮਾਗਮ ਦੇ ਪ੍ਰਬੰਧਕਾਂ ਅਤੇ ਡਾਕਟਰ ਕੁਲਵਿੰਦਰ ਸਿੰਘ ਜੰਡੋਲੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਡੇਰਾ ਸਤਿਗੁਰੂ ਸੁਆਮੀ ਸਰਵਣ ਦਾਸ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸੀਨ 108 ਸੰਤ ਸਤਿਗੁਰੂ ਨਿਰੰਜਨ ਦਾਸ ਮਹਾਰਾਜ ਦੀ ਸਰਪਰਸਤੀ, ਸ੍ਰੀ ਗੁਰੂ ਰਵਿਦਾਸ, ਭਗਵਾਨ ਵਾਲਮੀਕ ਸਭਾਵਾਂ, ਡਾਕਟਰ ਬੀ. ਆਰ. ਅੰਬੇਡਕਰ ਸਭਾਵਾਂ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਹੋ ਰਹੇ ਇਸ ਸਮਾਗਮ ਵਿੱਚ ਪਹੁੰਚ ਰਹੇ ਸੰਤ ਮਹਾਪੁਰਸ਼ ਅਤੇ ਕੀਰਤਨੀ ਜਥੇ ਸੰਗਤਾਂ ਨੂੰ ਅੰਮ੍ਰਿਤ ਬਾਣੀ ਨਾਲ ਜੋੜਨਗੇ। ਇਸ ਮੌਕੇ 108 ਸੰਤ ਨਿਰੰਜਣ ਦਾਸ ਮਹਾਰਾਜ, ਸੰਤ ਲੇਖ ਰਾਜ ਨੂਰਪੁਰ, ਸੰਤ ਸਤਨਾਮ ਦਾਸ ਮਹਿਦੂਦ, ਸੰਤ ਮੇਜਰ ਦਾਸ ਹੱਲੂਵਾਲ, ਸੰਤ ਸਤਨਾਮ ਦਾਸ ਬਿਛੋਹੀ, ਸੰਤ ਪਵਨ ਕੁਮਾਰ ਤਾਜੇਵਾਲ, ਸੰਤ ਸ਼ੀਤਲ ਦਾਸ ਕਾਲੇਵਾਲ ਭਗਤਾਂ, ਸੰਤ ਰਮੇਸ਼ ਦਾਸ ਸੇਰਪੁਰ, ਸੰਤ ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ ਦੁਆਬਾ, ਭਗਤ ਹਰਬੰਸ ਸਿੰਘ ਜੰਡੋਲੀ, ਸਾਈਂ ਪਿੱਪਲ ਸ਼ਾਹ ਭਰੋਮਜਾਰਾ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ ਅਤੇ ਧਾਰਮਕ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਸੱਚ ਦੇ ਮਾਰਗ ਨਾਲ ਜੋੜਨਗੇ। ਉਨ੍ਹਾਂ ਕਿਹਾ ਕਿ ਇਸ ਮੌਕੇ ਸਮੁੱਚੀ ਪ੍ਰਬੰਧਕ ਕਮੇਟੀ ਸਤਿਗੁਰੂ ਰਵਿਦਾਸ ਮਹਾਰਾਜ, ਭਗਵਾਨ ਬਾਲਮੀਕਿ ਮਹਾਰਾਜ, ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ. ਰਾਓ. ਅੰਬੇਡਕ, ਬ੍ਰਹਮਲੀਨ ਸੰਤ ਹਰੀ ਦਾਸ, ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ, ਬ੍ਰਹਮਲੀਨ ਮਸੰਤ ਗਰੀਬ ਦਾਸ ਮਹਾਰਾਜ ਅਤੇ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਨੂੰ ਕੋਟਿਨ-ਕੋਟ ਪ੍ਰਣਾਮ ਕਰਦੀ ਹੈ।

# ਸਾਇੰਸ ਪ੍ਰਦਰਸ਼ਨੀ ਲਗਾਈ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**-ਸਰਕਾਰੀ ਹਾਈ ਸਕੂਲ ਕੰਧਾਲਾਂ ਜੱਟਾਂ ਵਿਖੇ ਪ੍ਰਿੰਸੀਪਲ ਜਤਿੰਦਰ ਪਾਲ ਸਿੰਘ ਦੀ ਅਗਵਾਈ ਵਿਚ ਸਾਇੰਸ ਅਧਿਆਪਕ ਭਰਤ ਤਲਵਾੜ ਨੇ ਵਿੱਦਿਆਰਥੀਆਂ ਨੂੰ ਸਾਇੰਸ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਦੇ ਕਲਾਤਮਕ ਗੁਣਾਂ 'ਚ ਹੋਰ ਵਾਧਾ ਕਰਨ ਲਈ ਸਕੂਲ ਦੇ ਐਜੂਕੇਸਨਲ ਪਾਰਕ ਵਿੱਚ ਸਾਇੰਸ ਪ੍ਰਦਰਸ਼ਨੀ ਲਗਾਈ ਗਈ ਅਤੇ ਵਿੱਦਿਆਰਥੀਆਂ ਨੂੰ ਸਾਇੰਸ ਸਿਟੀ ਵਿਖਾਉਣ ਲਈ ਜਲੰਧਰ ਟੂਰ ਕਰਵਾਇਆ ਗਿਆ ਤਾਂ ਜੋ ਸਾਇੰਸ ਪ੍ਰਤੀ ਬੱਚਿਆਂ ਦੀ ਰੁਚੀ ਵਿਚ ਹੋਰ ਵਾਧਾ ਹੋ ਸਕੇ।

ਇਸ ਮੌਕੇ ਪ੍ਰਿੰਸੀਪਲ ਜਤਿੰਦਰ ਪਾਲ ਸਿੰਘ ਨੇ ਕਿਹਾ ਕਿ ਅੱਜ ਦੇ ਵਿਗਿਆਨਿਕ ਯੁੱਗ ਵਿੱਚ ਉਹ ਵਿਦਿਆਰਥੀ ਹੀ ਸਫਲ ਹੋ ਸਕਦਾ ਹੈ ਜਿਹੜਾ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ-ਨਾਲ ਕਲਾਤਮਕ ਰੁਚੀ ਨੂੰ ਵੀ ਉਭਾਰਨ ਦਾ ਹਰ ਸੰਭਵ ਯਤਨ ਕਰਦਾ ਹੈ। ਸਾਇੰਸ ਅਧਿਆਪਕ ਭਰਤ ਤਲਵਾੜ ਨੇ ਕਿਹਾ ਕਿ ਸਾਇੰਸ ਦੀ ਪ੍ਰਦਰਸ਼ਨੀ ਦਾ ਅਸਲ ਮਕਸਦ ਵਿਦਿਆਰਥੀਆਂ ਨੂੰ ਸਾਇੰਸ ਪ੍ਰਤੀ ਪੂਰੀ ਜਾਣਕਾਰੀ ਹਾਸਲ ਕਰਵਾਉਣਾ ਹੈ ਤਾਂ ਜੋ ਉਹ ਆਪਣਾ ਭਵਿੱਖ ਉੱਜਵਲ ਬਣਾ ਸਕਣ। ਸਕੂਲ ਦੇ ਐਜੂਕੇਸਨਲ ਪਾਰਕ ਵਿਚ ਲਗਾਈ ਗਈ ਸਾਇੰਸ ਪ੍ਰਦਰਸ਼ਨੀ ਵਿਚ ਵਿਦਿਆਰਥੀਆਂ ਨੇ ਹਿੱਸਾ ਲੈ ਕੇ ਅਤੇ ਜਲੰਧਰ ਸਾਇੰਸ ਸਿਟੀ ਵੇਖਦੇ ਹੋਏ ਵਿਦਿਆਰਥੀਆਂ ਨੇ ਖੂਬ ਮਨੋਰੰਜਨ ਕੀਤਾ ਤੇ ਅਧਿਆਪਕ ਭਾਰਤ ਤਲਵਾੜ ਨੂੰ ਭਰੋਸਾ ਦਿੱਤਾ ਕਿ ਉਹ ਸਾਇੰਸ ਦੀ ਪੜ੍ਹਾਈ ਪੂਰੀ ਲਗਨ ਅਤੇ ਮਿਹਨਤ ਨਾਲ ਕਰਨਗੇ। ਇਸ ਮੌਕੇ ਅਧਿਆਪਕ ਹਰਦੀਪ ਸਿੰਘ, ਨਿਰਮਲ ਕੁਮਾਰ, ਸ੍ਰੀਮਤੀ ਗੀਨਾ ਸ਼ਰਮਾ, ਗੁਰਪ੍ਰੀਤ ਕੌਰ, ਗੁਰਬਖਸ ਕੌਰ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

## ਜਵਾਹਰ ਨਵੋਦਿਆ ਵਿਦਿਆਲਿਆ 'ਚ 11ਵੀਂ ਦੇ ਦਾਖਲੇ ਲਈ ਆਨਲਾਈਨ ਰਜਿਸਟਰੇਸ਼ਨ 31 ਤੱਕ

**ਹੁਸ਼ਿਆਰਪੁਰ, (ਓ ਪੀ ਰਾਣਾ )**-ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਸ ਵਿਦਿਅਕ ਸਾਲ 2023-24 ਲਈ 11ਵੀਂ ਕਲਾਸ ਸਾਇੰਸ ਅਤੇ ਕਾਮਰਸ ਗਰੁੱਪ ਵਿਚ ਦਾਖਲਾ ਲੈਣ ਲਈ ਆਨਲਾਈਨ ਫਾਰਮ ਭਰਨ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਿਦਿਆਰਥੀਆਂ ਦੀ ਉਮਰ 1 ਜੂਨ 2006 ਤੋਂ 31 ਜੁਲਾਈ 2008 ਦੇ ਵਿਚਕਾਰ ਹੋਵੇ ਅਤੇ ਜਿਨ੍ਹਾਂ ਨੇ ਦਸਵੀਂ ਕਲਾਸ ਸੈਸ਼ਨ 2022-23 ਵਿਚ ਹੁਸ਼ਿਆਰਪੁਰ ਜਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਤੋਂ ਪਾਸ ਕੀਤੀ ਹੋਵੇ, ਦਾਖਲੇ ਲਈ ਮੁਫਤ ਆਨਲਾਈਨ ਫਾਰਮ ਵੈਬਸਾਈਟ 'ਤੇ ਜਾ ਕੇ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸੈਸ਼ਨ ਤੋਂ ਪਹਿਲਾਂ ਦਸਵੀਂ ਪਾਸ ਕਰਨ ਵਾਲੇ ਵਿਦਿਆਰਥੀ ਫਾਰਮ ਨਹੀਂ ਭਰ ਸਕਦੇ। ਉਨ੍ਹਾਂ ਦੱਸਿਆ ਕਿ ਫਾਰਮ ਭਰਨ ਦੀ ਆਖਰੀ ਮਿਤੀ 31 ਮਈ 2023 ਹੈ ਅਤੇ ਦਾਖਲੇ ਸਬੰਧੀ ਟੈਸਟ 22 ਜੁਲਾਈ 2023 ਦਿਨ ਸ਼ਨੀਵਾਰ ਨੂੰ ਹੋਵੇਗਾ।

## ਜ਼ਿਲ੍ਹਾ ਤੇ ਸਬ-ਡਵੀਜ਼ਨ ਪੱਧਰ 'ਤੇ ਨੈਸ਼ਨਲ ਲੋਕ ਅਦਾਲਤ ਭਲਕੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ-ਕਮ-ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਦੀ ਅਗਵਾਈ ਹੇਠ 13 ਮਈ ਨੂੰ ਜ਼ਿਲ੍ਹਾ ਪੱਧਰੀ ਅਤੇ ਸਬ-ਡਵੀਜ਼ਨ ਪੱਧਰ 'ਤੇ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ-ਕਮ-ਸੀ ਜੇ ਐਮ ਅਪਰਾਜਿਤਾ ਜੋਸ਼ੀ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਸਿਵਲ ਮਾਮਲੇ, ਕਿਰਾਏ ਦੇ ਮਾਮਲੇ, ਐਮ ਏ ਸੀ ਟੀ, ਕ੍ਰਿਮੀਨਲ ਕੰਪਾਊਂਡੇਬਲ ਮਾਮਲੇ, ਮਾਲ ਮਾਮਲੇ, 138 ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, ਪਰਿਵਾਰਕ ਮਾਮਲੇ, ਲੇਬਰ ਮਾਮਲੇ, ਬੈਂਕ ਮਾਮਲੇ, ਟੈਲੀਕਾਮ ਕੰਪਨੀਆਂ ਅਤੇ ਹੋਰ ਮਾਮਲਿਆਂ ਦਾ ਨਿਪਟਾਰਾ ਕਰਵਾਉਣ ਸਬੰਧੀ ਕੇਸ ਰੱਖੇ ਜਾਣਗੇ ਅਤੇ ਇਸ ਲੋਕ ਅਦਾਲਤ ਵਿੱਚ ਬਕਾਇਆ ਅਤੇ ਪ੍ਰੀ-ਲਿਟੀਗੇਟਿਵ ਦੋਵੇਂ ਹੀ ਨਿਪਰਆਰੇ ਲਈ ਰੱਖੇ ਜਾ ਸਕਦੇ ਹਨ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਅਪੀਲ ਕੀਤੀ ਕਿ ਵੱਧ ਤੋਂ ਵੱਧ ਕੇਸ ਲੋਕ ਅਦਾਲਤ ਵਿੱਚ ਲਗਾਏ ਜਾਣ। ਇਸ ਨਾਲ ਸਮੇਂ ਅਤੇ ਪੈਸੇ ਦੋਵਾਂ ਦੀ ਬਚਤ ਹੁੰਦੀ ਹੈ। ਉਹਨਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਨੂੰ ਦਿਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੁੰਦੀ ਹੈ ਅਤੇ ਲੋਕ ਇਹਨਾਂ ਲੋਕ ਅਦਾਲਤਾਂ ਰਾਹੀਂ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾ ਕੇ ਲਾਭ ਪ੍ਰਾਪਤ ਕਰ ਸਕਦੇ ਹਨ।

## 60 ਨੌਜਵਾਨਾਂ ਨੇ ਕੀਤਾ ਖ਼ੂਨਦਾਨ

**ਮੋਹਾਲੀ (ਗੁਰਜੀਤ ਬਿੱਲਾ)** ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ, ਆਈ ਏ ਐਸ ਦੀ ਸਚੁੱਜੀ ਅਗਵਾਈ ਹੇਠ ਜਿਲ੍ਹਾ ਰੈਡ ਕਰਾਸ ਸ਼ਾਖਾ, ਐਸ ਏ ਐਸ ਨਗਰ ਵੱਲੋਂ ਵਿਸ਼ਵਾਸ ਫਾਊਡੇਸ਼ਨ, ਪੰਚਕੂਲਾ ਅਤੇ ਸਾਂਝ ਮੋਹਾਲੀ ਪੁਲਿਸ ਦਫਤਰ ਦੇ ਸਹਿਯੋਗ ਨਾਲ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ 76, ਐਸ ਏ ਐਸ ਨਗਰ ਵਿਖੇ ਬਲੱਡ ਡੋਨੇਸ਼ਨ ਕੈਂਪ ਲਗਾਇਆ ਗਿਆ। ਬਲੱਡ ਬੈਂਕ ਸਿਵਲ ਹਸਪਤਾਲ ਫੇਜ6 ਮੋਹਾਲੀ ਦੀ ਟੀਮ ਵੱਲੋਂ ਸਵੇਰੇ 10:00 ਵਜੇ ਤੋਂ 2:00 ਵਜੇ ਤਕ ਖੂਨਦਾਨ ਇੱਕਤਰ ਕੀਤਾ ਗਿਆ। ਇਸ ਮੌਕੇ 60 ਖੂਨਦਾਨੀਆਂ ਵਲੋਂ ਆਪਣੀ ਇੱਛਾ ਨਾਲ ਦੂਜਿਆਂ ਦੀ ਜਾਨ ਬਚਾਉਣ ਲਈ ਖੂਨਦਾਨ ਕੀਤਾ। ਇਸ ਕੈਂਪ ਵਿੱਚ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਵਨੀਤ ਕੌਰ, ਪੀ.ਸੀ.ਐਸ, ਐਸ.ਪੀ. ਹੈਡਕੁਆਟਰ/ਡੀ.ਸੀ.ਪੀ.ਓ. ਸ੍ਰੀ ਅਜਿੰਦਰ ਸਿੰਘ (ਪੀ.ਪੀ.ਐਸ.), ਸੀ.ਐਮ.ਓ. ਫਿਲਡ ਅਫਸਰ ਇੰਦਰ ਪਾਲ, ਪੀ.ਸੀ.ਐਸ ਅਤੇ ਵਿਸ਼ਵਾਸ ਫਾਊਂਡੇਸ਼ਨ ਦੀ ਟੀਮ ਵੱਲੋਂ ਸਮੂਲੀਅਤ ਕੀਤੀ ਗਈ। ਵਿਸ਼ਵਾਸ ਫਾਊਡੇਸ਼ਨ ਦੀ ਪ੍ਰਧਾਨ ਸਾਧਵੀਂ ਨੀਲੀਮਾ ਵਿਸ਼ਵਾਸ ਅਤੇ ਕਮਲੇਸ਼ ਕੁਮਾਰ ਕੌਸ਼ਲ ਨੇ ਕਿਹਾ ਕਿ ਕੈਂਪ ਵਿੱਚ ਆਮ ਪਬਲਿਕ ਦੇ ਨਾਲਨਾਲ ਮੋਹਾਲੀ ਪੁਲਸ ਦਫਤਰਾਂ ਵਿੱਚ ਕੰਮ ਕਰ ਰਹੇ ਮੁਲਾਜਮਾਂ ਵਲੋਂ ਵੀ ਖੂਨਦਾਨ ਕੀਤਾ ਗਿਆ। ਇਸ ਮੌਕੇ ਤੇ ਵਿਸ਼ਵਾਸ ਫਾਊਡੇਸ਼ਨ ਵੱਲੋਂ ਰਿਸ਼ੀ ਮੋਹਿਤ ਵਿਸ਼ਵਾਸ, ਸੰਤੋਸ਼ ਪਠਾਨਿਆ, ਪੁਸ਼ਪਾ ਰਾਮਪਾਲ, ਅਨਿਰੁੱਧ ਪਠਾਨਿਆ, ਵਿਕਾਸ ਕੁਨੂਰ ਅਤੇ ਹੋਰ ਮੈਂਬਰ ਵੀ ਹਜ਼ਾਰ ਸਨ।

## ਅੱਠਵੀਂ ਦਾ ਨਤੀਜਾ ਰਿਹਾ ਸ਼ਾਨਦਾਰ

**ਸ੍ਰੀ ਚਮਕੌਰ ਸਾਹਿਬ ( ਕੁਲਵਿੰਦਰ ਕਾਲਾ)**- ਸਰਕਾਰੀ ਮਿਡਲ ਸਕੂਲ ਓਇੰਦ ਦੀ ਅੱਠਵੀਂ ਜਮਾਤ ਸੈਸ਼ਨ 2022-23 ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸੰਬੰਧੀ ਜਾਣਕਾਰੀ ਦਿੰਦਿਆ ਸਕੂਲ ਇੰਚਾਰਜ ਸੀਮਾ ਰਾਣੀ ਨੇ ਦੱਸਿਆ ਕਿ ਸਕੂਲ ਦਾ ਨਤੀਜਾ ਸਤ ਪ੍ਰਤੀਸ਼ਤ ਰਿਹਾ। ਪੰਚਾਇਤ ਵਲੋਂ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੰ ਸਨਮਾਨਿਤ ਕੀਤਾ ਗਿਆ। ਉਨਾਂ ਦੱਸਿਆ ਕਿ ਵਿਦਿਆਰਥਣ ਭਵਨਦੀਪ ਕੌਰ ਨੇ 600 ਵਿਚੋਂ 581 ਅੰਕ ਪ੍ਰਾਪਤ ਕਰਕੇ ਬਲਾਕ ਪੱਧਰ 'ਤੇ ਪਹਿਲੀ ਪੁਜੀਸ਼ਨ ਹਾਸਲ ਕੀਤੀ, ਸਕੂਲ ਪੱਧਰ ਤੇ ਨਵਨੀਤ ਕੌਰ ਨੇ 572 ਅੰਕ ਪ੍ਰਾਪਤ ਕਰਕੇ ਦੂਜਾ, ਨਵਦੀਪ ਕੌਰ ਅਤੇ ਜ਼ੋਰਾਵਰ ਸਿੰਘ ਨੇ 562 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਰਪੰਚ ਪ੍ਰਿਤਪਾਲ ਸਿੰਘ, ਸੁਰਮੁੱਖ ਸਿੰਘ ਬਾਬਾ, ਪੰਚ ਹਰਪ੍ਰੀਤ ਕੌਰ ਅਤੇ ਜਗਤਾਰ ਸਿੰਘ ਵੱਲੋਂ ਸਕੂਲ ਨੂੰ ਨਕਦ ਰਾਸ਼ੀ ਦੇ ਕੇ ਵਿਦਿਆਰਥੀਆਂ ਦਾ ਸਨਮਾਨ ਅਤੇ ਹੌਸਲਾ ਅਫਜਾਈ ਕੀਤੀ ਗਈ ਜਿਸ ਲਈ ਸਕੂਲ ਸਟਾਫ ਨੇ ਧੰਨਵਾਦ ਕੀਤਾ।। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਸਮੇਤ ਨਗਰ ਨਿਵਾਸੀ ਸੁਰਮੁੱਖ ਸਿੰਘ ਬਾਬਾ, ਪੰਚ ਹਰਪ੍ਰੀਤ ਕੌਰ, ਮੇਜਰ ਸਿੰਘ, ਮੇਜਰ ਸਿੰਘ ਸ਼ਹਿਰੀ ਅਤੇ ਜਗਤਾਰ ਸਿੰਘ ਆਦਿ ਹਾਜ਼ਰ ਸਨ।

## ਮੁਫਤ ਕਾਨੂੰਨੀ ਸੇਵਾਵਾਂ ਬਾਰੇ ਜਾਗਰੂਕਤਾ ਲਈ ਹੋਰ ਯਤਨ ਕਰਨ ਦਾ ਸੱਦਾ

**ਕਪੂਰਥਲਾ, ( ਰਵਿੰਦਰ ਸਿੰਘ)** ਜਿਲ੍ਹਾ ਅਤੇ ਸੈਸਨ ਜੱਜ ਅਮਰਿੰਦਰ ਸਿੰਘ ਗਰੇਵਾਲ ਦੇ ਨਿਰਦੇਸ਼ਾਂ ਤੇ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਮੀਟਿੰਗ ਦੌਰਾਨ ਲੋੜਵੰਦਾਂ ਲਈ ਉਪਲੱਬਧ ਮੁਫਤ ਕਾਨੂੰਨੀ ਸੇਵਾਵਾਂ ਬਾਰੇ ਵਧੇਰੇ ਜਾਗਰੂਕਤਾ ਲਈ ਹੋਰ ਯਤਨ ਕਰਨ ਦਾ ਫੈਸਲਾ ਕੀਤਾ ਗਿਆ। ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪਿਛਲੇ 3 ਮਹੀਨੇ ਦੌਰਾਨ 209 ਬਿਨੈਕਾਰਾਂ ਨੂੰ ਮੁਫਤ ਕਾਨੂੰਨੀ ਸੇਵਾਵਾਂ ਦੀ ਸਹੂਲਤ ਦਿੱਤੀ ਗਈ ਹੈ। ਮੀਟਿੰਗ ਦੀ ਪ੍ਰਧਾਨਗੀ ਵਧੀਕ ਜਿਲ੍ਹਾ ਸੈਸਨ ਜੱਜ ਅਜਾਇਬ ਸਿੰਘ ਨੇ ਕੀਤੀ। ਮੀਟਿੰਗ ਵਿੱਚ ਸੀ ਜੇ ਐਮ ਜਸਬੀਰ ਸਿੰਘ, ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਕੱਤਰ ਅਮਨਦੀਪ ਕੌਰ, ਜਿਲਾ ਅਟਾਰਨੀ ਚੇਤਨਾ ਗਿੱਲ, ਜੇਲ੍ਹ ਸੁਪਰਡੈਂਟ ਇਕਬਾਲ ਸਿੰਘ, ਜਿਲ੍ਹਾ ਲੋਕ ਸੰਪਰਕ ਅਫਸਰ ਸੁਬੇਗ ਸਿੰਘ, ਡੀ ਐਸ ਪੀ ਬਰਤਰ ਸਿੰਘ ਤੇ ਹੋਰ ਮੈਂਬਰਾਂ ਨੇ ਭਾਗ ਲਿਆ। ਇਸ ਤੋਂ ਇਲਾਵਾ 13 ਮਈ ਨੂੰ ਲੱਗਣ ਵਾਲੀਆਂ ਕੌਮੀ ਲੋਕ ਅਦਾਲਤਾਂ ਦੌਰਾਨ ਵੱਧ ਤੋਂ ਵੱਧ ਕੇਸਾਂ ਦੇ ਨਿਪਟਾਰੇ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

## ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਹੁਸ਼ਿਆਰਪੁਰ ਦੀ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਹੁਸ਼ਿਆਰਪੁਰ ਦੀ ਤਹਿਸੀਲ ਮੀਟਿੰਗ ਸਾਥੀ ਸੰਤੋਖ ਸਿੰਘ ਭੀਲੋਵਾਲ ਦੀ ਪ੍ਰਧਾਨਗੀ ਹੇਠ ਪਿੰਡ ਅਹਿਰਾਣਾ ਕਲਾਂ ਕੀਤੀ ਗਈ। ਸਭ ਤੋਂ ਪਹਿਲਾਂ ਸਾਥੀ ਸੁਨੀਤ ਚੋਪੜਾ, ਮਦਨ ਘੋਸ਼, ਚਰਨਜੀਤ ਸਿੰਘ ਚਠਿਆਲ ਦੀ ਬੇਵਕਤ ਮੌਤ ਤੇ ਦੋ ਮਿੰਟ ਮੋਨ ਰੱਖਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੀਟਿੰਗ ਨੂੰ ਦਰਸ਼ਨ ਸਿੰਘ ਮੱਟੂ ਜਿਲਾ ਜਨਰਲ ਸਕੱਤਰ, ਸ਼ੇਰ ਜੰਗ ਬਹਾਦਰ ਸਿੰਘ ਜਿਲ੍ਹਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ, ਕਮਲਜੀਤ ਸਿੰਘ ਰਾਜਪੁਰ ਭਾਈਆਂ ਨੇ ਸੰਬੋਧਨ ਕੀਤਾ। ਸਾਥੀ ਮੱਟੂ ਨੇ ਕੁਲ ਹਿੰਦ ਕਿਸਾਨ ਸਭਾ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਦੱਸਦਿਆਂ ਕਿਹਾ ਕਿ ਜਥੇਬੰਦੀ ਨੂੰ ਮਜਬੂਤ ਕਰਨ ਲਈ ਮੈਂਬਰਸ਼ਿਪ ਕਰਕੇ ਯੂਨਿਟ ਬਣਾਕੇ ਸ਼ੰਘਰਸ਼ ਕਰਨ ਦਾ ਸੱਦਾ ਦਿੱਤਾ। ਲੋਕਲ ਸੰਘਰਸ਼ਾਂ ਵਲ ਵੀ ਪਹਿਲਕਦਮੀ ਲੈਣ ਦੀ ਲੋੜ ਹੈ। ਬੇਮੌਸਮੀ ਬਾਰਸ਼ਾਂ ਨਾਲ ਹੋਏ ਨੁਕਸਾਨ ਦੀ ਤੁਰੰਤ ਭਰਪਾਈ ਕਰਨ ਦੀ ਮੰਗ ਕੀਤੀ। ਇਸ ਮੌਕੇ ਸ਼ੇਰ ਜੰਗ ਬਹਾਦਰ ਸਿੰਘ, ਕਮਲਜੀਤ ਸਿੰਘ ਰਾਜਪੁਰ ਭਾਈਆਂ ਨੇ ਸਾਰੇ ਸਾਥੀਆਂ ਨੂੰ ਟੀਮ ਵਰਕ ਕਰਨ ਦੀ ਅਪੀਲ ਕੀਤੀ। ਇਸ ਮੌਕੇ ਮਹਿੰਦਰ ਭੀਲੋਵਾਲ ਨੇ ਜੰਤਰ ਮੰਤਰ 'ਤੇ ਬੈਠੀਆਂ ਭਾਰਤ ਦੀਆਂ ਧੀਆਂ ਦੇ ਘੋਲ ਦੀ ਪੂਰਨ ਹਮਾਇਤ ਕਰਦਿਆਂ ਬ੍ਰਿਜ ਭੂਸ਼ਨ ਸ਼ਰਨ ਸਿੰਘ ਐਮ ਪੀ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਮੋਦੀ ਸਰਕਾਰ ਦੀ ਬਲਾਤਕਾਰੀ ਬੀ ਜੀ ਪੀ ਐਮ ਪੀ ਨੂੰ ਬਚਾਉਣ ਦੀ ਸਖਤ ਨਿਖੇਧੀ ਕੀਤੀ। ਇਸ ਮੌਕੇ ਇੰਦਰ ਪਾਲ ਸਿੰਘ ਤਹਿਸੀਲ ਜਰਨਲ ਸਕੱਤਰ ਕੁਲ ਹਿੰਦ ਕਿਸਾਨ ਸਭਾ, ਪਰਸ਼ਨ ਸਿੰਘ,ਅਜੀਤ ਸਿੰਘ, ਬਲਰਾਜ ਸਿੰਘ ,ਗੁਰਨਾਮ ਸਿੰਘ, ਧਰਮ ਪਾਲ, ਭੁਪਿੰਦਰ ਸਿੰਘ ਤਨੁੱਲੀ, ਹਜ਼ੂਰਾ ਸਿੰਘ ਅਹਿਰਾਣਾ ਕਲਾਂ, ਨਿਰਵੈਰ ਸਿੰਘ, ਰਾਜਿੰਦਰ ਸਿੰਘ ਮਨਰਾਈਆਂ ਕਲਾਂ, ਮੀਟਿੰਗ ਵਿੱਚ ਹਾਜ਼ਰ ਸੀ।

## 40 ਦਿਨਾਂ 'ਚ 49 ਟਰਾਂਸਫਾਰਮਰ ਚੋਰੀ

**ਮਹਿਤਪੁਰ (ਰਾਜਾ)** ਇਲਾਕੇ ਵਿੱਚ ਟਰਾਂਸਫਾਰਮਰ ਚੋਰ ਬੇਖੌਫ ਹੋ ਕੇ ਚੋਰੀ ਕਰ ਰਹੇ ਹਨ। ਚੋਰ ਕਿਸਾਨਾਂ ਦੀਆਂ ਮੋਟਰਾਂ 'ਤੇ ਲੱਗੇ ਟਰਾਂਸਫਾਰਮਰ ਵਿੱਚੋਂ ਤੇਲ ਅਤੇ ਹੋਰ ਮਹਿੰਗਾ ਸਮਾਨ ਚੋਰੀ ਕਰਕੇ ਵੇਚ ਦਿੰਦੇ ਹਨ। ਜਿਸ ਕਾਰਨ ਬਿਜਲੀ ਮਹਿਕਮੇ ਨੂੰ ਹਰ ਰੋਜ ਲੱਖਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ ਅਤੇ ਦੂਜੇ ਪਾਸੇ ਕਿਸਾਨਾਂ ਦੀਆਂ ਫਸਲਾਂ ਸੁੱਕ ਰਹੀਆਂ ਹਨ। ਚੋਰੀ ਹੋਣ ਤੋਂ ਬਾਅਦ ਕਾਗਜੀ ਕਾਰਵਾਈ ਕਰਦਿਆਂ ਲਗਭਗ ਹਫਤੇ ਦਾ ਸਮਾਂ ਲੱਗ ਜਾਂਦਾ ਹੈ। ਐਸ ਡੀ ਓ ਮਹਿਤਪੁਰ ਮੁਤਾਬਿਕ ਅਪ੍ਰੈਲ ਮਹੀਨੇ ਵਿੱਚ 33 ਅਤੇ 10 ਮਈ ਤੱਕ 16 ਟਰਾਂਸਫਾਰਮਰ ਚੋਰੀ ਹੋ ਚੁੱਕੇ ਹਨ ਅਤੇ ਹਰ ਟਰਾਂਸਫਾਰਮਰ ਦੀ ਲਗਭਗ ਕੀਮਤ ਪੰਜਾਹ ਹਜਾਰ ਰੁਪਏ ਹੈ। ਇਸ ਸਾਰੀ ਸਮੱਸਿਆ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਆਬਾ ਕਿਸਾਨ ਯੂਨੀਅਨ ਦੇ ਪ੍ਰਧਾਨ ਕਸ਼ਮੀਰ ਸਿੰਘ ਪੰਨੂ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਇਨ੍ਹਾਂ ਚੋਰਾਂ 'ਤੇ ਸਖਤੀ ਨਾਲ ਕਾਰਵਾਈ ਕਰਕੇ ਸਲਾਖਾਂ ਪਿੱਛੇ ਡੱਕੇ। ਉਨ੍ਹਾਂ ਨੇ ਪਾਵਰਕਾਮ ਅਧਿਕਾਰੀਆਂ ਨੂੰ ਚੋਰੀ ਹੋਏ ਟਰਾਂਸਫਾਰਮਰ ਜਲਦੀ ਨਵੇਂ ਦੇਣ ਦੀ ਅਪੀਲ ਵੀ ਕੀਤੀ ਤਾਂ ਜੋ ਕਿਸਾਨਾਂ ਦੀ ਮੁਸ਼ਕਲ ਘੱਟ ਸਕੇ।

## ਨਡਾਲਾ 'ਚ ਪ੍ਰੈੱਸ ਕਲੱਬ ਦੀ ਮੀਟਿੰਗ ਮੌਕੇ ਕੀਤੀਆਂ ਵਿਚਾਰਾਂ



**ਕਪੂਰਥਲਾ, (ਪ੍ਰੀਤ ਸੰਗੋਜਲਾ)** ਇੱਥੇ ਹਲਕਾ ਭੁਲੱਥ ਪ੍ਰੈਸ ਕਲੱਬ ਦੀ ਮੀਟਿੰਗ ਸਰਪ੍ਰਸਤ ਪਰਮੋਦ ਸ਼ਰਮਾ ਦੀ ਅਗਵਾਈ ਹੇਠ ਸਥਾਨਕ ਸਮਰਾਟ ਰੈਸਟੋਰੈਂਟ ਵਿਖੇ ਹੋਈ, ਜਿਸ 'ਚ ਜਰਨਲਿਸਟ ਪ੍ਰੈਸ ਕਲੱਬ ਪੰਜਾਬ (ਰਜਿ) ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਤੇ ਪ੍ਰੀਤ ਸੰਗੋਜਲਾ ਜਿਲ੍ਹਾ ਪ੍ਰਧਾਨ ਕਪੂਰਥਲਾ ਨੇ ਆਪਣੇ ਸਾਥੀਆਂ ਸਮੇਤ ਵਿਸ਼ੇਸ਼ ਸ਼ਿਰਕਤ ਕੀਤੀ। ਇਸ ਦੌਰਾਨ ਸਭ ਤੋਂ ਪਹਿਲਾਂ ਮੇਜ਼ਬਾਨ ਕਲੱਬ 'ਚੋਂ ਪਰਮੋਦ ਕੁਮਾਰ ਸ਼ਰਮਾ, ਮਨਜਿੰਦਰ ਸਿੰਘ ਮਾਨ, ਰਘਬਿੰਦਰ ਸਿੰਘ ਨਡਾਲਾ, ਮਨਜਿੰਦਰ ਸਿੰਘ ਲਾਡੀ, ਹਰਪ੍ਰੀਤ ਸਿੰਘ ਘੋਤੜਾ, ਗੋਬਿੰਦ ਸੁਖੀਜ਼ਾ, ਅਮ੍ਰਿਤਪਾਲ ਸਿੰਘ ਬਾਜਵਾ, ਜਗਜੀਤ ਸਿੰਘ, ਡਾ ਜੀਤ ਸਿੰਘ, ਧਰਮਪਾਲ ਸ਼ਾਰਦਾ, ਰਾਕੇਸ਼ ਪੁੰਜ, ਡਾ ਅਰੁਣ ਸ਼ਰਮਾ, ਚੰਨਪ੍ਰੀਤ ਸਿੰਘ ਕੰਗ ਵੱਲੋਂ ਮਨਜੀਤ ਸਿੰਘ ਮਾਨ ਤੇ ਪ੍ਰੀਤ ਸੰਗੋਜਲਾ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਇਸ ਦੌਰਾਨ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਨੇ ਜਿੱਥੇ ਜਰਨਲਿਸਟ ਪ੍ਰੈਸ ਕਲੱਬ ਦੀਆਂ ਪ੍ਰਾਪਤੀਆਂ ਤੇ ਕੀਤੇ ਹੋਏ ਕੰਮਾਂ ਬਾਰੇ ਚਾਨਣਾ। ਉਹਨਾ ਕਿਹਾ ਕਿ ਪੀਲੇ ਕਾਰਡ ਧਾਰਕਾਂ ਨੂੰ ਸਰਕਾਰ ਵੱਲੋਂ 5 ਲੱਖ ਦਾ ਬੀਮਾ ਤੇ 5 ਲੱਖ ਰੁਪਏ ਦੀ ਮੈਡੀਕਲ ਸਹੂਲਤ ਉਪਲੱਬਧ ਹੈ ਜਿਸ ਨੂੰ ਵਧਾ ਕੇ 10 -10 ਲੱਖ ਰੁਪਏ ਕੀਤਾ ਜਾਵੇ। ਇਸ ਤੋਂ ਇਲਾਵਾ 20 ਸਾਲ ਤੋ ਉਪਰ ਪੱਤਰਕਾਰੀ ਖੇਤਰ ਵਿੱਚ ਸੇਵਾਵਾ ਦੇਣ ਵਾਲੇ ਪੱਤਰਕਾਰ ਨੂੰ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ। ਪ੍ਰੀਤ ਸੰਗੋਜਲਾ ਜਿਲ੍ਹਾ ਪ੍ਰਧਾਨ ਕਪੂਰਥਲਾ ਨੇ ਵੀ ਸੰਬੋਧਨ ਵਿੱਚ ਕਿਹਾ ਸਮੂਹ ਪੱਤਰਕਾਰ ਭਾਈਚਾਰੇ ਨੂੰ ਜਰਨਲਿਸਟ ਪ੍ਰੈਸ ਕਲੱਬ ਵਿੱਚ ਵੱਡੇ ਪੱਧਰ 'ਤੇ ਇਕੱਠੇ ਹੋ ਕੇ ਪ੍ਰੈਸ ਕਲੱਬ ਨੂੰ ਮਜਬੂਤ ਕਰਨ ਲਈ ਕਿਹਾ। ਸੁਖਵਿੰਦਰ ਸਿੰਘ ਸੋਹੀ ਜਿਲ੍ਹਾ ਜਨਰਲ ਸਕੱਤਰ ਕਪੂਰਥਲਾ ਨੇ ਵੀ ਸੰਬੋਧਨ ਕੀਤਾ। ਇਸ ਦੌਰਾਨ ਹੋਰ ਮਸਲੇ ਵੀ ਵਿਚਾਰੇ ਗਏ। ਇਸ ਮੌਕੇ ਜੇ ਐੱਸ ਸੰਧੂ ਸੂਬਾ ਸਰਪ੍ਰਸਤ, ਪ੍ਰਿਤਪਾਲ ਸਿੰਘ ਕੋਆਡੀਨੇਟਰ ਪੰਜਾਬ, ਰਾਮ ਸਿੰਘ ਭੱਟੀ ਮੁੱਖ ਬੁਲਾਰਾ ਪੰਜਾਬ, ਤਰਲੋਚਨ ਸਿੰਘ ਸਲਾਹਕਾਰ, ਚੇਅਰਮੈਨ ਜੋਗਿੰਦਰ ਸਿੰਘ ਜਾਤੀਕੇ, ਵਾਈਸ ਚੇਅਰਮੈਨ ਪਰਮਜੀਤ ਸੰਨੀ, ਜਤਿੰਦਰ ਸਿੰਘ ਫੌਜੀ ਜੁਆਇੰਟ ਸੈਕਟਰੀ, ਸੁਰਜੀਤ ਸਿੰਘ ਗੋਰਾ, ਜਤਿੰਦਰ ਸ਼ਰਮਾ, ਬਲਾਕ ਪ੍ਰਧਾਨ ਨਕੋਦਰ ਗੋਬਿੰਦ ਰਾਏ, ਹਰਮੇਸ਼ ਕੁਮਾਰ ਹੈਪੀ ਨਕੋਦਰ, ਬਾਬਾ ਵਿਜੇ ਹਮੀਰਾ ਸਾਰੇ ਜਰਨਲਿਸਟ ਪ੍ਰੈਸ ਕਲੱਬ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਪਿਪਸ ਵਿਖੇ ਵਿਦਿਆਰਥੀ ਕੌਂਸਲ ਦਾ ਸਹੁੰ ਚੁੱਕ ਸਮਾਗਮ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)** ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਵਿਖੇ ਵਿਦਿਆਰਥੀ ਕੌਂਸਲ ਦੀ ਚੋਣ ਕਰ ਕੇ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਇਸ ਸਹੁੰ ਚੁੱਕ ਸਮਾਗਮ ਵਿੱਚ ਹਰਸਿਮਰ ਸਿੰਘ ਨੂੰ ਸਕੂਲ ਦਾ ਹੈੱਡ ਬੁਆਏ ਅਤੇ ਜਸਕੋਮਲ ਕੌਰ ਨੂੰ ਹੈੱਡ ਗਰਲ ਚੁਣਿਆ ਗਿਆ, ਇਸੇ ਤਰ੍ਹਾਂ ਸਾਹਿਲਜੋਤ ਸਿੰਘ ਨੂੰ ਡਿਪਟੀ ਹੈੱਡ ਬੁਆਏ ਅਤੇ ਸਿਮਰਨਜੀਤ ਕੌਰ ਨੂੰ ਡਿਪਟੀ ਹੈੱਡ ਗਰਲ, ਮਨਜੋਤ ਸਿੰਘ ਅਤੇ ਪ੍ਰਭਲੀਨ ਕੌਰ ਨੂੰ ਸਕੂਲ ਪ੍ਰੀਫੈਕਟ ਚੁਣਿਆ ਗਿਆ। ਇਸੇ ਤਰ੍ਹਾਂ ਸਕੂਲ ਵਿਚ ਸਰਗਰਮ ਚਾਰੇ ਹਾਊਸਾਂ ਦੇ ਹਾਊਸ ਕੈਪਟਨ ਅਤੇ ਹਾਊਸ ਪ੍ਰੀਫੈਕਟ ਦੀ ਚੋਣ ਕਰ ਕੇ ਉਨ੍ਹਾਂ ਦਾ ਵੀ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਹਾਊਸ 'ਚੋਂ ਤਰਨਜੋਤ ਕੌਰ ਅਤੇ ਹਰਸਵੀਰ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਵਿੱਚੋਂ ਸਿਮਰਨਦੀਪ ਕੌਰ ਅਤੇ ਓਨਮ ਕਪੂਰ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ 'ਚੋਂ ਗੁਰਸਾਈਨ ਕੌਰ ਅਤੇ ਆਸੀ ਸ਼ਰਮਾ, ਸਾਹਿਬਜ਼ਾਦਾ ਫਤਿਹ ਸਿੰਘ ਹਾਊਸ 'ਚੋਂ ਜਸਨਪ੍ਰੀਤ ਕੌਰ ਅਤੇ ਗੁਰਸਿਮਰਨ ਕੌਰ ਨੂੰ ਕ੍ਰਮਵਾਰ ਹਾਊਸ ਕੈਪਟਨ ਅਤੇ ਹਾਊਸ ਪ੍ਰੀਫੈਕਟ ਲਈ ਚੁਣਿਆ ਗਿਆ। ਚੁਣੇ ਗਏ ਸਾਰੇ ਹੀ ਮੈਂਬਰਾਂ ਨੂੰ ਆਪਣੇ ਫ਼ਰਜ਼ਾਂ ਨੂੰ ਪੂਰੀ ਈਮਾਨਦਾਰੀ ਤੇ ਲਗਨ ਨਾਲ ਨਿਭਾਉਣ ਦੀ ਪ੍ਰਿੰਸੀਪਲ ਅਨੁਰਾਧਾ ਧੀਮਾਨ ਵੱਲੋਂ ਸਹੁੰ ਚੁਕਾਈ ਗਈ। ਸਕੂਲ ਦੇ ਪ੍ਰਧਾਨ ਸਰਦਾਰ ਗੁਰਦੇਵ ਸਿੰਘ ਅਟਵਾਲ ਅਤੇ ਡਾਇਰੈਕਟਰ ਸ਼ਿੰਦਰਪਾਲ ਕੌਰ ਅਟਵਾਲ ਵੱਲੋਂ ਨਵੀਂ ਚੁਣੀ ਸਟੂਡੈਂਟ ਕੌਂਸਲ ਅਤੇ ਚਾਰੇ ਹਾਊਸਾਂ ਦੇ ਹਾਊਸ ਕੈਪਟਨ ਤੇ ਪ੍ਰੀਫੈਕਟ ਨੂੰ ਵਧਾਈ ਦਿੱਤੀ ਗਈ। ਸਕੂਲ ਦੇ ਪ੍ਰਬੰਧਕ ਸਰਦਾਰ ਸੁਰਜੀਤ ਸਿੰਘ, ਪ੍ਰਿੰਸੀਪਲ ਅਨੁਰਾਧਾ ਧੀਮਾਨ, ਮੈਨੇਜਰ ਪ੍ਰੀਤਪਾਲ ਕੌਰ ਅਟਵਾਲ, ਵਾਈਸ ਪ੍ਰਿੰਸੀਪਲ ਮਨਦੀਪ ਕੌਰ ਅਤੇ ਸਮੁੱਚੇ ਸਟਾਫ ਵੱਲੋਂ ਨਵੀਂ ਚੁਣੀ ਗਈ ਸਟੂਡੈਂਟ ਕੌਂਸਲ ਅਤੇ ਚਾਰੇ ਹਾਊਸਾਂ ਦੇ ਹਾਊਸ ਕੈਪਟਨ ਤੇ ਪ੍ਰੀਫੈਕਟ ਨੂੰ ਵਧਾਈ ਦਿੱਤੀ ਗਈ। ਸਮਾਰੋਹ ਦੌਰਾਨ , ਸਰਦਾਰ ਅਮਰਦੀਪ ਸਿੰਘ ਅਤੇ ਮੈਡਮ ਕਮਲਜੀਤ ਕੌਰ ਵੱਲੋਂ ਮੰਚ ਸੰਚਾਲਨ ਦੀ ਭੂਮਿਕਾ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਗਈ।

ਸੀ ਸੀ ਏ ਇੰਚਾਰਜ ਸ੍ਰੀ ਸਨੀ ਲਖਨਪਾਲ, ਮੈਡਮ ਮੋਨਿਕਾ, ਡੀ ਪੀ ਈ ਹਰਪ੍ਰੀਤ ਸਿੰਘ, ਗਗਨਦੀਪ ਅਲੀ ਅਤੇ ਸੁਖਵੀਰ ਸਿੰਘ ਵੱਲੋਂ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਆਪਣਾ ਪੂਰਾ ਸਹਿਯੋਗ ਪਾਇਆ ਗਿਆ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਮਾਧੋਵਾਲ-ਨੂਰਪੁਰ ਬੇਦੀ ਮਾਰਗ ਦੀ ਮੁਰੰਮਤ ਸ਼ੁਰੂ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਦਿਖਾਈ ਗਈ ਸੂਝ-ਬੂਝ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ ਨੋਟਿਸ ਜਾਰੀ ਕਰਨ ਉਪਰੰਤ ਆਖਿਰਕਾਰ ਨਿਰਮਾਣ ਏਜੰਸੀ ਨੇ ਕਈ ਥਾਵਾਂ ਤੋਂ ਟੁੱਟ ਚੁੱਕੇ ਨੂਰਪੁਰਬੇਦੀ-ਰੂਪਨਗਰ ਮੁੱਖ ਮਾਰਗ (ਮਾਧੋਵਾਲ-ਨੂਰਪੁਰਬੇਦੀ ਸਪੈਨ) ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਵਿਧਾਇਕ ਚੱਢਾ ਵੱਲੋਂ ਉਕਤ ਮਾਰਗ ਦੇ ਦਸਤਾਵੇਜ ਦੇਖਣ ਤੋਂ ਪਾਇਆ ਗਿਆ ਕਿ ਇਸ ਮਾਰਗ (ਆਰ.ਡੀ. 12.50 ਤੋਂ 26. 148) ਦੀ ਮੁਰੰਮਤ ਦਾ ਠੇਕਾ ਮਈ 2023 ਤੱਕ ਸੀ। ਮਗਰ ਕੰਪਨੀ ਵੱਲੋਂ ਇਸ ਕਾਰਜ ਨੂੰ ਨਜ਼ਰਅੰਦਾਜ ਕੀਤਾ ਜਾ ਰਿਹਾ ਸੀ। ਜਿਸ ਸਬੰਧੀ ਵਿਧਾਇਕ ਚੱਢਾ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਬਾਬਤ ਸੁਚੇਤ ਕੀਤਾ ਗਿਆ। ਇਸ ਤੋਂ ਉਪਰੰਤ ਵਿਭਾਗ ਦੇ ਅਧਿਕਾਰੀਆਂ ਨੇ ਹਰਕਤ ਦਿਖਾਉਦਿਆਂ ਸਬੰਧਿਤ ਕੰਪਨੀ ਨੂੰ ਭੇਜੇ ਪੱਤਰ 'ਚ ਲਿਖ ਕੇ ਚੇਤਾਵਨੀ ਦਿੱਤੀ ਕਿ ਰੂਪਨਗਰ ਤੋਂ ਨੂਰਪੁਰਬੇਦੀ ਝੱਜ ਚੌਕ ਮਾਰਗ ਦਾ ਠੇਕਾ ਆਪ ਨੂੰ 2016 'ਚ ਅਲਾਟ ਕੀਤਾ ਗਿਆ ਤੇ ਜਿਸਦਾ ਕੰਮ 31 ਅਗਸਤ 2020 'ਚ ਮੁਕੰਮਲ ਕੀਤਾ ਗਿਆ। ਮਗਰ ਬਾਅਦ 'ਚ ਉਕਤ ਮਾਰਗ 'ਤੇ ਕਈ ਥਾਈਂ ਪੀ.ਸੀ. ਖਿਸਕ ਗਈ ਜਦਕਿ ਬੈਂਸਾਂ ਅਤੇ ਨੂਰਪੁਰਬੇਦੀ ਵਿਖੇ ਡਿਵਾਈਡਰਾਂ ਦੇ ਆਲ-ਦੁਆਲੇ ਰੇਤ ਜਮਾਂ ਹੋਣ ਨਾਲ ਜਿੱਥੇ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਉੱਥੇ ਰੇਤ ਨਾਲ ਰਾਤ ਸਮੇਂ ਰਾਹਗੀਰਾਂ ਦੀ ਸਹਾਇਤਾ ਲਈ ਲਗਾਏ ਗਏ ਚਮਕਣ ਵਾਲੇ ਕੈਟ ਆਈਜ਼ ਵੀ ਰੇਤ ਹੇਠਾਂ ਦਬ ਗਏ ਹਨ। ਉਨ੍ਹਾਂ ਕੰਪਨੀ ਨੂੰ ਸੜਕਾਂ ਦੇ ਬਰਮ ਦਰੁੱਸਤ ਕਰਨ ਅਤੇ ਉੱਗੀਆਂ ਝਾੜੀਆਂ ਆਦਿ ਦੀ ਸਫਾਈ ਕਰਨ ਲਈ ਵੀ ਕਿਹਾ। ਉਕਤ ਕਾਰਜ ਨਾ ਕਰਨ 'ਤੇ ਵਿਭਾਗ ਵੱਲੋਂ ਕੰਪਨੀ ਖਿਲਾਫ ਸ਼ਰਤਾਂ ਦੀ ਉਲੰਘਣਾ ਕਰਨ ਤਹਿਤ ਕਾਰਵਾਈ ਕਰਨ ਦੀ ਚੇਤਾਵਨੀ ਦਿੱਤੀ ਗਈ। ਜਿਸਤੋਂ ਬਾਅਦ ਅੱਜ ਕੰਪਨੀ ਦੇ ਅਧਿਕਾਰੀਆਂ ਨੇ ਉਕਤ ਮਾਰਗ 'ਤੇ ਮੁਰੰਮਤ ਦਾ ਕੰਮ ਆਰੰਭ ਦਿੱਤਾ ਜਿਸ ਨਾਲ ਲੋਕਾਂ ਨੇ ਰਾਹਤ ਮਹਿਸੂਸ ਕੀਤੀ।

## ਡਿਪਟੀ ਕਮਿਸ਼ਨਰ ਨੇ ਜਾਰੀ ਕੀਤਾ ਰੋਟਰੀ ਆਈ ਬੈਂਕ ਦਾ ਸੋਵੀਨਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟੇਸ਼ਨ ਸੁਸਾਇਟੀ ਦੇ ਅਹੁਦੇਦਾਰਾਂ ਨੇ ਪ੍ਰਧਾਨ ਅਤੇ ਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ 'ਚ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਅੱਖਾਂ ਦਾਨ ਸੰਬੰਧੀ ਜਾਣਕਾਰੀ ਦਿੱਤੀ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਰੋਟਰੀ ਆਈ ਬੈਂਕ ਵੱਲੋਂ ਤਿਆਰ ਕੀਤਾ ਗਿਆ ਸੋਵੀਨਰ ਵੀ ਜਾਰੀ ਕੀਤਾ। ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਨੇ ਸੋਵੀਨਰ ਵਿੱਚ ਦਰਜ ਜਾਣਕਾਰੀ ਵਾਰੇ ਡਿਪਟੀ ਕਮਿਸ਼ਨਰ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਸੁਸਾਇਟੀ ਨੇ ਕੋਰਨੀਆ ਅੰਨ੍ਹੇਪਣ ਤੋਂ ਪੀੜਤ 3800 ਦੇ ਕਰੀਬ ਮਰੀਜ਼ਾਂ ਨੂੰ ਨਵੀਂ ਰੋਸ਼ਨੀ ਪ੍ਰਦਾਨ ਕੀਤੀ ਹੈ ਅਤੇ ਸਾਰੇ ਆਪਰੇਸ਼ਨ ਮੁਫ਼ਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੁਸਾਇਟੀ ਨੂੰ ਏਮਜ਼ ਦਿੱਲੀ ਤੋਂ ਛੋਟੇ ਬੱਚਿਆਂ ਦੀ ਸੂਚੀ ਮਿਲੀ ਸੀ, ਜਿਨ੍ਹਾਂ ਦਾ ਆਪ੍ਰੇਸ਼ਨ ਕਰਵਾ ਕੇ ਬੱਚਿਆਂ ਨੂੰ ਇਕ-ਇਕ ਅੱਖ ਲਗਵਾ ਦਿੱਤੀ ਗਈ ਹੈ ਅਤੇ ਇਸ ਦੀ ਜਾਣਕਾਰੀ ਸੋਵੀਨਰ ਵਿਚ ਵੀ ਦਰਜ ਕੀਤੀ ਗਈ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਸਾਰੇ ਜਿਲ੍ਹਿਆਂ ਦੇ ਸਿਵਲ ਸਰਜਨਾਂ ਤੋਂ ਕੋਰਨੀਆ ਅੰਨ੍ਹੇਪਣ ਦੇ ਪੀੜਤਾਂ ਦੀ ਸੂਚੀ ਦੀ ਮੰਗ ਕੀਤੀ ਹੈ ਤਾਂ ਜੋ ਉਨ੍ਹਾਂ ਦੇ ਆਪ੍ਰੇਸ਼ਨ ਵੀ ਕਰਵਾਏ ਜਾ ਸਕਨ।

ਇਸ ਮੌਕੇ ਚੇਅਰਮੈਨ ਜੇ.ਬੀ ਬਹਿਲ ਨੇ ਕਿਹਾ ਕਿ ਸੁਸਾਇਟੀ ਵਲੋਂ ਦੇਸ਼ ਦੇ ਵੱਖ-ਵੱਖ ਹਸਪਤਾਲਾਂ ਅਤੇ ਆਈ ਬੈਂਕਾਂ ਨਾਲ ਸਮਝੌਤੇ ਕੀਤੇ ਗਏ ਹਨ ਅਤੇ ਸੁਸਾਇਟੀ ਨੂੰ ਲੁਧਿਆਣਾ ਦੇ ਸੰਕਾਰਾ ਆਈ ਹਸਪਤਾਲ ਤੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ ਅਤੇ ਉਨ੍ਹਾਂ ਦੀ ਟੀਮ ਜਾਣਕਾਰੀ ਮਿਲਣ ਤੇ ਪੰਜਾਬ ਦੇ ਕੋਨੇ-ਕੋਨੇ ਵਿਚ ਕੋਰਨੀਆ ਦਾਨ ਲੈਣ ਲਈ ਪਹੁੰਚ ਜਾਂਦੀ ਹੈ। ਇਸ ਮੌਕੇ ਸੁਸਾਇਟੀ ਦੇ ਕੰਮਾਂ ਅਤੇ ਮੰਗਾਂ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸੁਸਾਇਟੀ ਨੂੰ ਭਰੋਸਾ ਦਿੱਤਾ ਕਿ ਸਿਵਲ ਸਰਜਨ ਦਫ਼ਤਰ ਨੂੰ ਸੂਚੀ ਮੁਹੱਈਆ ਕਰਵਾਉਣ ਲਈ ਕਿਹਾ ਜਾਵੇਗਾ ਅਤੇ ਇਸ ਤੋਂ ਇਲਾਵਾ ਸਕੂਲਾਂ ਅਤੇ ਕਾਲਜਾਂ ਵਿਚ ਅੱਖਾਂ ਦਾਨ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਉਣ ਲਈ ਕਦਮ ਚੁੱਕੇ ਜਾਣਗੇ।

ਉਨ੍ਹਾਂ ਸੁਸਾਇਟੀ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਭਰੋਸਾ ਦਿੱਤਾ ਕਿ ਕੋਰਨੀਆ ਅੰਨ੍ਹੇਪਣ ਦੇ ਪੀੜਤਾਂ ਨੂੰ ਨਵੀਂ ਰੋਸ਼ਨੀ ਦੇਣ ਲਈ ਸੁਸਾਇਟੀ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਮਦਨ ਲਾਲ ਮਹਾਜਨ, ਰਮਿੰਦਰ ਸਿੰਘ, ਜਸਵੀਰ ਸਿੰਘ ਆਦਿ ਵੀ ਹਾਜ਼ਰ ਸਨ ।

# ਰੈੱਡ ਅਲਰਟ ਨੂੰ ਲੈ ਕੇ ਨਾਕਿਆਂ 'ਤੇ ਚੈਕਿੰਗ ਅਭਿਆਨ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਅੰਮ੍ਰਿਤਸਰ ਵਿਖੇ ਹੋਏ ਬੰਬ ਧਮਾਕਿਆਂ ਤੋਂ ਸੂਬੇ ਭਰ 'ਚ ਰੈਡ ਅਲਰਟ ਜਾਰੀ ਕੀਤਾ ਗਿਆ ਹੈ ਜਿਸ ਨੂੰ ਲੈ ਕੇ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਹੁਕਮਾਂ 'ਤੇ ਸਥਾਨਕ ਥਾਨੇ ਅਤੇ ਪੁਲਸ ਚੌਕੀਆਂ ਦੇ ਅਧਿਕਾਰੀਆਂ ਵੱਲੋਂ ਸਮੁੱਚਾ ਦਿਨ ਖੇਤਰ ਦੇ ਵੱਖ-ਵੱਖ ਸਥਾਨਾਂ 'ਤੇ ਨਾਕਾਬੰਦੀ ਕਰਕੇ ਜਾਂਚ ਕੀਤੀ ਗਈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਵਿਰਾਸਤੀ ਮਾਰਗ 'ਤੇ 3 ਬੰਬ ਧਮਾਕਿਆਂ ਦੀਆਂ ਵਾਰਦਾਤਾਂ ਵਾਪਰੀਆਂ ਸਨ ਜਿਸਨੂੰ ਹੱਲ ਕਰਨ ਲਈ ਪੰਜਾਬ ਪੁਲਸ ਅਤੇ ਪੰਜਾਬ ਸਰਕਾਰ ਵੱਲੋਂ ਸੂਬੇ 'ਚ ਰੈੱਡ ਅਲਰਟ ਜਾਰੀ ਕਰਕੇ ਸਮੁੱਚੀਆਂ ਸੁਰੱਖਿਆ ਏਜੰਸੀਆਂ ਨੂੰ ਚੌਕਸ ਰਹਿਣ ਦੇ ਆਦੇਸ਼ ਦਿੱਤੇ ਗਏ ਹਨ। ਇਸਨੂੰ ਲੈ ਕੇ ਥਾਨਾ ਨੂਰਪੁਰਬੇਦੀ ਤੋਂ ਇਲਾਵਾ ਦੋਵੇਂ ਪੁਲਸ ਚੌਕੀਆਂ ਦੇ ਪੁਲਸ ਸਟਾਫ਼ ਵੱਲੋਂ ਨਾਕੇ ਲਗਾ ਕੇ ਹਰ ਆਉਣ-ਜਾਣ ਵਾਲੇ ਵਾਹਨਾਂ ਦੀ ਜਾਂਚ ਕੀਤੀ ਗਈ। ਥਾਨਾ ਮੁੱਖੀ ਨੂਰਪੁਰਬੇਦੀ ਇੰਸਪੈਕਟਰ ਗੁਰਪ੍ਰੀਤ ਸਿੰਘ ਅਤੇ ਚੌਕੀ ਇੰਚਾਰਜਾਂ ਵੱਲੋਂ ਨਾਕੇ ਲਗਾ ਕੇ ਪੂਰੀ ਤਰ੍ਹਾਂ ਚੌਕਸੀ ਵਰਤੀ ਗਈ। ਇਸ ਸੰਬੰਧੀ ਗੱਲ ਕਰਦਿਆਂ ਐੱਸ.ਐੱਚ.ਓ. ਇੰਸ. ਗੁਰਪ੍ਰੀਤ ਸਿੰਘ ਨੇ ਆਖਿਆ ਕਿ ਅੱਜ ਉਕਤ ਆਦੇਸ਼ਾਂ ਤਹਿਤ ਖੇਤਰ ਦੇ ਨੂਰਪੁਰਬੇਦੀ, ਹਰੀਪੁਰ ਅਤੇ ਬੱਸ ਅੱਡਾ ਬੈਂਸ ਵਿਖੇ ਨਾਕੇ ਲਗਾ ਕੇ ਨੂਰਪੁਰਬੇਦੀ ਇਲਾਕੇ 'ਚ ਦਾਖਲ ਹੋਣ ਵਾਲੇ ਵਾਹਨਾਂ ਦੀ ਚੈਕਿੰਗ ਤੋਂ ਇਲਾਵਾ ਸ਼ੱਕੀ ਵਿਅਕਤੀਆਂ ਤੋਂ ਪੁਛਗਿੱਛ ਵੀ ਕੀਤੀ ਗਈ। ਇਸ ਮੌਕੇ ਏ.ਐੱਸ.ਆਈ. ਦਲਜੀਤ ਸਿੰਘ, ਏ.ਐੱਸ.ਆਈ. ਸਮਸ਼ੇਰ ਸਿੰਘ, ਏ.ਐੱਸ.ਆਈ. ਧਰਮਪਾਲ ਅਤੇ ਏ.ਐੱਸ.ਆਈ. ਮਲਕੀਤ ਸਿੰਘ ਸਹਿਤ ਹੋਰ ਪੁਲਸ ਮੁਲਾਜ਼ਮ ਵੀ ਹਾਜ਼ਰ ਸਨ।

## ਪਾੜ੍ਹਿਆਂ ਨੇ ਕਲਾਜ਼ ਬਣਾ ਕੇ ਰਬਿੰਦਰ ਨਾਥ ਟੈਗੋਰ ਦੇ ਜੀਵਨ 'ਤੇ ਪਾਇਆ ਚਾਨਣਾ




**ਜਲੰਧਰ (ਇਕਬਾਲ ਸਿੰਘ ਉਭੀ)** ਸਥਾਨਕ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ ਵਿਖੇ ਰਬਿੰਦਰ ਨਾਥ ਟੈਗੋਰ ਦੀ ਜੈਅੰਤੀ ਨੂੰ ਸਮਰਪਿਤ ਇਕ ਪ੍ਰੋਗਰਾਮ ਕਰਵਾਇਆ ਗਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰਬਿੰਦਰ ਨਾਥ ਟੈਗੋਰ ਦੇ ਜੀਵਨ ਸਬੰਧੀ ਜਾਣਕਾਰੀ ਦੇਣਾ ਸੀ। ਇਸ ਦੌਰਾਨ ਪਾੜ੍ਹਿਆਂ ਨੇ ਪੈਰਾਗ੍ਰਾਫ਼ ਰਾਈਟਿੰਗ ਤੇ ਕਲਾਜ ਬਣਾ ਕੇ ਰਬਿੰਦਰ ਨਾਥ ਟੈਗੋਰ ਦੇ ਜੀਵਨ ਦੀਆਂ ਝਲਕੀਆਂ ਪੇਸ਼ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਪ੍ਰਿੰਸੀਪਲ ਸ਼ੈਲੀ ਭੱਲਾ ਦੀ ਅਗਵਾਈ 'ਚ ਹੋਏ ਇਸ ਪ੍ਰੋਗਰਾਮ ਦੌਰਾਨ ਸਕੂਲ ਡਾਇਰੈਕਟਰ ਸੁਖਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਰਬਿੰਦਰ ਨਾਥ ਟੈਗੋਰ ਦਾ ਜਨਮ 7 ਮਈ 1861 'ਚ ਕੋਲਕਾਤਾ ਵਿਖੇ ਹੋਇਆ ਸੀ। ਉਨ੍ਹਾਂ ਨੂੰ ਗੁਰੂਦੇਵ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਉਹ ਇਕ ਕਵੀ, ਕਹਾਣੀਕਾਰ, ਨਾਵਲਕਾਰ, ਨਾਟਕਕਾਰ, ਚਿੱਤਰਕਾਰ ਤੇ ਮਹਾਨ ਦਰਸ਼ਨਿਕ ਸਨ। 8 ਸਾਲ ਦੀ ਉਮਰ 'ਚ ਉਨ੍ਹਾਂ ਨੇ ਪਹਿਲੀ ਕਵਿਤਾ ਲਿਖੀ ਸੀ। ਆਪਣੇ ਜੀਵਨ 'ਚ ਉਨ੍ਹਾਂ ਨੇ ਇਕ ਹਜ਼ਾਰ ਕਵਿਤਾਵਾਂ, ਅੱਠ ਨਾਵਲ, ਅੱਠ ਕਹਾਣੀ ਸੰਗ੍ਰਿਹ ਅਤੇ ਵੱਖ-ਵੱਖ ਵਿਸ਼ਿਆਂ 'ਤੇ ਬਹੁਤ ਸਾਰੇ ਲੇਖ ਲਿਖੇ। ਇਸ ਤੋਂ ਇਲਾਵਾ ਉਹ ਸੰਗੀਤ ਪ੍ਰੇਮੀ ਵੀ ਸਨ ਤੇ ਉਨ੍ਹਾਂ ਨੇ 2000 ਤੋਂ ਵੱਧ ਗੀਤਾਂ ਦੀ ਰਚਨਾ ਕੀਤੀ। ਉਨ੍ਹਾਂ ਦੇ ਲਿਖੇ ਦੋ ਗੀਤ ਅੱਜ ਵੀ ਭਾਰਤ ਅਤੇ ਬੰਗਲਾ ਦੇਸ਼ ਦੇ ਰਾਸ਼ਟਰੀ ਗਾਨ ਹਨ।

1913 'ਚ ਕਾਵਿ ਸੰਗ੍ਰਿਹ ਗੀਤਾਂਜਲੀ ਲਈ ਉਨ੍ਹਾਂ ਨੂੰ ਨੋਬਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

# ਸਫਾਈ ਕਰਮਚਾਰੀ ਸੰਗਠਨ ਵੱਲੋਂ ਸਰਕਾਰ ਵਿਰੁੱਧ ਸੰਘਰਸ਼ ਛੇੜਨ ਦੀ ਚੇਤਾਵਨੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਫਾਈ ਕਰਮਚਾਰੀ ਸੰਗਠਨ ਦੇ ਦਫਤਰ ਵਿਚ ਉਪ ਪ੍ਰਧਾਨ ਸੋਮਨਾਥ ਆਦੀਆ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿਚ ਪੰਜਾਬ ਨਗਰ ਪਾਲਿਕਾ ਕਰਮਚਾਰੀ ਸੰਗਠਨ ਦੇ ਜਨਰਲ ਸਕੱਤਰ ਸ: ਕੁਲਵੰਤ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸਾਥੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ 31 ਮਾਰਚ ਨੂੰ ਲੋਕਲ ਬਾਡੀਜ਼ ਮੰਤਰੀ ਪੰਜਾਬ ਨਾਲ ਮੀਟਿੰਗ ਹੋਈ ਸੀ, ਜਿਸ ਵਿੱਚ ਉਨ੍ਹਾਂ ਪੰਜਾਬ ਮਿਉਂਸਪਲ ਇੰਪਲਾਈਜ਼ ਐਸੋਸੀਏਸ਼ਨ ਦੀਆਂ ਸਾਰੀਆਂ ਮੰਗਾਂ ਨੂੰ ਜਲਦੀ ਪੂਰਾ ਕਰਨ ਦਾ ਭਰੋਸਾ ਦਿੱਤਾ ਸੀ। ਪਰ 10 ਮਈ ਤੱਕ ਪੰਜਾਬ ਮਿਉਂਸਪਲ ਇੰਪਲਾਈਜ਼ ਐਸੋਸੀਏਸ਼ਨ ਦੀ ਕੋਈ ਵੀ ਮੰਗ ਪੂਰੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਨਗਰ ਨਿਗਮ, ਨਗਰ ਕੌਂਸਲ, ਨਗਰ ਪੰਚਾਇਤ ਅਤੇ ਨਗਰ ਪਾਲਿਕਾ ਵਿੱਚ ਕੰਮ ਕਰਦੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਗੱਲ ਕਹੀ ਸੀ ਪਰ ਅੱਜ ਤੱਕ ਸਰਕਾਰ ਵੱਲੋਂ ਇਸ ਮਾਮਲੇ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਮੁਲਾਜ਼ਮ ਜਥੇਬੰਦੀਆਂ ਵੱਲੋਂ ਮੰਗਾਂ ਨੂੰ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਧਰਨੇ, ਮੁਜ਼ਾਹਰੇ ਅਤੇ ਰੋਸ ਮੁਜ਼ਾਹਰੇ ਕੀਤੇ ਜਾਣਗੇ ਅਤੇ ਸ: ਕੁਲਵੰਤ ਸਿੰਘ ਸੈਣੀ, ਸਫ਼ਾਈ ਕਰਮਚਾਰੀ ਯੂਨੀਅਨ ਨਗਰ ਨਿਗਮ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਅਤੇ ਡਿਪਟੀ ਸੀਨੀਅਰ ਮੇਅਰ ਪ੍ਰਵੀਨ ਸੈਣੀ ਦੇ ਨਿਰਦੇਸ਼ਾਂ ਅਨੁਸਾਰ ਸ. ਅਤੇ ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ ਜੀ ਨੇ ਯੂਨੀਅਨ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕੀਤੀ ਅਤੇ ਯੂਨੀਅਨ ਦੇ ਨੁਮਾਇੰਦਿਆਂ ਨੂੰ ਸਰਕਾਰ ਵੱਲੋਂ ਸਵੀਪਰਾਂ ਦੀਆਂ 150 ਅਤੇ ਸੀਵਰਮੈਨ ਦੀਆਂ 30 ਅਸਾਮੀਆਂ ਦੀ ਭਰਤੀ ਲਈ ਮੰਨੀਆਂ ਗਈਆਂ ਮੰਗਾਂ ਨੂੰ ਜਲਦੀ ਤੋਂ ਜਲਦੀ ਭਰਨ ਲਈ ਕਿਹਾ। ਇਸ ਮੌਕੇ ਨਗਰ ਨਿਗਮ ਦੇ ਮੇਅਰ ਅਤੇ ਸਹਾਇਕ ਕਮਿਸ਼ਨਰ ਵੱਲੋਂ ਇਨ੍ਹਾਂ ਮੰਗਾਂ ਨੂੰ ਜਲਦੀ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਵਿਕਰਮਜੀਤ (ਬੰਟੀ) ਦੀ ਵਲੋਂ ਕਿਹਾ ਗਿਆ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਹਾਊਸ ਅਤੇ ਪ੍ਰਸ਼ਾਸਨ ਨੇ ਇਨ੍ਹਾਂ ਮੰਗਾਂ ਨੂੰ ਲਾਗੂ ਕਰਨ ਵਿੱਚ ਅਣਗਹਿਲੀ ਕੀਤੀ ਤਾਂ ਜਥੇਬੰਦੀ ਵੱਲੋਂ ਨਗਰ ਨਿਗਮ ਖ਼ਿਲਾਫ਼ ਸੰਘਰਸ਼ ਦਾ ਬਿਗਲ ਵਜਾਇਆ ਜਾਵੇਗਾ। ਜਿਸ ਦੀ ਜਿੰਮੇਵਾਰੀ ਨਗਰ ਨਿਗਮ ਹਾਊਸ ਅਤੇ ਪ੍ਰਸ਼ਾਸਨ ਦੀ ਹੋਵੇਗੀ। ਯੂਨੀਅਨ ਦੇ ਚੇਅਰਮੈਨ ਰਾਕੇਸ਼ ਸਿੱਧੂ, ਵਾਈਸ ਚੇਅਰਮੈਨ ਬਲਰਾਮ ਭੱਟੀ, ਜਨਰਲ ਸਕੱਤਰ ਹੀਰਾ ਲਾਲ, ਸੋਨੂੰ ਕੋਡਲ, ਕਲੈਰੀਕਲ ਹੈੱਡ ਜੈ ਗੋਪਾਲ, ਰਜਿੰਦਰ ਕੁਮਾਰ, ਹਰਬਿਲਾਸ, ਅਸ਼ੋਕ ਹੰਸ, ਰਾਕੇਸ਼ ਕੁਮਾਰ, ਦੇਵ ਕੁਮਾਰ, ਆਸ਼ੂ ਬਰਾਚ, ਸ਼ਿਲਪਾ, ਰਿਚਾ, ਨਰਾਇਣ ਆਦਿ ਹਾਜ਼ਰ ਸਨ।

# ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਅੱਜ ਤੋਂ 22 ਤੱਕ ਜ਼ਿਲ੍ਹਿਆਂ 'ਚ ਭਰਵੀਆਂ ਮੀਟਿੰਗਾਂ



**ਫਿਲੌਰ (ਨਿਰਮਲ, ਬੀ ਐਸ ਕੈਨੇਡੀ)** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾਈ ਗੂਗਲ ਮੀਟਿੰਗ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾਈ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਨੇ ਦੱਸਿਆ ਕਿ ਸਾਂਝਾ ਅਧਿਆਪਕ ਮੋਰਚਾ ਪੰਜਾਬ ਵਲੋਂ ਅਧਿਆਪਕ ਮਸਲਿਆਂ ਦੇ ਹੱਲ ਲਈ ਪਹਿਲੀ ਜੂਨ ਨੂੰ ਮੁਹਾਲੀ ਦੇ ਵਿੱਦਿਆ ਭਵਨ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਜਿਸ ਦੀ ਤਿਆਰੀ ਲਈ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਸਾਰੇ ਜਿਲ੍ਹਿਆਂ 'ਚ 12 ਮਈ ਤੋਂ 22 ਮਈ ਤੱਕ ਭਰਵੀਆਂ ਜਨਰਲ ਬਾਡੀ ਮੀਟਿੰਗਾਂ ਕਰਨ ਦਾ ਜਿਲ੍ਹਾ ਵਾਇਜ ਸ਼ਡਿਊਲ ਜਾਰੀ ਕੀਤਾ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਜਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਿਲ੍ਹਾ ਮੀਟਿੰਗਾਂ 12 ਮਈ ਨੂੰ ਲੁਧਿਆਣਾ, 13 ਮਈ ਨੂੰ ਫਿਰੋਜ਼ਪੁਰ, 14 ਮਈ ਨੂੰ ਹੁਸ਼ਿਆਰਪੁਰ, 16 ਮਈ ਨੂੰ ਅੰਮ੍ਰਿਤਸਰ, ਗੁਰਦਾਸਪੁਰ, ਫਤਹਿਗੜ੍ਹ ਸਾਹਿਬ, ਮੁਕਤਸਰ, ਨਵਾਸ਼ਹਿਰ, 17 ਮਈ ਨੂੰ ਮਾਨਸਾ, ਮੋਗਾ, ਪਠਾਨਕੋਟ, ਪਟਿਆਲਾ ਤੇ ਰੋਪੜ, 20 ਮਈ ਨੂੰ ਬਰਨਾਲਾ, ਕਪੂਰਥਲਾ, 21 ਮਈ ਨੂੰ ਤਰਨ ਤਾਰਨ ਤੇ 22 ਮਈ ਨੂੰ ਜਲੰਧਰ 'ਚ ਭਰਵੀਆਂ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਹੈ। ਇਸ ਸਮੇਂ ਆਗੂਆਂ ਨੇ ਕਿਹਾ ਕਿ ਪਿਛਲੇ ਪੰਦਰਾਂ ਮਹੀਨਿਆਂ ਤੋਂ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਤੇ ਸਕੂਲਾਂ ਨਾਲ ਸੰਬੰਧਿਤ ਕੋਈ ਵੀ ਮਸਲਾ ਹੱਲ ਨਹੀਂ ਕੀਤਾ ਸਿਰਫ ਵਾਅਦਿਆ 'ਤੇ ਲਾਰਿਆਂ ਤੇ ਫੋਕੀ ਇਸ਼ਤਿਹਾਰਬਾਜ਼ੀ ਕਰਕੇ ਹੀ ਲੋਕਾਂ ਦੇ ਅੱਖਾਂ 'ਚ ਘੱਟਾ ਪਾਇਆ ਜਾ ਰਿਹਾ ਹੈ। ਇਸ ਸਮੇਂ ਆਗੂਆਂ ਨੇ ਮੰਗ ਕੀਤੀ ਕਿ ਹਰ ਤਰ੍ਹਾਂ ਦੇ ਕੱਚੇ ਅਧਿਆਪਕਾਂ ਤੇ ਕੰਪਿਊਟਰ ਅਧਿਆਪਕਾਂ ਨੂੰ ਪੱਕਾ ਕੀਤਾ ਜਾਵੇ, ਪੁਰਾਣੀ ਪੈਨਸਨ ਤਰੁੰਤ ਬਹਾਲ ਕੀਤੀ ਜਾਵੇ, ਖਾਲੀ ਅਸਾਮੀਆਂ ਤੇ ਰੈਗੂਲਰ ਭਰਤੀ ਕੀਤੀ ਜਾਵੇ। ਇਸ ਸਮੇਂ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਦੌੜਕਾ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾਂ, ਗੁਰਦੀਪ ਬਾਜਵਾ,ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

12-MAY-PAGE-10.qxd 5/11/2023 10:31 PM Page 1



# ਪਹਿਲਵਾਨਾਂ ਦੇ ਸਮਰਥਨ 'ਚ ਰੋਸ ਮੁਜ਼ਾਹਰਾ ਕਰਦਿਆਂ ਕੇਂਦਰ ਦੀ ਸਾੜੀ ਅਰਥੀ



**ਨਾਭਾ (ਵਰਿੰਦਰ ਵਰਮਾ)**-ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਝੰਡੇ ਹੇਠ ਜੇ ਪੀ ਐੱਮ ਓ ਨਾਲ ਸਬੰਧਤ ਜਥੇਬੰਦੀਆਂ ਨਾਲ ਜੁੜੇ ਲੋਕਾਂ ਤੇ ਇਨਸਾਫ਼ ਪਸੰਦ ਸ਼ਹਿਰੀਆਂ ਵੱਲੋਂ ਦਿੱਲੀ ਦੇ ਜੰਤਰ-ਮੰਤਰ 'ਤੇ ਮੋਰਚਾ ਲਾ ਕੇ ਸੰਘਰਸ਼ ਕਰ ਰਹੀਆਂ ਪਹਿਲਵਾਨ ਲੜਕੀਆਂ ਦੇ ਸੰਘਰਸ਼ ਦੀ ਹਮਾਇਤ 'ਚ ਨਹਿਰੂ ਪਾਰਕ ਪਟਿਆਲਾ ਵਿਖੇ ਇਕੱਤਰ ਹੋ ਕੇ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਬੱਸ ਸਟੈਂਡ ਦੇ ਚੌਕ 'ਤੇ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਦੀ ਅਰਥੀ ਸਾੜੀ ਗਈ ਅਤੇ ਪ੍ਰਦਰਸ਼ਨਕਾਰੀਆਂ ਨੇ ਸੰਘਰਸ਼ਸ਼ੀਲ ਪਹਿਲਵਾਨਾਂ ਦੇ ਹੱਕ ਵਿੱਚ ਤੇ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਖਿਲਾਫ ਹੱਥਾਂ 'ਚ ਝੰਡੇ ਲੈ ਕੇ ਕਰੀਬ ਇਕ ਘੰਟੇ ਤੱਕ ਜ਼ੋਰਦਾਰ ਨਾਅਰੇਬਾਜ਼ੀ ਕੀਤੀ, ਜਿਸ ਦਾ ਇਥੋਂ ਲੰਘਦੇ ਲੋਕਾਂ ਨੇ ਵੀ ਨੋਟਿਸ ਲਿਆ ਤੇ ਹਮਾਇਤ ਜ਼ਾਹਰ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਸਾਂਝੇ ਮੋਰਚੇ ਦੇ ਕੌਮੀ ਕਨਵੀਨਰ ਮੰਗਤ ਰਾਮ ਪਾਸਲਾ, ਮੁਲਾਜ਼ਮ ਆਗੂ ਦਰਸ਼ਨ ਬੈਲੂ ਮਾਜਰਾ, ਹਰੀ ਸਿੰਘ ਦੌਣ ਕਲਾਂ, ਰਾਮ ਸਿੰਘ, ਜਮਹੂਰੀ ਕਿਸਾਨ ਸਭਾ, ਜ਼ਿਲ੍ਹਾ ਪਟਿਆਲਾ ਦੇ ਆਗੂ ਪੂਰਨ ਚੰਦ ਨਨਹੇੜਾ, ਮਹਿੰਦਰ ਸਿੰਘ ਰਾਠੀਆ, ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂ ਸੁੱਚਾ ਸਿੰਘ, ਅਮਰਜੀਤ ਘਨੌਰ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਬਲਵਿੰਦਰ ਸਮਾਣਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਸੁਰੇਸ਼ ਸਮਾਣਾ ਤੇ ਪੰਜਾਬ ਸਟੂਡੈਂਟ ਫ਼ੈਡਰੇਸ਼ਨ ਦੇ ਆਗੂ ਗਗਨ ਤੇ ਰਵਿੰਦਰ ਰਵੀ ਨੇ ਕਿਹਾ ਕਿ ਕੌਮੀ ਤੇ ਕੌਮਾਂਤਰੀ ਪੱਧਰ ਦੀਆਂ ਖਿਡਾਰਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ੀ ਭਾਜਪਾਈ ਪਾਰਲੀਮੈਂਟ ਮੈਂਬਰ ਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਬਚਾਉਣ ਲਈ ਮੋਦੀ ਸਰਕਾਰ ਦੀ ਪਹੁੰਚ, ਢੀਠਪੁਣੇ ਦੀ ਹੱਦ ਹੈ। ਦੇਸ਼ ਲਈ ਤਮਗੇ ਜਿੱਤਣ ਵਾਲੀਆਂ ਪਹਿਲਵਾਨ ਕੁੜੀਆਂ ਇੱਕ ਬਾਹੂਬਲੀ ਗੁੰਡੇ ਨੂੰ ਗ੍ਰਿਫਤਾਰ ਕਰਵਾਉਣ ਲਈ ਪੰਦਰਾਂ ਦਿਨਾਂ ਤੋਂ ਧਰਨੇ 'ਤੇ ਬੈਠੀਆਂ ਹਨ, ਪਰ ਕੇਂਦਰੀ ਖੇਡ ਮੰਤਰਾਲਾ ਤੇ ਮੋਦੀ ਸਰਕਾਰ ਉਨ੍ਹਾਂ ਨਾਮੀਂ ਪਹਿਲਵਾਨਾਂ ਦੀ ਗੱਲ ਤੱਕ ਸੁਣਨ ਲਈ ਤਿਆਰ ਨਹੀਂ। ਉਲਟਾ ਉਨ੍ਹਾਂ ਦੀ ਬਿਜਲੀ ਬੰਦ ਕਰਨ, ਬਾਰਸ਼ ਦੌਰਾਨ ਗੱਦੇ ਖੋਹ ਲੈਣ ਤੇ ਪੁਲਸ ਉਨ੍ਹਾਂ ਨਾਲ ਧੱਕਾ ਮੁੱਕੀ ਕਰਨ ਤੱਕ ਉੱਤਰ ਆਈ ਹੈ। ਧਰਨੇ ਦੇ ਹਮਾਇਤੀਆਂ, ਇੱਥੋਂ ਤੱਕ ਕਿ ਮਹਿਲਾ ਕਮਿਸ਼ਨ ਦੀ ਪ੍ਰਧਾਨ ਨੂੰ ਵੀ ਘੇਰ ਕੇ ਬੇਇੱਜ਼ਤ ਕੀਤਾ ਜਾਂਦਾ ਹੈ। ਧਰਨਾਕਾਰੀਆਂ ਨੇ ਕੁੜੀਆਂ ਨੂੰ ਡਟੇ ਰਹਿਣ ਦਾ ਸੁਨੇਹਾ ਦਿੱਤਾ ਤੇ ਕਿਹਾ ਕਿ ਲੋਕਾਂ ਦੀ ਇੱਕਜੁੱਟ ਤਾਕਤ, ਮੋਦੀ ਸਰਕਾਰ ਦੀ ਸ਼ਹਿ ਪ੍ਰਾਪਤ ਹੰਕਾਰੀ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਵਾ ਕੇ ਰਹੇਗੀ। ਇਸ ਮੌਕੇ ਲਖਵਿੰਦਰ ਖਾਨਪੁਰ, ਗੀਤਾ ਛਿੱਬਰ, ਜਸਵਿੰਦਰ ਸੋਜਾ, ਮਾਸਟਰ ਬ੍ਰਿਜ ਲਾਲ, ਪ੍ਰਲਾਦ ਨਿਆਲ, ਰਾਜ ਕਿਸ਼ਨ, ਹਰਦੇਵ ਸਿੰਘ, ਗੀਤ ਕਕਰਾਲਾ, ਲਛਮਣ ਸਿੰਘ, ਜਗਤਾਰ ਸਾਹਪੁਰ, ਭਜਨ ਲੰਗ, ਗੁਰਮੀਤ ਸਿੰਘ ਤੇ ਸੁਖਦੇਵ ਸਿੰਘ ਨਿਆਲ, ਸਮੇਤ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

# ਸੰਘਰਸ਼ ਦੀ ਚਿਤਾਵਨੀ ਦੇਣ 'ਤੇ ਵਿਭਾਗ ਹੋਇਆ ਸਰਗਰਮ

**ਅਧਿਕਾਰੀ ਖੇਤਾਂ 'ਚ ਕਰਨ ਲੱਗੇ ਨਹਿਰੀ ਖਾਲਿਆਂ ਦੀ ਨਿਸ਼ਾਨਦੇਹੀ**



ਨਹਿਰੀ ਵਿਭਾਗ ਅਧਿਕਾਰੀ ਕਰਮਚਾਰੀ ਕਿਸਾਨਾਂ ਵੱਲੋਂ ਵਾਹੇ ਖਾਲਾਂ ਦੀ ਨਿਸ਼ਾਨਦੇਹੀ ਕਰਦੇ ਹੋਏ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਹਲਕਾ ਸ਼ੁਤਰਾਣਾ ਦੇ ਘੱਗਰ ਪਾਰ ਦਰਜਨ ਦੇ ਕਰੀਬ ਪਿੰਡਾਂ ਦੇ ਲੋਕ ਨੇ ਧਰਤੀ ਹੇਠਲਾ ਪਾਣੀ ਡੂੰਘਾ ਚੱਲਿਆ ਜਾਣ ਕਾਰਨ ਬੰਜਰ ਹੋਣ ਵੱਲ ਵੱਧ ਰਹੀਆਂ ਉਪਜਾਊ ਜ਼ਮੀਨਾਂ ਨੂੰ ਬਚਾਉਣ ਲਈ ਪਿਛਲੇ ਦਿਨੀਂ ਭਰਵੀਂ ਮੀਟਿੰਗ ਵਿੱਚ ਚਿੰਤਤਾ ਜ਼ਾਹਰ ਕਰਦਿਆਂ ਖੇਤਾਂ ਦੀ ਸਿੰਚਾਈ ਲਈ ਨਹਿਰੀ ਪਾਣੀ ਨਾ ਮਿਲਣ ਦੀ ਸੂਰਤ ਵਿੱਚ ਸੰਘਰਸ਼ ਦਾ ਰਾਹ ਅਖਤਿਆਰ ਕਰਨ ਦੀ ਚਿਤਾਵਨੀ ਦਿੱਤੀ ਸੀ। ਇਸੇ ਦੌਰਾਨ ਨਹਿਰੀ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਕਿਸਾਨਾਂ ਦੀ ਸਮੱਸਿਆ ਨੂੰ ਹੱਲ ਕਰਨ ਦਾ ਯਕੀਨ ਦਿਵਾਇਆ ਸੀ, ਜਿਸ ਉਤੇ ਪਹਿਰਾ ਦਿੰਦਿਆਂ ਖੇਤਾਂ ਵਿੱਚੋਂ ਕਿਸਾਨਾਂ ਵੱਲੋਂ ਵਾਹੇ ਗਏ ਨਹਿਰੀ ਖਾਲ (ਰਜਬਾਹਿਆਂ) ਦੀ ਸਰਗਰਮੀ ਨਾਲ ਭਾਲ ਕਰਨੀ ਸ਼ੁਰੂ ਕਰ ਦਿੱਤੀ ਹੈ। ਨਹਿਰੀ ਵਿਭਾਗ ਦੀ ਸਰਗਰਮੀ ਮਗਰੋਂ ਕਿਸਾਨਾਂ ਨੂੰ ਨਹਿਰੀ ਪਾਣੀ ਮਿਲਣ ਦੀ ਉਮੀਦ ਜਾਗੀ ਹੈ।

ਘੱਗਰ ਪਾਰ ਦੇ ਪਿੰਡਾਂ ਅਰਨੋਂ, ਬਹਿਰ ਸਾਹਿਬ, ਸਾਗਰਾ, ਗਲੋਲੀ, ਸ਼ੇਰਗੜ੍ਹ ਆਦਿ ਪਿੰਡਾਂ ਦੇ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਦੀਆਂ ਉਪਜਾਊ ਜ਼ਮੀਨਾਂ ਦੇ ਬੰਜਰ ਬਣਨ ਦੀ ਸਥਿਤੀ ਨੇ ਉਨ੍ਹਾਂ ਨੂੰ ਚਿੰਤਾ 'ਚ ਪਾਇਆ ਹੈ। ਉਨ੍ਹਾਂ ਵੱਲੋਂ ਆਪਣਿਆਂ ਮਹਿੰਗੇ ਭਾਅ ਦੀਆਂ ਉਪਜਾਊ ਜ਼ਮੀਨਾਂ ਨੂੰ ਬਚਾਉਣ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਤੋਂ ਸਿੰਚਾਈ ਲਈ ਨਹਿਰੀ ਪਾਣੀ ਦੇਣ ਦੀ ਜ਼ੋਰਦਾਰ ਮੰਗ ਕੀਤੇ ਜਾਣ 'ਤੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਵੱਲੋਂ ਵਿਧਾਨ ਸਭਾ ਦੇ ਅਜਲਾਸ ਵਿੱਚ ਪ੍ਰਸ਼ਨ ਕਾਲ ਦੌਰਾਨ ਦੋ ਵਾਰੀ ਕਿਸਾਨਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੀ ਮੰਗ ਕੀਤੇ ਜਾਣ 'ਤੇ ਜਦੋਂ ਕੋਈ ਕਾਰਵਾਈ ਨਹੀਂ ਹੋ ਰਹੀ ਤਾਂ ਆਮ ਲੋਕਾਂ ਦੀ ਕਦੋਂ ਸੁਣਵਾਈ ਹੋਵੇਗੀ। ਉਕਤ ਪਿੰਡਾਂ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਹਲਕਾ ਸ਼ੁਤਰਾਣਾ ਦੇ ਘੱਗਰ ਪਾਰ ਦੇ ਕੁੱਝ ਪਿੰਡਾਂ ਨੂੰ ਸਿੰਚਾਈ ਲਈ ਨਾ-ਮਾਤਰ ਨਹਿਰੀ ਪਾਣੀ ਹਰਿਆਣੇ ਵਿੱਚੋਂ ਦੀ ਹੋ ਕੇ ਪੰਜਾਬ ਦੇ ਪਿੰਡਾਂ ਵਿੱਚ ਆਉਂਦਾ ਹੈ। ਹਰਿਆਣੇ ਦੇ ਕਿਸਾਨ ਲੋੜ ਸਮੇਂ ਪਿੱਛੇ ਹੀ ਪਾਣੀ ਨੂੰ ਰੋਕ ਲੈਂਦੇ ਹਨ, ਜਦੋਂ ਉਨ੍ਹਾਂ ਦੀ ਜ਼ਰੂਰਤ ਪੂਰੀ ਹੋ ਜਾਂਦੀ ਹੈ ਤਾਂ ਉਹ ਪਾਣੀ ਛੱਡ ਕੇ ਉਨ੍ਹਾਂ ਦੀਆਂ ਫਸਲਾਂ ਬਰਬਾਦ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨਹਿਰੀ ਪਾਣੀ ਦਾ ਕੋਈ ਠੋਸ ਹੱਲ ਕੱਢਦੀ ਹੈ ਤਾਂ ਇਲਾਕੇ ਦੇ ਕਿਸਾਨ ਸਰਕਾਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਨੂੰ ਤਿਆਰ ਹਨ। ਨਹਿਰੀ ਵਿਭਾਗ ਨੇ ਕਿਸਾਨਾਂ ਦੀ ਸਮੱਸਿਆ ਨੂੰ ਹੱਲ ਕਰਨ ਦੇ ਇਰਾਦੇ ਨਾਲ ਵਿਭਾਗ ਦੇ ਡਿਪਟੀ ਕੁਲੈਕਟਰ ਖੁਸ਼ਬੀਰ ਸਿੰਘ ਦੀ ਰਹਿਨੁਮਾਈ ਹੇਠ ਐੱਸ.ਡੀ.ਓ. ਮਕੈਨੀਕਲ ਅਮਰਿੰਦਰ ਸਿੰਘ, ਜੇ. ਈ. ਧਰਮਵੀਰ ਸਿੰਘ, ਜੇ. ਈ. ਪ੍ਰਭਜੋਤ ਸਿੰਘ, ਜੇ. ਈ. ਜਸਵੰਤ ਸਿੰਘ, ਬਲਦੇਵ ਸਿੰਘ ਚੀਮਾ, ਬਹਿਰ ਸਾਹਿਬ ਦੇ ਪਟਵਾਰੀ ਅਮਰਜੀਤ ਧੀਮਾਨ, ਸਾਗਰਾ ਦੇ ਪਟਵਾਰੀ ਦਮਨਦੀਪ ਸਿੰਘ, ਅਰਨੋਂ ਦੇ ਪਟਵਾਰੀ ਸਮੀਰ ਸ਼ੁਕਲਾ ਆਦਿ ਵੱਲੋਂ ਪਿੰਡ ਬਹਿਰ ਸਾਹਿਬ, ਅਰਨੋਂ, ਸਾਗਰਾ ਤੇਈਪੁਰ ਤੇ ਗਲੋਲੀ ਆਦਿ ਪਿੰਡਾਂ ਵਿਚਲੇ ਨਹਿਰੀ ਪਾਣੀ ਦੇ ਖਾਲੇ ਦੋ ਕਿਸਾਨਾਂ ਨੇ ਵਾਹ ਕੇ ਆਪਣੀਆਂ ਜ਼ਮੀਨਾਂ ਵਿੱਚ ਮਿਲਾ ਲਏ ਸੀ, ਉਨ੍ਹਾਂ ਦੀ ਨਿਸ਼ਾਨਦੇਹੀ ਕੀਤੇ ਜਾਣ ਮਗਰੋਂ ਕਿਸਾਨ ਆਪਣੇ ਟਰੈਕਟਰਾਂ ਨਾਲ ਨਹਿਰੀ ਪਾਣੀ ਦੇ ਖਾਲਿਆਂ ਦੀਆਂ ਵੱਟਾਂ ਪਾ ਕੇ ਉਨ੍ਹਾਂ ਨੂੰ ਬਹਾਲ ਕਰ ਰਹੇ ਹਨ। ਇਸ ਮੌਕੇ ਤੇਈਪੁਰ ਦੇ ਸਰਪੰਚ ਸੰਦੀਪ ਸਿੰਘ, ਸਾਗਰਾ ਦੇ ਸਰਪੰਚ ਗੁਰਪ੍ਰੀਤ ਸਿੰਘ ਸਾਗਰਾ, ਓਮਕਾਰ ਸਿੰਘ ਬਹਿਰ ਸਾਹਿਬ, ਮਦਨ ਲਾਲ ਢਾਬੀ ਗੁੱਜਰਾਂ, ਰਾਜੀਵ ਕੁਮਾਰ ਅਰਨੋਂ, ਹਰਦੀਪ ਸਿੰਘ ਨੰਬਰਦਾਰ, ਬੂਟਾ ਸਿੰਘ ਢਿੱਲੋਂ, ਸੁਰਜੀਤ ਸਿੰਘ ਜੱਜ ਅਰਨੋਂ, ਹਰਦੀਪ ਸਿੰਘ ਸਰਪੰਚ ਆਦਿ ਹਾਜ਼ਰ ਸਨ।

## ਕਾਤਰਾਂ

### ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੀ ਚੋਣ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਚੋਣ ਇਜਲਾਸ ਦੌਰਾਨ ਸਰਕਲ ਫ਼ਿਰੋਜ਼ਪੁਰ ਦੇ ਸਾਥੀ ਲਖਵੀਰ ਸਿੰਘ ਸੁੱਖੇਵਾਲਾ ਨੂੰ ਸੀਨੀਅਰ ਮੀਤ ਪ੍ਰਧਾਨ ਪੰਜਾਬ ਅਤੇ ਸਤੀਸ਼ ਕੁਮਾਰ ਜੇਈ ਨੂੰ ਸਕੱਤਰ ਪੰਜਾਬ ਨਿਯੁਕਤ ਕੀਤਾ ਗਿਆ।ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਦੇ ਜ਼ੋਨ ਪ੍ਰਧਾਨ ਬਲਕਾਰ ਸਿੰਘ ਭੁੱਲਰ ਨੇ ਕਿਹਾ ਕਿ ਉਕਤ ਸਾਥੀਆਂ ਦੀ ਨਿਯੁਕਤੀ ਸਰਕਲ ਫ਼ਿਰੋਜ਼ਪੁਰ ਲਈ ਬੜੀ ਫ਼ਖ਼ਰ ਵਾਲੀ ਗੱਲ ਹੈ ਅਤੇ ਇਨ੍ਹਾਂ ਦੋਵਾਂ ਸਾਥੀਆਂ ਦਾ ਜਥੇਬੰਦੀ ਨੂੰ ਬਹੁਤ ਵੱਡਾ ਯੋਗਦਾਨ ਹੈ, ਕਿਉਂਕਿ ਸਾਥੀਆਂ ਨੇ ਬੜੀ ਇਮਾਨਦਾਰੀ ਨਾਲ ਜਥੇਬੰਦੀ 'ਚ ਕੰਮ ਕੀਤਾ ਹੈ। ਇਸ ਮੌਕੇ ਬਲਕਾਰ ਸਿੰਘ ਭੁੱਲਰ, ਸੁਖਦੇਵ ਸਿੰਘ ਬੱਗੀ ਪਤਨੀ, ਅਸ਼ਵਨੀ ਕੁਮਾਰ, ਰਾਕੇਸ਼ ਸੈਣੀ, ਗੁਰਦਿੱਤ ਸਿੰਘ ਸਿੱਧੂ, ਬਲਦੇਵ ਸਿੰਘ ਮੋਗਾ, ਰੋਹਿਤ ਪ੍ਰਧਾਨ ਜਲਾਲਾਬਾਦ, ਗਿਆਨ ਚੰਦ, ਜਸਵੰਤ ਸਿੰਘ ਗੁਰੂਹਰਸਹਾਏ, ਧਰਮਦੇਵ, ਸੁਖਚੈਨ ਸਿੰਘ, ਸੁਖਦੇਵ ਸਿੰਘ ਸਟੋਰ, ਰਾਜੇਸ਼ ਦੱਤਾ ਪ੍ਰਧਾਨ, ਬਲਵੀਰ ਸੰਧੂ, ਲੱਖਾ ਸਿੰਘ ਫ਼ਿਰੋਜ਼ਸ਼ਾਹ, ਪੈਨਸ਼ਨ ਪ੍ਰਧਾਨ ਮੋਹਨ ਸਿੰਘ ਗਾਦੜੀ ਵਾਲਾ, ਹਰਬੰਸ ਸਿੰਘ ਤਲਵੰਡੀ, ਮਨਿੰਦਰ ਸਿੰਘ ਸੁੱਖੇਵਾਲਾ ਆਦਿ ਸਾਥੀਆਂ ਨੇ ਲਖਵੀਰ ਸਿੰਘ ਸੁੱਖੇਵਾਲਾ ਤੇ ਸਤੀਸ਼ ਕੁਮਾਰ ਨੂੰ ਵਧਾਈ ਦਿੱਤੀ।

### ਮਾਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਮੌਤ

**ਮਾਨਸਾ (ਪਮਾਰ)**-ਰੇਲਵੇ ਲਾਈਨ ਕੋਟਲੀ ਕਲਾਂ-ਮੌੜ ਦਰਮਿਆਨ (ਕੋਟਲੀ ਕਲਾਂ ਵਾਲੀ ਨਹਿਰ 'ਤੇ) ਇੱਕ ਵਿਅਕਤੀ, ਜਿਸ ਦੀ ਉਮਰ ਕਰੀਬ 24 ਤੋਂ 25 ਸਾਲ ਹੈ, ਰੇਲਵੇ ਲਾਈਨ ਕਰਾਸ ਕਰਦੇ ਸਮੇਂ ਮਾਲ ਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਮੌਤ ਹੋ ਗਈ ਹੈ। ਇਹ ਜਾਣਕਾਰੀ ਏ.ਐਸ.ਆਈ. ਨਿਰਮਲ ਸਿੰਘ ਚੌਕੀ ਇੰਚਾਰਜ ਜੀ.ਆਰ.ਪੀ ਨੇ ਦਿੱਤੀ। ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਲਾਸ਼ ਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਵਿਖੇ ਰੱਖਿਆ ਗਿਆ ਹੈ, ਜਿਸ ਦਾ ਹੁਲੀਆ ਸਾਂਵਲਾ ਰੰਗ, ਲੰਬੂਤਰਾ ਚਿਹਰਾ, ਪਤਲਾ ਤੇ ਫੁਰਤੀਲਾ ਸਰੀਰ, ਸਿਰ ਦੇ ਵਾਲ ਕਾਲੇ ਅਤੇ ਕੱਟੇ ਹੋਏ, ਗਲ ਵਿਚ ਚਿੱਟਾ ਧਾਗਾ, ਖੱਬੀ ਬਾਂਹ ਦੀ ਕਲਾਈ 'ਤੇ ਧਾਗਾ ਬੰਨ੍ਹਿਆ ਹੈ। ਕੱਦ 5 ਫੁੱਟ 6 ਇੰਚ ਹੈ। ਵਧੇਰੇ ਜਾਣਕਾਰੀ ਲਈ ਚੌਕੀ ਇੰਚਾਰਜ ਨਿਰਮਲ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

### ਗੱਡੀ ਦੀ ਤਾਕੀ ਦੀ ਲਪੇਟ 'ਚ ਆਉਣ ਕਾਰਨ ਮੋਟਰਸਾਈਕਲ ਸਵਾਰ ਜ਼ਖ਼ਮੀ

**ਤਪਾ ਮੰਡੀ (ਅਰੁਣ ਗੋਇਲ)**-ਐਚ ਡੀ ਐਫ਼ ਸੀ ਬੈਂਕ ਨੇੜੇ ਪਿਕਅਪ ਗੱਡੀ ਦੀ ਤਾਕੀ ਦੀ ਲਪੇਟ 'ਚ ਆਉਣ ਕਾਰਨ ਇੱਕ ਮੋਟਰਸਾਇਕਲ ਸਵਾਰ ਡਿੱਗ ਕੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕੱਤਰ ਭੀੜ ਨੇ ਦੱਸਿਆ ਕਿ ਇੱਕ ਪਿਕਅਪ ਗੱਡੀ ਸਕੂਲ ਦੀ ਕੰਧ ਨਾਲ ਖੜੀ ਸੀ, ਜਦ ਚਾਲਕ ਨੇ ਤਾਕੀ ਖੋਲ੍ਹੀ ਤਾਂ ਦੂਜੇ ਪਾਸੇ ਤੋਂ ਆ ਰਿਹਾ ਮੋਟਰਸਾਇਕਲ ਸਵਾਰ ਵਿੱਚ ਵੱਜਣ ਕਾਰਨ ਡਿੱਗਅਕੇ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ, ਜਿਸ ਨੂੰ ਮਿੰਨੀ ਸਹਾਰਾ ਕਲੱਬ ਦੀ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਭਰਤੀ ਕਰਾਇਆ ਗਿਆ। ਜ਼ਖ਼ਮੀ ਦਰਬਾਰਾ ਸਿੰਘ ਪੁੱਤਰ ਮੱਲ ਸਿੰਘ ਵਾਸੀ ਤਪਾ, ਸਪੇਅਰ ਪਾਰਟਸ ਦੀ ਦੁਕਾਨ 'ਤੇ ਨੌਕਰੀ ਕਰਦਾ ਹੈ ਅਤੇ ਦੁਕਾਨ ਦਾ ਕੰਮ ਕਰਕੇ ਵਾਪਸ ਆ ਰਿਹਾ ਸੀ ਤਾਂ ਘਟਨਾ ਵਾਪਰ ਗਈ ਅਤੇ ਪਤਾ ਲੱਗਾ ਹੈ ਕਿ ਉਸ ਦੀ ਲੱਤ ਤੇ ਗੰਭੀਰ ਸੱਟਾਂ ਹਨ।

### ਅੱਜ ਔਰਤਾਂ ਦੇ ਵੱਡੇ ਜਥੇ ਸਮੇਤ ਦਿੱਲੀ ਜੰਤਰ ਮੰਤਰ ਜਾਵਾਂਗੇ : ਕੜਮਾਂ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ ਦਰਸ਼ਨ ਸਿੰਘ ਕੜਮਾਂ ਨੇ ਦੱਸਿਆ ਕਿ 12 ਮਈ ਨੂੰ ਦਿੱਲੀ ਦੇ ਜੰਤਰ ਮੰਤਰ ਵਿਖੇ ਚੱਲ ਰਹੇ ਪਹਿਲਵਾਨਾਂ ਦੇ ਧਰਨੇ ਵਿਚ ਔਰਤਾਂ ਦੇ ਜਥੇ ਸਮੇਤ ਸ਼ਮੂਲੀਅਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਬਰ-ਜ਼ਿਨਾਹ ਦੇ ਦੋਸ਼ੀ ਭਾਜਪਾਈ ਪਾਰਲੀਮੈਂਟ ਮੈਂਬਰ ਅਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਿੰਘ ਨੂੰ ਬਚਾਉਣ ਲਈ ਮੋਦੀ ਸਰਕਾਰ ਦੀ ਪਹੁੰਚ, ਢੀਠਪੁਣੇ ਦੀ ਹੱਦ ਹੈ।ਦੇਸ਼ ਲਈ ਤਗਮੇ ਜਿੱਤਣ ਵਾਲੀਆਂ ਪਹਿਲਵਾਨ ਕੁੜੀਆਂ ਇਕ ਜਬਰ-ਜ਼ਿਨਾਹ ਕਰਨ ਵਾਲੇ ਨੂੰ ਗ੍ਰਿਫ਼ਤਾਰ ਕਰਾਉਣ ਲਈ ਧਰਨੇ 'ਤੇ ਬੈਠੀਆਂ ਹਨ, ਪਰ ਸਰਕਾਰ ਉਨ੍ਹਾਂ ਦੀ ਸੁਣਵਾਈ ਕਰਨ ਦੀ ਬਜਾਏ ਉਨ੍ਹਾਂ ਦੀ ਬਿਜਲੀ ਬੰਦ ਕਰਦੀ ਹੈ, ਗੱਦੇ ਖੋਹ ਲੈਂਦੀ ਹੈ ਤੇ ਪੁਲਿਸ ਉਨ੍ਹਾਂ ਨਾਲ ਧੱਕਾ-ਮੁੱਕੀ ਕਰਦੀ ਹੈ। ਉਨ੍ਹਾਂ ਕਿਹਾ ਕਿ 12 ਮਈ ਨੂੰ ਸੈਂਕੜੇ ਕਿਸਾਨ ਔਰਤਾਂ ਦੇ ਜਥੇ ਸਮੇਤ ਜੰਤਰ ਮੰਤਰ ਪਹੁੰਚ ਕੇ ਪਹਿਲਵਾਨ ਕੁੜੀਆਂ ਦੇ ਘੋਲ ਦੀ ਹਮਾਇਤ ਕੀਤੀ ਜਾਵੇਗੀ।

### ਕਾਲਾਂਵਾਲੀ 'ਚ ਦੋ ਮੈਡੀਕਲ ਸਟੋਰ ਸੀਲ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਜ਼ਿਲ੍ਹਾ ਡਰੱਗ ਕੰਟਰੋਲਰ ਡਾ. ਰਜਨੀਸ਼ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਪਾਰਥ ਗੁਪਤਾ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਵਿੱਢੀ ਮੁਹਿੰਮ ਤਹਿਤ ਉਨ੍ਹਾਂ ਨੇ ਆਪਣੀ ਟੀਮ ਸਮੇਤ ਕਾਲਾਂਵਾਲੀ ਵਿਖੇ ਤਿੰਨ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ, ਜਿਸ ਵਿੱਚ ਦੋ ਮੈਡੀਕਲ ਸਟੋਰਾਂ ਤੇ ਨਸ਼ੀਲੇ ਪਦਾਰਥ ਮਿਲੇ। ਇਸ ਟੀਮ ਨੇ ਰਿਕਾਰਡ ਵਿੱਚ ਬੇਨਿਯਮੀਆਂ ਪਾਏ ਜਾਣ 'ਤੇ ਸਬੰਧਤ ਮੈਡੀਕਲ ਆਪ੍ਰੇਟਰ ਵੱਲੋਂ ਤਸੱਲੀਬਖਸ਼ ਜਵਾਬ ਨਾ ਦੇਣ 'ਤੇ ਦੋ ਮੈਡੀਕਲ ਸਟੋਰਾਂ ਨੂੰ ਸੀਲ ਕਰ ਦਿੱਤਾ ਹੈ। ਡਾ. ਰਜਨੀਸ਼ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਪਾਰਥ ਗੁਪਤਾ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੀ ਦਿਸ਼ਾ ਵਿੱਚ ਸਬੰਧਤ ਵਿਭਾਗਾਂ ਤੇ ਸਮਾਜਿਕ ਸੰਸਥਾਵਾਂ ਵੱਲੋਂ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ।ਨਸ਼ਾ ਮੁਕਤ ਸਿਰਸਾ ਮੁਹਿੰਮ ਵਿੱਚ ਲਗਾਤਾਰ ਨਿਗਰਾਨੀ ਦੇ ਨਾਲ-ਨਾਲ ਪੁਲਸ ਪ੍ਰਸ਼ਾਸਨ ਵੱਲੋਂ ਨਸ਼ਾ ਵੇਚਣ ਤੇ ਸਮੱਗਲਰਾਂ ਨੂੰ ਨੱਥ ਪਾਉਣ ਦੇ ਮਕਸਦ ਨਾਲ ਸਖ਼ਤ ਕਾਰਵਾਈ ਵੀ ਕੀਤੀ ਜਾ ਰਹੀ ਹੈ।

### ਭਾਕਿਯੂ (ਏਕਤਾ) ਉਗਰਾਹਾਂ ਵੱਲੋਂ ਬਾਹਮਣੀਵਾਲਾ 'ਚ ਇਕਾਈ ਦਾ ਗਠਨ

**ਜਲਾਲਾਬਾਦ (ਜੀਤ ਕੁਮਾਰ)**-ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਵੱਲੋਂ ਪਿੰਡ ਬਾਹਮਣੀਵਾਲਾ ਦੀ ਇਕਾਈ ਦਾ ਗਠਨ ਕਰਨ ਸਰਬਸੰਮਤੀ ਨਾਲ ਕੀਤਾ ਗਿਆ। ਇਸ ਸੰਬਧੀ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਭੇਜ ਸਿੰਘ ਰੋਹੀਵਾਲਾ, ਸੀਨੀ. ਮੀਤ ਪ੍ਰਧਾਨ ਗੁਰਮੀਤ ਸਿੰਘ ਮੰਨੇਵਾਲਾ, ਬਲਾਕ ਪ੍ਰਧਾਨ ਪਿੱਪਲ ਸਿੰਘ ਘਾਂਗਾ ਕਲਾਂ, ਮੀਤ ਪ੍ਰਧਾਨ ਸ਼ੇਰ ਸਿੰਘ ਚੱਕ ਸੈਦੋਕੇ, ਜਸਵਿੰਦਰ ਸਿੰਘ ਭੁੱਲਰ, ਤਰਸੇਮ ਸਿੰਘ, ਚਾਨਣ ਸਿੰਘ ਪੁੱਜੇ ਤੇ ਕਿਸਾਨੀ ਮਸਲਿਆਂ ਨੂੰ ਲੈ ਕੇ ਚੱਲ ਰਹੇ ਸੰਘਰਸ਼ ਬਾਰੇ ਲਾਮਬੰਦ ਕੀਤਾ, ਜਿਸ ਦੇ ਬਾਅਦ ਪਿੰਡ ਬਾਹਮਣੀਵਾਲਾ ਇਕਾਈ ਪ੍ਰਧਾਨ ਬਲਜੀਤ ਸਿੰਘ, ਸੀਨੀ. ਮੀਤ ਪ੍ਰਧਾਨ ਪਿੱਪਲ ਸਿੰਘ, ਮੀਤ ਪ੍ਰਧਾਨ ਮੱਖਣ ਸਿੰਘ, ਜਨਰਲ ਸਕੱਤਰ ਜਗਜੀਤ ਕੁਮਾਰ, ਖਜ਼ਾਨਚੀ ਪ੍ਰਸ਼ੋਤਮ ਖੰਨਾ, ਸੰਗਠਨ ਸਕੱਤਰ ਕਸ਼ਮੀਰ ਸਿੰਘ, ਪ੍ਰਚਾਰ ਸਕੱਤਰ ਦੀਪਕ ਜੋਸਨ, ਸਕੱਤਰ ਮਨਜੀਤ ਸਿੰਘ, ਸਲਾਹਕਾਰ ਮੁਖਤਿਆਰ ਸਿੰਘ, ਅਨੀਸ਼ ਕੁਮਾਰ, ਸੋਹਨ ਸਿੰਘ, ਸਰਵਨ ਕੁਮਾਰ, ਭਗਵਾਨ ਦਾਸ, ਕੁਲਦੀਪ ਸਿੰਘ ਚੁਣੇ ਗਏ। ਇਸ ਮੌਕੇ ਜ਼ਿਲ੍ਹਾ ਆਗੂਆਂ ਨੇ ਨਵੀਂ ਚੁਣੀ ਗਈ ਇਕਾਈ ਦੇ ਅਹੁਦੇਦਾਰਾਂ ਨੂੰ ਕਿਸਾਨੀ ਮੰਗਾਂ ਨੂੰ ਯੂਨੀਅਨ ਦੇ ਚੱਲ ਰਹੇ ਸੰਘਰਸ਼ਾਂ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।

# ਕਾਂਗਰਸ ਵੱਡੀ ਲੀਡ ਨਾਲ ਜ਼ਿਮਨੀ ਚੋਣ ਜਿੱਤੇਗੀ : ਮਨਜੀਤ ਮਾਨ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਮਾਨ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਕਾਂਗਰਸ ਪਾਰਟੀ ਵੱਡੀ ਲੀਡ ਨਾਲ ਜਿੱਤੇਗੀ। ਮਾਨ ਨੇ ਦੱਸਿਆ ਕਿ ਉਹ ਪਿਛਲੇ 20 ਦਿਨਾਂ ਤੋਂ ਪਾਰਟੀ ਦੇ ਹੁਕਮਾਂ 'ਤੇ ਨਕੋਦਰ ਦੇ 13 ਪਿੰਡਾਂ ਵਿਚ ਕਾਂਗਰਸ ਪਾਰਟੀ ਦੀ ਉਮੀਦਵਾਰ ਪ੍ਰੋ. ਕਰਮਜੀਤ ਕੌਰ ਚੌਧਰੀ ਦੇ ਹੱਕ ਵਿਚ ਪਿੰਡ-ਪਿੰਡ ਜਾ ਕੇ ਮੀਟਿੰਗਾਂ ਕਰਕੇ ਅਤੇ ਡੋਰ ਟੂ ਡੋਰ ਜਾ ਕੇ ਪ੍ਰਚਾਰ ਕਰਕੇ ਵਾਪਸ ਆਏ ਹਨ। ਇਸ ਮੌਕੇ ਉਨ੍ਹਾ ਨਾਲ ਮੋਗਾ ਤੋਂ ਦੀਪ ਸਹੋਤਾ ਨਿਰੰਜਨ ਸਿੰਘ ਮੋਠਾਂਵਾਲੀ, ਜੋਗਿੰਦਰ ਗੋਰੀ, ਵਿਕਰਮ ਸਿੰਘ ਪੱਤੋ, ਰੋਹਨ ਵਰਮਾ, ਵਿੱਕੀ, ਰਾਜੂ ਸਹੋਤਾ ਚੇਅਰਮੈਨ ਐਸ ਸੀ ਸੈਲ ਨੇ ਵੀ ਆਪਣੀ ਹਾਜ਼ਰੀ ਲੁਆਈ।

# ਗੈਰ-ਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਸਕੂਲ ਵਿਰੁੱਧ ਮਹਿਕਮੇ ਵੱਲੋਂ ਪੜਤਾਲ ਸ਼ੁਰੂ : ਢੋਸੀਵਾਲ

**ਡੀ ਈ ਓ ਨੇ ਆਰ ਟੀ ਆਈ ਦੇ ਜਵਾਬ 'ਚ ਦਿੱਤੀ ਜਾਣਕਾਰੀ**



ਪ੍ਰਧਾਨ ਢੋਸੀਵਾਲ ਡੀ.ਈ.ਓ. ਵੱਲੋਂ ਭੇਜੇ ਪੱਤਰ ਦੀ ਨਕਲ ਦਿਖਾਉਂਦੇ ਹੋਏ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪ੍ਰਿੰਸੀਪਲ ਸ਼ਵੇਤਾ ਦਾਬੜਾ ਸਮੇਤ ਜੋਤੀ ਭਾਟੀਆ ਤੇ ਸੁਰਿੰਦਰ ਦਾਬੜਾ ਅਤੇ ਹੋਰਨਾਂ ਵੱਲੋਂ ਸਥਾਨਕ ਗਾਂਧੀ ਨਗਰ ਵਿਖੇ ਗੈਰ-ਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਗੁਗਲਾਨੀ ਪਲੇ ਵੇ ਐਂਡ ਪਬਲਿਕ ਸਕੂਲ ਵਿਰੁੱਧ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਪੜਤਾਲ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਆਲ ਇੰਡੀਆ ਐੱਸ.ਸੀ./ਬੀ.ਸੀ./ਐੱਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੂੰ ਭੇਜੇ ਗਏ ਪੱਤਰ ਨੰ: ਸਸਅ/2023 ਆਰ ਟੀ ਆਈ/126439 ਮਿਤੀ 08 ਮਈ 2023 ਅਨੁਸਾਰ ਦਿੱਤੀ ਹੈ। ਮਾਮਲਾ ਪੜਤਾਲ ਅਧੀਨ ਹੋਣ ਕਰਕੇ ਸੂਚਨਾ ਨਾ ਦਿੱਤੇ ਜਾ ਸਕਣ ਬਾਰੇ ਪੱਤਰ ਵਿੱਚ ਲਿਖਤੀ ਤੌਰ 'ਤੇ ਦੱਸਿਆ ਗਿਆ ਹੈ। ਇਥੇ ਇਹ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਉਨ੍ਹਾ ਦੀ ਸੰਸਥਾ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਉਕਤ ਸਕੂਲ ਸਰਕਾਰੀ ਨਿਯਮਾਂ ਤੇ ਸਿੱਖਿਆ ਦੇ ਅਧਿਕਾਰ ਐਕਟ ਦੀਆਂ ਸ਼ਰੇਆਮ ਧੱਜੀਆਂ ਉਡਾਉਂਦੇ ਹੋਏ ਗੈਰ-ਕਾਨੂੰਨੀ ਢੰਗ ਨਾਲ ਚਲਾ ਕੇ ਵਿਦਿਆਰਥੀਆਂ ਦੇ ਜੀਵਨ ਤੇ ਭਵਿੱਖ ਨਾਲ ਖਿਲਵਾੜ ਕਰ ਰਿਹਾ ਹੈ, ਜਿਸ ਲਈ ਸਕੂਲ ਚਲਾਉਣ ਵਾਲਾ ਪ੍ਰਿੰਸੀਪਲ ਤੇ ਹੋਰ ਵਿਅਕਤੀ ਸਪੱਸ਼ਟ ਰੂਪ ਵਿੱਚ ਜ਼ਿੰਮੇਵਾਰ ਹਨ। ਢੋਸੀਵਾਲ ਨੇ ਦੱਸਿਆ ਕਿ ਇਸ ਬੇਨਿਯਮੀ ਬਾਰੇ ਰਾਜ ਦੇ ਮੁੱਖ ਮੰਤਰੀ, ਸਿੱਖਿਆ ਮੰਤਰੀ ਤੇ ਹੋਰਨਾਂ ਅਧਿਕਾਰੀਆਂ ਸਮੇਤ ਜ਼ਿਲ੍ਹੇ ਦੇ ਡੀ.ਈ.ਓ. (ਐ.ਸਿ.) ਨੂੰ ਲਿਖਤੀ ਤੌਰ 'ਤੇ ਸ਼ਿਕਾਇਤ ਕੀਤੀ ਗਈ ਸੀ। ਸ਼ਿਕਾਇਤ ਦੇ ਸਿੱਟੇ ਵਜੋਂ ਡੀ.ਈ.ਓ. ਵੱਲੋਂ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਪ੍ਰਧਾਨ ਢੋਸੀਵਾਲ ਨੇ ਉਮੀਦ ਜ਼ਾਹਰ ਕੀਤੀ ਹੈ ਕਿ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਉਕਤ ਗੁਗਲਾਨੀ ਪਲੇ ਵੇ ਐਂਡ ਪਬਲਿਕ ਸਕੂਲ ਦੇ ਪ੍ਰਿੰਸੀਪਲ ਤੇ ਹੋਰਨਾਂ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਜਲਦੀ ਹੀ ਬਨਦੀ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਕੂਲ ਨੂੰ ਤੁਰੰਤ ਬੰਦ ਕਰਕੇ ਵਿਦਿਆਰਥੀਆਂ ਨੂੰ ਨੇੜਲੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਏ ਜਾਣ ਦੀ ਉਮੀਦ ਵੀ ਜ਼ਾਹਰ ਕੀਤੀ ਹੈ। ਕੇਵਲ ਅਜਿਹਾ ਕਰਕੇ ਹੀ ਵਿਦਿਆਰਥੀਆਂ ਦੇ ਜੀਵਨ ਤੇ ਭਵਿੱਖ ਨੂੰ ਬਚਾਇਆ ਜਾ ਸਕਦਾ ਹੈ।

# ਛੁੱਟੀ ਆਏ ਫੌਜੀ ਦੀ ਨਹਿਰ 'ਚ ਡਿੱਗਣ ਕਾਰਨ ਮੌਤ



**ਬਰੇਟਾ (ਰੀਤਵਾਲ)**-ਨਜ਼ਦੀਕੀ ਪਿੰਡ ਗੁਰਨੇ ਖੁਰਦ ਆਪਣੇ ਘਰ ਛੁੱਟੀ 'ਤੇ ਆਏ ਫੌਜੀ ਦੀ ਮੋਟਰਸਾਈਕਲ ਤੋਂ ਨਹਿਰ ਵਿੱਚ ਡਿੱਗ ਜਾਣ ਕਾਰਨ ਮੌਤ ਹੋ ਜਾਣ ਦੀ ਖਬਰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ (22) ਜੋ ਅਜੇ ਕੁਆਰਾ ਸੀ ਤੇ ਮਿਲਟਰੀ ਵਿੱਚ ਨੌਕਰੀ ਕਰਦਾ ਸੀ। ਉਹ ਕੁਝ ਦਿਨ ਪਹਿਲਾਂ ਛੁੱਟੀ ਲੈ ਕੇ ਆਪਣੇ ਘਰ ਆਇਆ ਸੀ ਤੇ 17 ਮਈ ਨੂੰ ਉਸ ਨੇ ਛੁੱਟੀ ਕੱਟ ਕੇ ਵਾਪਸ ਆਪਣੀ ਡਿਊਟੀ 'ਤੇ ਜਾਣਾ ਸੀ।

ਮ੍ਰਿਤਕ ਦੇ ਪਿਤਾ ਗੁਰਜੀਤ ਸਿੰਘ ਨੇ ਪੁਲਸ ਕੋਲ ਬਿਆਨ ਦਰਜ ਕਰਵਾਇਆ ਹੈ ਕਿ ਉਸ ਦਾ ਲੜਕਾ ਗੁਰਪ੍ਰੀਤ ਸਿੰਘ ਤੇ ਲਖਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਗੁਰਨੇ ਖੁਰਦ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਅਲੀਸ਼ੇਰ ਤੋਂ ਨਹਿਰ ਦੀ ਪਟੜੀ-ਪਟੜੀ ਗੁਰਨੇ ਖੁਰਦ ਨੂੰ ਆ ਰਿਹਾ ਸੀ ਅਤੇ ਉਸ ਦੇ ਪਿੱਛੇ ਦੂਸਰੇ ਮੋਟਰਸਾਈਕਲ 'ਤੇ ਜਗਸੀਰ ਸਿੰਘ ਦੀਪਾ ਪੁੱਤਰ ਮੀਠੂ ਸਿੰਘ ਵਾਸੀ ਗੁਰਨੇ ਖੁਰਦ ਵੀ ਆ ਰਹੇ ਸੀ, ਜਦੋਂ ਫੌਜੀ ਗੁਰਪ੍ਰੀਤ ਸਿੰਘ ਤੇ ਉਸ ਦਾ ਦੋਸਤ ਲਖਵਿੰਦਰ ਸਿੰਘ ਪਿੰਡ ਅਲੀਸ਼ੇਰ ਨਹਿਰ ਦੇ ਪੁਲ ਕੋਲ ਪਹੁੰਚੇ ਤਾਂ ਅਚਾਨਕ ਮੋਟਰਸਾਈਕਲ ਸਲਿੱਪ ਕਰ ਗਿਆ, ਜਿਸ ਕਾਰਨ ਫੌਜੀ ਗੁਰਪ੍ਰੀਤ ਸਿੰਘ ਨਹਿਰ ਵਿੱਚ ਡਿੱਗ ਪਿਆ ਤੇ ਉਸ ਦੀ ਲਾਸ਼ ਅੱਜ ਪਿੰਡ ਖੁਡਾਲ ਕਲਾਂ ਨਹਿਰ ਦੇ ਪੁਲ ਕੋਲੋਂ ਮਿਲੀ ਹੈ। ਚੌਕੀ ਚੋਟੀਆਂ ਦੇ ਇੰਚਾਰਜ ਹਰਮਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਦੇ ਪਿਤਾ ਗੁਰਜੀਤ ਸਿੰਘ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਦਿਆਂ ਲਾਸ਼ ਪੋਸਟਮਾਰਟਮ ਕਰਵਾਉਣ ਮਗਰੋਂ ਵਾਰਿਸਾਂ ਨੂੰ ਸੌਂਪ ਦਿੱਤੀ ਹੈ।

# ਅਲਪਾਇਨ ਵੈਲੀ ਪਬਲਿਕ ਸਕੂਲ 'ਚ ਤਾਜਪੋਸ਼ੀ ਸਮਾਰੋਹ



**ਮਾਨਸਾ (ਮੁਨੀਸ਼ ਕੁਮਾਰ)**-ਅਲਪਾਇਨ ਵੈਲੀ ਪਬਲਿਕ ਸਕੂਲ ਵਿੱਚ ਸਕੂਲ ਕੌਂਸਲ ਤੇ ਹਾਊਸ ਕੌਂਸਲ ਵਿੱਚ ਜੇਤੂ ਵਿਦਿਆਰਥੀਆਂ ਦਾ ਤਾਜਪੋਸ਼ੀ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਵਿਕਾਸ ਸ਼ਰਮਾ ਤੇ ਮੈਨੇਜਿੰਗ ਡਾਇਰੈਕਟਰ ਲੱਖਾ ਸਿੰਘ ਨੇ ਇਹ ਤਾਜਪੋਸ਼ੀ ਦੀ ਰਸਮ ਨਿਭਾਈ ਅਤੇ ਉਨ੍ਹਾ ਨਾਲ ਇਸ ਮੌਕੇ ਸੰਸਥਾ ਦੇ ਡਾਇਰੈਕਟਰ ਮੈਡਮ ਮਨਪ੍ਰੀਤ ਕੌਰ, ਸੀਨੀਅਰ ਤੇ ਜੂਨੀਆਰ ਵਿੰਗ ਕੋਆਰਡੀਨੇਟਰ ਮੈਡਮ ਵੀ ਸ਼ਾਮਲ ਸਨ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਸਰ ਵਿਕਾਸ ਸ਼ਰਮਾ ਨੇ ਬੱਚਿਆਂ ਨੂੰ ਇਸ ਰਸਮ ਤੋਂ ਜਾਣੂ ਕਰਵਾਇਆ ਤੇ ਇਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਮੈਨੇਜਰ ਸਰ ਤੇ ਡਾਇਰੈਕਟਰ ਮੈਡਮ ਮਨਪ੍ਰੀਤ ਕੌਰ ਝੱਬਰ ਨੇ ਸਮੂਹ ਸਕੂਲ ਕੌਂਸਲ ਤੇ ਹਾਊਸ ਕੌਂਸਲ ਨੂੰ ਮੁਬਾਰਕਵਾਦ ਦਿੱਤੀ ਅਤੇ ਉਨ੍ਹਾਂ ਦੀ ਇਸ ਖ਼ੁਸ਼ੀ ਨੂੰ ਹੋਰ ਸਾਂਝਾ ਕਰਨ ਲਈ ਬੱਚਿਆਂ ਲਈ ਖਾਣ-ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸਹੁੰ ਚੁੱਕ ਸਮਾਗਮ ਵੀ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੀ ਹੈੱਡ ਗਰਲ ਵੱਲੋਂ ਸਹੁੰ ਚੁੱਕ ਕੇ ਆਪਣੇ ਕੰਮ ਪ੍ਰਤੀ ਇਮਾਨਦਾਰੀ, ਆਗਿਆਕਾਰੀ ਹੋਣ ਦੀ ਵਚਨਬੱਧਤਾ ਦਾ ਵਾਅਦਾ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਵਿਕਾਸ ਸ਼ਰਮਾ ਨੇ ਸਭ ਤੋਂ ਉੱਤਮ ਹਾਊਸ ਦਾ ਐਲਾਨ ਕੀਤਾ। ਪਿਛਲੇ ਸਾਲ ਦੀ ਕਾਰਗੁਜ਼ਾਰੀ ਨੂੰ ਵੇਖਦੇ ਹੋਏ ਬੈਸਟ ਹਾਊਸ ਦਾ ਇਨਾਮ ਨੀਲਗਿਰੀ ਹਾਊਸ ਨੂੰ ਦਿੱਤਾ ਗਿਆ। ਇਸ ਸਮੇਂ ਪ੍ਰਿੰਸੀਪਲ ਸਰ ਨੇ ਨੀਲਗਿਰੀ ਹਾਊਸ ਦੇ ਇੰਚਾਰਜ ਮੈਡਮ ਮਨਪ੍ਰੀਤ ਕੌਰ ਤੇ ਸਮੂਹ ਮੈਂਬਰ ਸਾਹਿਬਾਨ ਨੂੰ ਮੁਬਾਰਕਵਾਦ ਦਿੱਤੀ ਅਤੇ ਅੱਗੇ ਤੋਂ ਹਰ ਹਾਊਸ ਨੂੰ ਵੱਧ ਚੜ੍ਹ ਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣ ਦੀ ਪ੍ਰੇਰਨਾ ਦਿੱਤੀ।

# ਰੱਖੜਾ ਨੇ ਸੇਖੋਂ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਾਬਕਾ ਕੈਬਨਿਟ ਮੰਤਰੀ ਪੰਜਾਬ ਸੁਰਜੀਤ ਸਿੰਘ ਰੱਖੜਾ ਨੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਕੌਂਸਲਰ ਮਨਜਿੰਦਰ ਸਿੰਘ ਰਾਣਾ ਸੇਖੋਂ ਦੀ ਮਾਤਾ ਹਰਭਜਨ ਕੌਰ ਦੇ ਦੇਹਾਂਤ 'ਤੇ ਰਾਣਾ ਸੇਖੋਂ ਅਤੇ ਉਨ੍ਹਾ ਦੇ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਉਨ੍ਹਾ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਨਿਸ਼ਾਨ ਸਿੰਘ ਸੰਧੂ, ਕੁਲਦੀਪ ਸਿੰਘ ਨੱਸੂਪੁਰ, ਸੋਹਣ ਲਾਲ ਸ਼ਰਮਾ ਅਤੇ ਜਗਤਾਰ ਸਿੰਘ ਸੰਧੂ ਆਦਿ ਮੌਜੂਦ ਰਹੇ।

# ਫਸਲਾਂ ਦੇ ਮੁਆਵਜ਼ੇ ਲਈ ਭਾਕਿਯੂ ਨੇ ਸਰਕਾਰ ਨੂੰ ਭੇਜਿਆ ਮੰਗ ਪੱਤਰ



**ਜਲਾਲਾਬਾਦ (ਜੀਤ ਕੁਮਾਰ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ ਦੀ ਅਗਵਾਈ ਹੇਠ ਐੱਸ.ਡੀ.ਐੱਮ. ਜਲਾਲਾਬਾਦ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ ਹੈ। ਸਰਕਾਰ ਨੂੰ ਭੇਜੇ ਗਏ ਮੰਗ ਪੱਤਰ ਵਿੱਚ ਯੂਨੀਅਨ ਵੱਲੋਂ ਮੰਗ ਕੀਤੀ ਗਈ ਕਿ ਸਾਲ 2021 ਵਿੱਚੋਂ ਝੋਨੇ ਦੀ ਪੱਕੀ ਫਸਲ ਸਮੇਂ ਮੀਂਹ ਤੇ ਗੜ੍ਹੇਮਾਰੀ ਹੋਣ ਕਾਰਨ ਜ਼ਿਲ੍ਹਾ ਫਾਜ਼ਿਲਕਾ ਦੇ ਕਿਸਾਨਾਂ ਦੀ ਝੋਨੇ ਦੀ ਫਸਲ ਮਾਰੀ ਗਈ ਸੀ, ਉਨ੍ਹਾਂ ਕਿਸਾਨਾਂ ਨੂੰ ਅੱਜ ਤੱਕ ਸਰਕਾਰ ਵੱਲੋਂ ਮੁਆਵਜ਼ਾ ਨਹੀਂ ਦਿੱਤੀ ਗਿਆ ਹੈ, ਉਹ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਸਾਲ 2023 ਵਿੱਚ ਕਣਕ ਦੀ ਪੱਕੀ ਫਸਲ ਸਮੇਂ ਮੀਂਹ ਤੇ ਗੜ੍ਹੇਮਾਰੀ ਹੋਣ ਕਾਰਨ ਜ਼ਿਲ੍ਹਾ ਫਾਜ਼ਿਲਕਾ ਦੇ ਕਿਸਾਨਾਂ ਨੂੰ ਮਾਰੀ ਗਈ ਫਸਲ ਦਾ ਮੁਆਵਜ਼ਾ ਅਜੇ ਤੱਕ ਨਹੀਂ ਮਿਲਿਆ ਹੈ, ਫਸਲ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਪੰਚਾਇਤੀ ਜ਼ਮੀਨਾਂ ਦੀ ਬੋਲੀ ਸਮੇਂ ਐੱਸ.ਸੀ. ਤੇ ਬੀ.ਸੀ. ਸ਼੍ਰੇਣੀਆਂ ਦਾ ਕੋਟਾ ਬਰਕਾਰ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਉਪਰੋਕਤ ਮੰਗਾਂ ਦਾ ਹੱਲ ਜਲਦੀ ਨਹੀਂ ਕੀਤਾ ਗਿਆ ਤਾਂ ਸਾਡੀ ਜਥੇਬੰਦੀ ਵੱਲੋਂ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਸਥਾਨਕ ਪ੍ਰਸ਼ਾਸਨ ਤੇ ਸਰਕਾਰ ਦੀ ਹੋਵੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ, ਜ਼ਿਲ੍ਹਾ ਸੀਨੀ. ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮੰਨੇਵਾਲਾ, ਹਰਦੀਪ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਕ੍ਰਿਪਾਲ ਸਿੰਘ, ਬਿਸ਼ਨ ਚੌਹਾਨਾ ਆਦਿ ਹਾਜ਼ਰ ਸਨ।

# ਕਲੱਬ ਵੱਲੋਂ ਅਪਾਹਜ ਔਰਤ ਨੂੰ ਟ੍ਰਾਈਸਾਈਕਲ ਭੇਟ



**ਬਾਘਾ ਪੁਰਾਣਾ (ਮਨੀ ਸਿਗਲਾ)**-ਲਾਈਫ ਲਾਈਨ ਵੈੱਲਫੇਅਰ ਕਲੱਬ ਦੇ ਮੈਂਬਰਾਂ ਵੱਲੋਂ ਇੱਕ ਅਪਾਹਜ਼ ਔਰਤ ਨੂੰ ਟ੍ਰਾਈ ਸਾਈਕਲ ਭੇਟ ਕੀਤਾ ਗਿਆ। ਲਾਈਫ ਲਾਈਨ ਵੈੱਲਫੇਅਰ ਕਲੱਬ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਚਰਨਜੀਤ ਕੌਰ, ਜੋ ਅਪਾਹਜ਼ ਹੈ ਤੇ ਇਸ ਕੋਲ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ 'ਤੇ ਜਾਣ ਲਈ ਕੋਈ ਟ੍ਰਾਈ ਸਾਈਕਲ ਨਹੀਂ ਸੀ, ਜਿਸ ਕਰਕੇ ਉਸ ਨੂੰ ਸਮੱਸਿਆ ਪੇਸ਼ ਆਉਂਦੀ ਸੀ। ਚਰਨਜੀਤ ਕੌਰ ਨੇ ਉਨ੍ਹਾਂ ਨਾਲ ਸੰਪਰਕ ਕੀਤਾਂ ਤਾਂ ਵੈਰੀਫਾਈ ਉਪਰੰਤ ਅੱਜ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਟ੍ਰਾਈ ਸਾਈਕਲ ਭੇਟ ਕੀਤਾ ਗਿਆ। ਇਸ ਮੌਕੇ ਰਮਨ ਅਰੋੜਾ, ਦਵਿੰਦਰ ਬੁੱਲੂ, ਵਿੱਕੀ ਗਰਗ, ਲੱਕੀ ਕੁਕਰੇਜਾ, ਹੇਮਰਾਜ ਫਰਡ, ਵਿਜੇ ਮਿੱਤਲ, ਰਾਮ ਤੀਰਥ, ਪ੍ਰਵੀਨ ਸੇਤੀਆ, ਬੀਰਬਲ ਸ਼ਰਮਾ, ਗੁਰਜੰਟ ਸਿੰਘ ਧਾਲੀਵਾਲ, ਮਨੀ ਗਰਗ ਤੇ ਹੋਰ ਹਾਜ਼ਰ ਸਨ।

# ਛੇ ਸਾਲਾ ਕਰਨ ਲਈ ਵਰਦਾਨ ਸਾਬਿਤ ਹੋਈ ਆਰ ਬੀ ਐੱਸ ਕੇ ਸਕੀਮ

**ਦਿਲ ਦੀ ਗੰਭੀਰ ਬਿਮਾਰੀ ਨਾਲ ਪੀੜਤ ਸੀ ਕਰਨ, ਮੁਫ਼ਤ ਸਰਕਾਰੀ ਇਲਾਜ ਤੋਂ ਬਾਅਦ ਬਤੀਤ ਕਰ ਰਿਹੈ ਨਿਰੋਗ ਜ਼ਿੰਦਗੀ**



ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਤਹਿਤ ਰਾਜ਼ੀ ਹੋਇਆ ਬੱਚਾ ਸਿਹਤ ਅਧਿਕਾਰੀਆਂ ਨਾਲ।

**ਮੋਗਾ (ਅਮਰਜੀਤ ਬੱਬਰੀ)**-ਸਰਕਾਰ ਦੀ ਆਰ.ਬੀ.ਐੱਸ.ਕੇ. ਸਕੀਮ ਹੋਰਨਾਂ ਲੋੜਵੰਦ ਬੱਚਿਆਂ ਵਾਂਗ ਮੋਗਾ ਦੇ ਛੇ ਸਾਲਾ ਬੱਚੇ ਕਰਨ ਲਈ ਵੀ ਵਰਦਾਨ ਸਾਬਿਤ ਹੋਈ। ਸਿਹਤ ਵਿਭਾਗ ਨੂੰ ਉਸ ਦੇ ਮੈਡੀਕਲ ਮੁਆਇਨੇ ਦੌਰਾਨ ਪਤਾ ਲੱਗਾ ਕਿ ਬੱਚਾ ਕੋਈ ਜਮਾਂਦਰੂ ਦਿਲ ਦੀ ਬਿਮਾਰੀ ਨਾਲ ਪੀੜਤ ਹੈ। ਸਿਹਤ ਟੀਮ ਨੇ ਆਰ ਬੀ ਐੱਸ ਕੇ ਪ੍ਰੋਗਰਾਮ ਤਹਿਤ ਉਸ ਦੇ ਦਿਲ ਦਾ ਮੁਫ਼ਤ ਆਪ੍ਰੇਸ਼ਨ ਫੋਰਟਿਸ ਹਸਪਤਾਲ ਮੋਹਾਲੀ ਤੋਂ ਸਫ਼ਲਤਾਪੂਰਵਕ ਕਰਵਾਇਆ।

ਛੇ ਸਾਲ ਦਾ ਕਰਨ, ਮੋਗਾ ਦੇ ਜੁਝਾਰ ਨਗਰ ਦੇ ਰਹਿਣ ਵਾਲੇ ਪੱਪੂ ਦਾ ਬੇਟਾ ਹੈ। ਉਸ ਦੇ ਪਿਤਾ ਨੇ ਦੱਸਿਆ ਕਿ ਸਕੀਮ ਤਹਿਤ ਉਸ ਦੇ ਬੱਚੇ ਦਾ ਮੁਫ਼ਤ ਆਪ੍ਰੇਸ਼ਨ ਹੋਣ ਨਾਲ ਬੱਚੇ ਨੂੰ ਗੰਭੀਰ ਬਿਮਾਰੀ ਤੋਂ ਤਾਂ ਰਾਹਤ ਮਿਲੀ ਹੀ ਹੈ, ਨਾਲ ਹੀ ਉਨ੍ਹਾਂ ਦੇ ਇਸ ਮੁਹਿੰਗੇ ਆਪ੍ਰੇਸ਼ਨ ਉੱਪਰ ਹੋਣ ਵਾਲੇ ਖਰਚੇ ਦੀ ਵੀ ਬੱਚਤ ਹੋਈ ਹੈ। ਉਸ ਨੇ ਕਿਹਾ ਕਿ ਉਹ ਆਪਣੇ ਬੇਟੇ ਦਾ ਇਹ ਮਹਿੰਗਾ ਇਲਾਜ ਕਰਵਾਉਣ ਤੋਂ ਅਸਮਰੱਥ ਸੀ।

ਉਨ੍ਹਾਂ ਕਿਹਾ ਕਿ ਇੱਕ ਵੀ ਪੈਸਾ ਦਿੱਤੇ ਬਿਨਾਂ ਉਸ ਦਾ ਬੇਟਾ ਹੁਣ ਨਿਰੋਗ ਜ਼ਿੰਦਗੀ ਬਤੀਤ ਕਰ ਰਿਹਾ ਹੈ। ਸਿਵਲ ਸਰਜਨ ਮੋਗਾ ਡਾ. ਰਾਜੇਸ਼ ਕੁਮਾਰ ਅੱਤਰੀ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਬੱਚੇ ਨੂੰ ਕੋਈ ਗੰਭੀਰ ਬਿਮਾਰੀ ਹੈ ਤਾਂ ਤਰੁੰਤ ਆਰ.ਬੀ.ਐੱਸ.ਕੇ. ਟੀਮ ਮੋਗਾ ਨਾਲ ਸੰਪਰਕ ਕੀਤਾ ਜਾਵੇ, ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਤਹਿਤ ਉੱਚ ਪੱਧਰ ਦੇ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ 'ਚ ਮੁਫ਼ਤ ਇਲਾਜ ਸੰਭਵ ਹੈ।

# ਟ੍ਰੈਫਿਕ ਪੁਲਸ ਨੇ ਕੱਟੇ ਸਕੂਲੀ ਬੱਸਾਂ ਦੇ ਚਲਾਨ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਟ੍ਰੈਫਿਕ ਪੁਲਸ ਪਾਤੜਾਂ ਵੱਲੋਂ ਨਿਯਮਾਂ ਦੀ ਉਲੰਘਣਾ ਕਰਨ ਤੇ ਅਧੂਰੇ ਕਾਗਜ਼ਾਤਾਂ ਨਾਲ ਚੱਲ ਰਹੀਆਂ ਸਕੂਲੀ ਬੱਸਾਂ ਦੇ ਚਲਾਨ ਕੀਤੇ ਗਏ। ਜਾਣਕਾਰੀ ਦਿੰਦਿਆਂ ਟ੍ਰੈਫਿਕ ਇੰਚਾਰਜ ਹਰਦੇਵ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਨੰਨ੍ਹੇ-ਮੁੰਨੇ ਬੱਚਿਆਂ ਸਮੇਤ ਸਕੂਲ ਬੱਚਿਆਂ ਨੂੰ ਲਿਜਾਣ ਲਿਆਉਣ ਵਾਲੀਆਂ ਬੱਸਾਂ ਤੇ ਹੋਰ ਮੋਟਰ ਗੱਡੀਆਂ ਦੀ ਵਿਸ਼ੇਸ਼ ਨਿਗਰਾਨੀ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਦੇ ਹੁਕਮਾਂ 'ਤੇ ਕਾਰਵਾਈ ਕਰਦਿਆਂ ਉਨ੍ਹਾਂ ਸਮੇਤ ਪੁਲਸ ਪਾਰਟੀ ਨਾਕਾਬੰਦੀ ਕਰਕੇ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਅਤੇ ਅਧੂਰੇ ਕਾਗਜ਼ਾਤ ਤੇ ਸੜਕੀ ਨਿਯਮ ਤੋੜਨ ਵਾਲਿਆਂ ਦੇ ਚਲਾਨ ਕੀਤੇ। ਉਨ੍ਹਾਂ ਸਕੂਲ ਬੱਸਾਂ ਦੇ ਡਰਾਈਵਰਾਂ ਨੂੰ ਅਪੀਲ ਕੀਤੀ ਕਿ ਉਹ ਸਕੂਲ ਬੱਸ ਨੂੰ ਚਲਾਉਣ ਸਮੇਂ ਮੁਰੰਮਤ ਮੰਗਦੀ ਗੱਡੀ ਨਾ ਚਲਾਉ, ਕਿਉਂਕਿ ਕਈ ਵਾਰ ਗੱਡੀ ਚਾਲਕ ਦੇ ਵੱਸੋਂ ਬਾਹਰ ਹੋ ਕੇ ਹਾਦਸਾਗ੍ਰਸਤ ਹੋ ਸਕਦੀ ਹੈ, ਜਿਸ ਨਾਲ ਜਾਨੀ ਨੁਕਸਾਨ ਦਾ ਖਤਰਾ ਹੁੰਦਾ ਹੈ। ਨਾਕੇ ਦੌਰਾਨ ਉਨ੍ਹਾਂ ਨਾਲ ਏ ਐੱਸ ਆਈ ਸੁਖਪਾਲ ਸਿੰਘ, ਏ ਐੱਸ ਆਈ ਜਗਦੀਸ਼ ਰਾਮ, ਹੌਲਦਾਰ ਦਰਸ਼ਨ ਰਾਮ ਹਾਜ਼ਰ ਸਨ।

# ਆਇਸਾ ਵੱਲੋਂ ਸਰਕਾਰ 'ਤੇ ਸਿੱਖਿਆ ਦਾ ਮੁਕੰਮਲ ਨਿੱਜੀਕਰਨ ਕਰਨ ਦਾ ਦੋਸ਼

**ਕੇਂਦਰੀ ਅਜਲਾਸ 'ਚ 20 ਡੈਲੀਗੇਟ ਭੇਜਣ ਤੇ 5000 ਮੈਂਬਰਸ਼ਿਪ ਦਾ ਮਿੱਥਿਆ ਟੀਚਾ**



**ਮਾਨਸਾ (ਆਤਮਾ ਸਿੰਘ ਪਮਾਰ)**-ਬਾਬਾ ਬੂਝਾ ਸਿੰਘ ਭਵਨ ਵਿਖੇ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੀ ਮੀਟਿੰਗ ਹੋਈ, ਜਿਸ ਵਿੱਚ ਆਇਸਾ ਦੇ ਕੌਮੀ ਕਾਰਜਕਾਰੀ ਸਕੱਤਰ ਪ੍ਰਸੰਨਜੀਤ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਦੀ ਪ੍ਰਧਾਨਗੀ ਸੋਨੂੰ ਝੱਬਰ, ਇੰਦਰਜੀਤ ਕੌਰ, ਗੁਰਵਿੰਦਰ ਗੈਰੀ, ਹੈਪੀ ਕੌਰ ਨੇ ਕੀਤੀ। ਇਸ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਕੌਮੀ ਸਕੱਤਰ ਪ੍ਰਸੰਨਜੀਤ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਬਣਾਈ ਨਵੀਂ ਸਿੱਖਿਆ ਨੀਤੀ 2020 ਰਾਹੀਂ ਦੇਸ਼ ਅੰਦਰ ਸਿੱਖਿਆ ਨੂੰ ਮੁਕੰਮਲ ਤੌਰ 'ਤੇ ਨਿੱਜੀ ਹੱਥਾਂ ਵਿੱਚ ਸੌਂਪ ਕੇ ਵਿਦਿਆਰਥੀਆਂ ਦੀ ਅੰਨ੍ਹੀਂ ਲੁੱਟ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ-2020 ਨੂੰ ਰੱਦ ਕਰਵਾਉਣ ਲਈ, ਵਿਦਿਆਰਥੀਆਂ ਦੀਆਂ ਮੰਗਾਂ ਮਸਲਿਆਂ ਸੰਬੰਧੀ ਤੇ ਕੇਂਦਰ ਸਰਕਾਰ ਵੱਲੋਂ ਵਿਦਿਆਰਥੀ ਵਿਰੋਧੀ ਨੀਤੀਆਂ ਖਿਲਾਫ ਵਿਚਾਰ ਚਰਚਾ ਕਰਕੇ ਡੱਟਵੀਂ ਟੱਕਰ ਦਿੱਤੀ ਜਾਵੇਗੀ। ਇਸ ਸਮੇਂ ਆਇਸਾ ਦੇ ਸੂਬਾ ਪ੍ਰਧਾਨ ਪ੍ਰਦੀਪ ਗੁਰੂ, ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਨੰਦਗੜ੍ਹ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਤਰ੍ਹਾਂ ਹੀ ਪੰਜਾਬ ਦੀ ਮਾਨ ਸਰਕਾਰ ਵਿਦਿਆਰਥੀ ਵਿਰੋਧੀ ਨੀਤੀਆਂ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਪੰਜਾਬ ਦੇ ਕਾਲਜਾਂ ਵੱਲ ਬਿਲਕੁਲ ਧਿਆਨ ਨਹੀਂ ਹੈ। ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਪ੍ਰੋਫੈਸਰਾਂ ਦੀ ਭਰਤੀ ਲੰਬੇ ਸਮੇਂ ਤੋਂ ਰੁਕੀ ਹੋਈ ਹੈ, ਜਿਸ ਕਰਕੇ ਸਰਕਾਰੀ ਕਾਲਜਾਂ ਵਿੱਚ ਪੜ੍ਹਦੇ ਦਲਿਤ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਦੇ ਬੱਚਿਆਂ ਦੇ ਭਵਿੱਖ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਮਾਨ ਸਰਕਾਰ ਖਿਲਾਫ ਵਿਦਿਆਰਥੀਆਂ ਨੂੰ ਲਾਮਬੰਦ ਹੋਣ ਦੀ ਲੋੜ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਨਾਲ ਜੁੜਨ।

ਉਨ੍ਹਾਂ ਕਿਹਾ ਕਿ ਆਇਸਾ ਦੇ ਕੇਂਦਰੀ ਅਜਲਾਸ ਵਿੱਚ ਪੰਜਾਬ ਵਿੱਚੋਂ 20 ਡੈਲੀਗੇਟ ਜਾਣਗੇ ਤੇ ਜੋ ਕੇਂਦਰੀ ਕਮੇਟੀ ਵੱਲੋਂ ਜਥੇਬੰਦੀ ਦੀ 5000 ਮੈਂਬਰਸ਼ਿਪ ਦਾ ਟੀਚਾ ਦਿੱਤਾ, ਉਹ ਪੂਰਾ ਕੀਤਾ ਜਾਵੇ। ਇਸ ਸਮੇਂ ਸੂਬਾ ਸਕੱਤਰ ਸੁਖਜੀਤ ਰਾਮਾਨੰਦੀ, ਜ਼ਿਲ੍ਹਾ ਕਮੇਟੀ ਮੈਂਬਰ ਭੁਪਿੰਦਰ ਕੁਮਾਰ, ਕੁਲਵਿੰਦਰ ਸਿੰਘ ਦਲੇਲ ਸਿੰਘ ਵਾਲਾ, ਸਵਰਨ ਕੌਰ, ਹਰਪ੍ਰੀਤ ਕੌਰ, ਏਪਵਾ ਦੇ ਕੇਂਦਰੀ ਆਗੂ ਜਸਵੀਰ ਕੌਰ ਨੱਤ, ਲਿਬਰੇਸ਼ਨ ਆਗੂ ਵਿਜੈ ਕੁਮਾਰ ਭੀਖੀ ਸ਼ਾਮਲ ਸਨ।

# ਰਾਇਲ ਗਲੋਬਲ ਸਕੂਲ ਵਿਖੇ ਇਨਵੈਸਟੀਚਰ ਸਮਾਗਮ



ਸਕੂਲ ਵਿਖੇ ਨਵੇਂ ਚੁਣੇ ਗਏ ਅਹੁਦੇਦਾਰ।

**ਭੀਖੀ (ਧਰਮਵੀਰ ਸ਼ਰਮਾ)**-ਦਿ ਰੌਇਲ ਗਲੋਬਲ ਸਕੂਲ ਖਿਆਲਾ ਕਲਾਂ ਵਿਖੇ ਇਨਵੈਸਟੀਚਰ ਸਮਾਰੋਹ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਯੋਗਿਤਾ ਭਾਟੀਆ ਨੇ ਸ਼ਮ੍ਹਾਂ ਰੋਸ਼ਨ ਕਰਕੇ ਨਵੇਂ ਚੁਣੇ ਗਏ ਸਕੂਲ ਹੈੱਡ ਬੁਆਏ, ਹੈੱਡ ਗਰਲ, ਸਪੋਰਟਸ ਹੈੱਡ, ਵਾਈਸ ਹਾਊਸ ਕੈਪਟਨ, ਵਾਈਸ ਕੈਪਟਨ ਆਦਿ ਨੂੰ ਉਨ੍ਹਾਂ ਦੀਆਂ ਪੋਸਟਾਂ ਜਾਂ ਰੁਤਬੇ ਨਾਲ ਸਬੰਧਤ ਬੈਜ ਦੇ ਕੇ ਸਨਮਾਨਤ ਕੀਤਾ। ਨਵੇਂ ਬਣੇ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਤੇ ਸੁਚੇਤ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਸਕੂਲ ਦੇ ਛੋਟੇ ਵਿਦਿਆਰਥੀਆਂ ਲਈ ਪ੍ਰੇਰਨਾ ਸ੍ਰੋਤ ਬਣ ਕੇ ਉਨ੍ਹਾਂ ਲਈ ਨਵੇਂ ਤੇ ਉਸਾਰੂ ਰਸਤੇ ਉਲੀਕਣਾ। ਨਵੇਂ ਬਣੇ ਹੈੱਡ ਬੁਆਏ, ਹੈੱਡ ਗਰਲ ਤੇ ਸਾਰੀ ਟੀਮ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਸਹੁੰ ਚੁੱਕੀ। ਸਕੂਲ ਦੀ ਪ੍ਰਿੰਸੀਪਲ ਯੋਗਿਤਾ ਭਾਟੀਆ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਜ਼ਿੰਮੇਵਾਰੀ ਇਮਾਨਦਾਰੀ ਤੇ ਨਿਪੁੰਨਤਾ ਨਾਲ ਨਿਭਾਉਣ ਵਾਲੀ ਹੈ। ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਸੌਂਪਦੇ ਹੋਏ ਪ੍ਰਿੰਸੀਪਲ ਯੋਗਿਤਾ ਭਾਟੀਆ ਨੇ ਕੌਂਸਲ ਦੇ ਉਦੇਸ਼ ਬਾਰੇ ਗੱਲ ਕੀਤੀ ਤੇ ਦੱਸਿਆ ਕਿ ਇਹ ਕਿਵੇਂ ਵਿਦਿਆਰਥੀਆਂ ਨੂੰ ਸਕੂਲ ਦੀਆਂ ਗਤੀਵਿਧੀਆਂ ਤੇ ਸੇਵਾ ਪ੍ਰੋਜੈਕਟਾਂ ਨੂੰ ਸੰਗਠਿਤ ਕਰਕੇ ਅਤੇ ਉਨ੍ਹਾਂ ਨੂੰ ਚਲਾਉਣ ਤੇ ਅਗਵਾਈ ਕਰਦਾ ਹੈ।

ਸਕੂਲ ਦੀ ਭਾਵਨਾ ਤੇ ਭਾਈਚਾਰਕ ਭਲਾਈ ਵਿੱਚ ਯੋਗਦਾਨ ਪਾਉਣ ਵਾਲੇ ਸਮਾਗਮਾਂ ਦੀ ਯੋਜਨਾ ਬਣਾਉਣ ਤੋਂ ਇਲਾਵਾ, ਕੌਂਸਲ ਸਮੁੱਚੇ ਤੌਰ 'ਤੇ ਵਿਦਿਆਰਥੀਆਂ ਦੀ ਆਵਾਜ਼ ਹੈ। ਉਹ ਸਕੂਲ ਪ੍ਰਬੰਧਨ ਨਾਲ ਵਿਦਿਆਰਥੀ ਦੇ ਵਿਚਾਰ, ਦਿਲਚਸਪੀਆਂ ਤੇ ਚਿੰਤਾਵਾਂ ਨੂੰ ਸਾਂਝਾ ਕਰਨ ਵਿੱਚ ਮਦਦ ਕਰਦੇ ਹਨ।ਵਿਦਿਆਰਥੀ ਕੌਂਸਲ ਦੇ ਹਰੇਕ ਮੈਂਬਰਾਂ ਦੀ ਜਾਣ-ਪਛਾਣ ਕਰਵਾਈ ਗਈ।

CMYK

# ਨਗਰ ਕੌਂਸਲ ਕਰਮਚਾਰੀਆਂ ਨੂੰ ਤਨਖਾਹ ਦੇਣ ਤੋਂ ਅਸਮਰੱਥ : ਕਾਰਜ ਸਾਧਕ ਅਫਸਰ



ਡੇਰਾ ਬਾਬਾ ਨਾਨਕ (ਰਮੇਸ ਕੁਮਾਰ)- ਕਸਬਾ ਡੇਰਾ ਬਾਬਾ ਨਾਨਕ ਵਿੱਚ ਨਗਰ ਕੌਂਸਲ ਦੇ ਕਰਮਚਾਰੀਆਂ ਨੂੰ ਪਿਛਲੇ ਪੰਜ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਦੇ ਵਿਰੋਧ 'ਚ ਦਿੱਤੇ ਜਾ ਰਹੇ ਰੋਸ ਧਰਨੇ ਤੇ ਅੱਜ 8ਵੇਂ ਦਿਨ ਵੀ ਕਰਮਚਾਰੀਆਂ ਵੱਲੋਂ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਹੜਤਾਲ 'ਤੇ ਬੈਠੇ ਕਰਮਚਾਰੀਆਂ ਵੱਲੋਂ ਸਫਾਈ ਨਾ ਕਰਨ ਤੇ ਬੁੱਧਵਾਰ ਨੂੰ ਡੇਰਾ ਬਾਬਾ ਨਾਨਕ ਸਥਿਤ ਰਾਧਾ ਕ੍ਰਿਸ਼ਨ ਮੰਦਰ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਫੈਲ ਰਹੀ ਗੰਦਗੀ ਸੰਬੰਧੀ ਨਗਰ ਕੌਂਸਲ ਦੇ ਕਰਮਚਾਰੀਆਂ ਨੂੰ ਜਾਣੂ ਕਰਵਾਇਆ ਗਿਆ, ਜਿਥੇ ਕਾਰਜ ਸਾਧਕ ਅਫਸਰ ਜਤਿੰਦਰ ਮਹਾਜਨ ਵੱਲੋਂ ਮੌਕਾ ਵੇਖਿਆ ਗਿਆ। ਇਸ ਮੌਕੇ ਰਾਧਾ ਕ੍ਰਿਸ਼ਨ ਮੰਦਰ ਕਮੇਟੀ ਦੇ ਅਹੁਦੇਦਾਰਾਂ ਨੇ ਨਗਰ ਕੌਂਸਲ ਤੇ ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀਆਂ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਮੰਦਰ ਦੀ ਪਵਿੱਤਰਤਾ ਨੂੰ ਬਹਾਲ ਰੱਖਦੇ ਹੋਏ ਮੰਦਰ ਨੇੜੇ ਲੱਗੇ ਗੰਦਗੀ ਦੇ ਢੇਰਾਂ ਨੂੰ ਤੁਰੰਤ ਹਟਾਇਆ ਜਾਵੇ। ਇਸ ਮੌਕੇ ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਜਤਿੰਦਰ ਮਹਾਜਨ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਦੇ ਸਮੂਹ ਕਰਮਚਾਰੀਆਂ ਨੂੰ 7 ਲੱਖ ਰੁਪਏ ਦੇ ਕਰੀਬ ਮਹੀਨਾ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ ਜਦਕਿ ਨਗਰ ਕੌਂਸਲ ਨੂੰ ਕਰੀਬ 99 ਹਜ਼ਾਰ ਰੁਪਏ ਮਹੀਨਾ ਆਮਦਨ ਹੈ ਜਿਸ ਕਾਰਨ ਨਗਰ ਕੌਂਸਲ ਕਰਮਚਾਰੀਆਂ ਨੂੰ ਤਨਖਾਹ ਦੇਣ ਤੋਂ ਅਸਮਰੱਥ ਹੈ। ਉਨ੍ਹਾ ਕਿਹਾ ਕਿ ਇਸ ਸੰਬੰਧੀ ਜ਼ਿਲ੍ਹਾ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ ਹੈ ਅਤੇ ਸਬੰਧਤ ਕੈਬਨਿਟ ਮੰਤਰੀ ਨੂੰ ਮਿਲਿਆ ਜਾ ਰਿਹਾ ਹੈ ਤਾਂ ਜੋ ਕਰਮਚਾਰੀਆਂ ਨੂੰ ਤਨਖਾਹਾਂ ਮੁਹੱਈਆ ਕਰਵਾਈਆਂ ਜਾ ਸਕਣ । ਇਸ ਮੌਕੇ ਰਾਧਾ ਕ੍ਰਿਸ਼ਨ ਮੰਦਰ ਕਮੇਟੀ ਪ੍ਰਧਾਨ ਕਪਲ ਕੁਮਾਰ ਧਵਨ, ਵਿਜੇ ਕੁਮਾਰ ਵਿੱਗ, ਹਰਭਜਨ ਲਾਲ ਡਿਗਰਾ, ਕਲਰਕ ਬਲਜਿੰਦਰ ਸਿੰਘ, ਕਲਰਕ ਟਹਿਲ ਸਿੰਘ, ਸਫਾਈ ਸੇਵਕ ਪ੍ਰਧਾਨ ਪ੍ਰੇਮ ਨਾਥ, ਡਰਾਈਵਰ ਰਜਿੰਦਰ ਕੁਮਾਰ, ਧਰਮਪਾਲ, ਰਾਜ ਕੁਮਾਰ, ਕਪਲ ਦੇਵ, ਪੀਟਰ, ਸਰਬਜੀਤ ਸਿੰਘ ਬੇਦੀ,ਰਾਹੁਲ ਕੁਮਾਰ, ਰਸ਼ਪਾਲ, ਕੁਲਦੀਪ ਸਿੰਘ,ਵਿਸ਼ਾਲ ਕੁਮਾਰ, ਗੀਨਾ ਕੁਮਾਰੀ,ਲਾਡੀ ਮਸੀਹ,ਆਸ਼ੂ, ਕਾਲਾ, ਹਰਸ਼ ਆਦਿ ਹਾਜ਼ਰ ਸਨ ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਆਗੂਆਂ ਵੱਲੋਂ ਬਿਜਲੀ ਵਿਭਾਗ ਨੂੰ ਮੰਗ ਪੱਤਰ



ਤਰਨ ਤਾਰਨ ( ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬਾਬਾ ਬੀਰ ਸਿੰਘ ਵੱਲੋਂ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ ਦੀ ਅਗਵਾਈ ਵਿੱਚ ਜਥੇਬੰਦੀ ਦੇ ਵਫਦ ਵੱਲੋਂ ਬਿਜਲੀ ਵਿਭਾਗ ਫੋਕਲ ਪੁਆਇੰਟ ਤਰਨ ਤਾਰਨ ਨੂੰ ਵੱਖ-ਵੱਖ ਮੰਗਾਂ ਨੂੰ ਲੈ ਕੇ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਫਤਿਹ ਸਿੰਘ ਪਿੱਦੀ ਤੇ ਜ਼ੋਨ ਦੇ ਜ: ਸਕੱਤਰ ਬਲਜਿੰਦਰ ਸਿੰਘ ਸੇਰੋਂ ਨੇ ਖਾਸ ਕਰਕੇ ਬਿਜਲੀ ਵਿਭਾਗ ਵਿਚ ਬਿਜਲੀ ਕਰਮਚਾਰੀਆਂ ਦੀ ਘਾਟ ਨੂੰ ਪੂਰਾ ਕਰਨ 'ਤੇ ਜ਼ੋਰ ਦਿੱਤਾ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਨਵੇਂ ਕਰਮਚਾਰੀਆਂ ਦੀ ਭਰਤੀ ਕੀਤੀ ਜਾਵੇ। ਮੱਕੀ, ਸਬਜ਼ੀ, ਤੇ ਬਾਗਾਂ ਦੀ ਸਿੰਚਾਈ ਲਈ ਬੰਬੀਆਂ ਦੀ ਬਿਜਲੀ ਦੀ ਸਪਲਾਈ ਰੋਜ਼ਾਨਾ 10 ਘੰਟੇ ਦਿੱਤੀ ਜਾਵੇ। ਜਿਸ ਨਾਲ ਫਸਲਾਂ ਨੂੰ ਸੋਕੇ ਤੋਂ ਬਚਾਇਆ ਜਾ ਸਕੇ। ਕਿਸਾਨ ਆਗੂਆਂ ਨੇ ਟਰਾਂਸਫਾਰਮਰ ਡੀ ਲੋਡ ਕਰਨ,ਟੀ ਆਫ ਸੁੱਚਾਂ ਦੇ ਜੈਂਪਰ ਬਦਲਣ,ਟੀ.ਆਰ.ਵਾਈ ਪੁਆਇੰਟ ਤਰਨ ਤਾਰਨ ਵਿਚ ਮੰਨੀ ਹੋਈ ਮੰਗ ਨੂੰ ਤੁਰੰਤ ਲਾਗੂ ਕੀਤਾ ਜਾਵੇ। ਜਿਸ ਨਾਲ ਝੋਨੇ ਦੇ ਸੀਜਨ ਵਿਚ ਕਿਸਾਨਾਂ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਬਿਜਲੀ ਵਿਭਾਗ ਦੇ ਸੁਰਜੀਤ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਇਹ ਸਾਰੀਆਂ ਮੰਗਾਂ ਨੂੰ ਇਕ ਹਫਤੇ ਵਿਚ ਹੱਲ ਕਰ ਦਿੱਤਾ ਜਾਵੇਗਾ। ਇਸ ਮੌਕੇ ਜਲਵਿੰਦਰ ਸਿੰਘ ਰੈਸੀਆਣਾ, ਸੁਖਦੇਵ ਸਿੰਘ ਸਹਾਬਪੁਰ, ਮੇਜਰ ਸਿੰਘ ਦੁਗਲਵਾਲਾ, ਬੂਟਾ ਸਿੰਘ ਸੰਘਾ, ਅਮਨਦੀਪ ਸਿੰਘ ਸੇਰੋਂ,ਜੱਸਾ ਸਿੰਘ ਸੇਰੋਂ, ਸੰਤੋਖ ਸਿੰਘ ਕਲੇਰ, ਤ੍ਰਿਪਤ ਸਿੰਘ ਪੰਡੋਰੀ ਗੋਲਾ, ਬਚਿੱਤਰ ਸਿੰਘ ਸੇਰੋਂ ਆਦਿ ਹਾਜ਼ਰ ਸਨ।

# ਪਿੰਗਲਵਾੜਾ ਸੰਸਥਾ (ਮਾਨਾਂਵਾਲਾ) ਵੱਲੋਂ ਮਹਿਲਾ ਪਹਿਲਵਾਨਾਂ ਦੇ ਹੱਕ 'ਚ ਰੋਸ ਪ੍ਰਦਰਸ਼ਨ



ਮਾਨਾਂਵਾਲਾ (ਮਨਦੀਪ ਸਿੰਘ ਜੰਮੂ, ਨਰਿੰਦਰਜੀਤ)- ਅੱਜ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਵੱਲੋਂ ਬੜੇ ਸ਼ਾਂਤਮਈ ਢੰਗ ਨਾਲ ਗੋਲਡਨ ਗੇਟ ਜੀ.ਟੀ.ਰੋਡ ਅੰਮ੍ਰਿਤਸਰ ਵਿਖੇ ਮਹਿਲਾ ਪਹਿਲਵਾਨਾਂ ਦੇ ਹੱਕ ਵਿਚ ਸੰਕੇਤਕ ਰੋਸ ਪ੍ਰਦਰਸ਼ਨ ਕੀਤਾ ਗਿਆ।

ਪਿੰਗਲਵਾੜਾ ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪਿੰਗਲਵਾੜਾ ਸੰਸਥਾ ਨੇ ਖਿਡਾਰੀ ਪਹਿਲਵਾਨਾਂ ਦੇ ਸਮਰਥਨ ਵਿੱਚ ਅੱਜ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕੀਤਾ ਅਤੇ ਸਰਕਾਰ ਪਾਸੋਂ ਇਹ ਪੁਰਜ਼ੋਰ ਮੰਗ ਕੀਤੀ ਗਈ ਕਿ ਪੀੜਤ ਖਿਡਾਰਨਾਂ ਦੇ ਨਾਲ ਨਿਆਂ ਕੀਤਾ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਕਾਨੂੰਨੀ ਸਜ਼ਾ ਦਿੱਤੀ ਜਾਵੇ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸਮਾਜ ਵਿੱਚ ਮਹਿਲਾਵਾਂ ਦਾ ਸਨਮਾਨ ਸਭ ਤੋਂ ਉੱਪਰ ਹੈ। ਉਨ੍ਹਾਂ ਕਿਹਾ ਕਿ ਗੁਰੂਆਂ ਪੀਰਾਂ ਦੀ ਧਰਤੀ ਉੱਪਰ ਔਰਤਾਂ ਨਾਲ ਕਿਸੇ ਤਰ੍ਹਾਂ ਦੀ ਵਧੀਕੀ ਬਹੁਤ ਮਾੜੀ ਗੱਲ ਹੈ। ਇਸ ਰੋਸ ਮੁਜ਼ਾਹਰੇ ਵਿੱਚ ਪਿੰਗਲਵਾੜਾ ਸੰਸਥਾ ਅਧੀਨ ਚਲਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਡੇ ਇਕੱਠ ਦੇ ਰੂਪ ਵਿਚ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਨਾਅਰੇ ਲਗਾ ਕੇ ਆਪਣਾ ਰੋਸ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਕਾਨੂੰਨ ਸਭ ਲਈ ਸਮਾਨ ਰੂਪ ਵਿੱਚ ਲਾਗੂ ਹੋਣਾ ਚਾਹੀਦਾ ਹੈ, ਪੂੰਜੀਪਤੀਆਂ ਅਤੇ ਗਰੀਬਾਂ ਲਈ ਵੱਖ-ਵੱਖ ਕਾਨੂੰਨ ਨਾ ਵਰਤੇ ਜਾਣ। ਸਿਟੀਜ਼ਨ ਫੋਰਮ ਵਿੱਦਿਆ ਮੰਦਰ ਸਕੂਲ ਦੇ ਵਿਦਿਆਰਥੀ ਤੇ ਸਟਾਫ ਆਦਿ ਨੇ ਵੀ ਇਸ ਰੋਸ ਪ੍ਰਦਰਸ਼ਨ ਵਿੱਚ ਭਾਗ ਲਿਆ। ਇਸ ਮੌਕੇ ਪਿੰਗਲਵਾੜਾ ਸੰਸਥਾ ਦੇ ਮੀਤ ਪ੍ਰਧਾਨ ਡਾ. ਜਗਦੀਪਕ ਸਿੰਘ, ਆਨਰੇਰੀ ਸੈਕਟਰੀ ਮੁਖਤਾਰ ਸਿੰਘ ਗੁਰਾਇਆ, ਰਾਜਬੀਰ ਸਿੰਘ ਸੁਸਾਇਟੀ ਮੈਂਬਰ, ਕਰਨਲ ਦਰਸ਼ਨ ਸਿੰਘ ਬਾਵਾ ਪ੍ਰਸ਼ਾਸਕ, ਪਰਮਿੰਦਰ ਸਿੰਘ ਭੱਟੀ, ਡਾ. ਨਿਰਮਲ ਸਿੰਘ, ਡਾ. ਸ਼ਿਆਮ ਸੁੰਦਰ ਦੀਪਤੀ, ਡਾ. ਜੇ.ਐੱਸ. ਸੰਧੂ, ਓ.ਐੱਸ.ਡੀ. ਨਵਜੋਤ ਸਿੱਧੂ, ਬਖਸ਼ੀਸ਼ ਸਿੰਘ ਰਿਟਾਇਰਡ ਡੀ.ਐਸ.ਪੀ., ਜੈ ਸਿੰਘ, ਨਰਿੰਦਰਪਾਲ ਸਿੰਘ, ਯੋਗੇਸ਼ ਸੂਰੀ, ਤਿਲਕ ਰਾਜ, ਹਰਪਾਲ ਸਿੰਘ, ਰਾਜਿੰਦਰਪਾਲ ਸਿੰਘ, ਗੁਰਨਾਇਬ ਸਿੰਘ, ਪ੍ਰਿੰਸੀਪਲ ਨਰੇਸ਼ ਕਾਲੀਆ, ਦਲਜੀਤ ਕੌਰ, ਅਨੀਤਾ ਬੱਤਰਾ, ਦਿਲਬਾਗ ਸਿੰਘ, ਸੁਨੀਤਾ ਨਈਅਰ, ਗੁਲਸ਼ਨ ਰੰਜਨ, ਸੁਰਿੰਦਰ ਕੌਰ ਭੱਟੀ, ਹਰਮਿੰਦਰ ਕੌਰ ਅਤੇ ਵੱਖ-ਵੱਖ ਵਾਰਡਾਂ ਦੇ ਇੰਚਾਰਜ, ਸਕੂਲਾਂ ਦਾ ਸਟਾਫ ਆਦਿ ਹਾਜ਼ਰ ਸਨ।

# ਪੱਧਰੀ ਕਲਾਂ 'ਚ ਬਾਬਾ ਬੀਰ ਸਿੰਘ ਦਾ ਸ਼ਹੀਦੀ ਜੋੜ ਮੇਲਾ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ,ਰੌਬਿਨ ਸਿੰਘ ਸੋਨੀ)- ਗੁਰਦੁਆਰਾ ਬਾਬਾ ਬੀਰ ਸਿੰਘ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਨੇ ਦੱਸਿਆ ਕੇ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਪੱਧਰੀ ਕਲਾਂ ਵਿਖੇ ਅਮਰ ਸ਼ਹੀਦ ਬਾਬਾ ਬੀਰ ਸਿੰਘ ਦਾ ਸਲਾਨਾ ਜੋੜ ਮੇਲਾ ਨਗਰ ਇਲਾਕੇ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। 8 ਮਈ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ, ਜਿਨ੍ਹਾਂ ਦੇ ਅੱਜ ਸਵੇਰੇ ਭੋਗ ਪਾਏ ਗਏ। ਭੋਗ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਭਾਰੀ ਦੀਵਾਨ ਸਜਾਏ ਗਏ ਜਿਸ ਵਿੱਚ ਕਵੀਸ਼ਰ ਭਾਈ ਭਗਵੰਤ ਸਿੰਘ ਸੂਰਵਿੰਡ, ਕਵੀਸ਼ਰ ਗੁਰਿੰਦਰਪਾਲ ਸਿੰਘ ਵਰਪਾਲ, ਢਾਡੀ ਸਤਨਾਮ ਸਿੰਘ ਲਾਲੂਘੁੰਮਣ ਨੇ ਬਾਬਾ ਬੀਰ ਸਿੰਘ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਜੋੜ ਮੇਲੇ ਵਿੱਚ ਉਚੇਚੇ ਤੌਰ 'ਤੇ ਹਾਜ਼ਰੀ ਭਰਨ ਪਹੁੰਚੇ ਬਾਬਾ ਪ੍ਰੇਮ ਸਿੰਘ ਸੁਰਸਿੰਘ ਵਾਲੇ (ਬਿਧੀਚੰਦੀਏ), ਬਾਬਾ ਮੋਜੀ ਦਾਸ ਮਾੜੀ ਕੰਬੋਕੇ, ਭੈਣ ਸੁਰਜੀਤ ਸੇਰ ਢਾਬਸਰ ਵਾਲੇ, ਬਾਬਾ ਸਤਨਾਮ ਸਿੰਘ, ਬਾਬਾ ਗੁਰਿੰਦਰਪਾਲ ਸਿੰਘ, ਬਾਬਾ ਉਂਕਾਰ ਸਿੰਘ ਮਾਲੂਵਾਲ ਸੰਤਾਂ, ਬਾਬਾ ਹਰਦੇਵ ਸਿੰਘ ਝਾੜ ਸਾਹਿਬ ਵਾਲੇ, ਬਾਬਾ ਹਿੰਮਤ ਸਿੰਘ ਝਾੜ ਸਾਹਿਬ ਵਾਲੇ ਤੇ ਸ਼ਾਮ ਦੇ ਟਾਈਮ ਕਬੱਡੀ ਟੂਰਨਾਮੈਂਟ ਬਾਜੂ ਬੈਕਾਂ, ਬਾਬਾ ਬਿਸ਼ਨਦਾਸ ਕਬੱਡੀ ਕਲੱਬ ਬੈਕਾਂ ਤੇ ਤਾਬਾ ਸੁਰਸਿੰਘ ਬਾਬਾ ਬਿਧੀਚੰਦ ਕਬੱਡੀ ਕਲੱਬ ਸੁਰਸਿੰਘ ਵਿਚਾਲੇ ਖੇਡੇ ਗਏ ਅਤੇ ਜਿੱਤਣ ਵਾਲੀਆਂ ਟੀਮਾਂ ਨੂੰ ਨਗਦ ਇਨਾਮ ਵੀ ਦਿੱਤੇ ਗਏ। ਗੁਰੂ ਕੇ ਲੰਗਰ ਵੀ ਵਰਤਾਏ ਗਏ । ਇਸ ਮੌਕੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਤੋਂ ਇਲਾਵਾ; ਬਾਬਾ ਮਨਜੋਤ ਸਿੰਘ, ਸਟੇਜ ਸੈਕਟਰੀ ਲਖਬੀਰ ਸਿੰਘ ਕੱਕਾ ਕੰਡਿਆਲਾ, ਪ੍ਰਧਾਨ ਦਿਲਬਾਗ ਸਿੰਘ, ਦਲਜੀਤ ਸਿੰਘ, ਹਰਭਜਨ ਸਿੰਘ, ਸੁਖਵਿੰਦਰ ਸਿੰਘ, ਦਿਲਬਾਗ ਸਿੰਘ, ਬਲਦੇਵ ਸਿੰਘ, ਫਰਮਿੰਟਰ ਸਿੰਘ ਤੇ ਹੋਰ ਸੇਵਾਦਾਰ ਸੰਗਤਾਂ ਹਾਜ਼ਰ ਸਨ।

# ਨੌਜਵਾਨਾਂ ਨੂੰ ਨਸ਼ਿਆਂ ਵੱਲੋਂ ਮੋੜ ਕੇ ਖੇਡਾਂ ਵੱਲ ਲਿਆਉਣ 'ਚ ਸਫਲ ਹੋਏ ਹਾਂ : ਵਰਿੰਦਰ ਸੂਰੀ



ਮਾਨਾਂਵਾਲਾ (ਮਨਦੀਪ ਸਿੰਘ ਜੰਮੂ)- ਸਾਲ ਦਰ ਸਾਲ ਜੰਡਿਆਲਾ ਗੁਰੂ ਵਿਖੇ ਖੇਡ ਮੁਕਾਬਲੇ ਕਰਵਾ ਕੇ ਚਰਚਾ ਵਿੱਚ ਆਏ ਸਰਸਵਤੀ ਹੈਲਥ ਕਲੱਬ ਜੰਡਿਆਲਾ ਗੁਰੂ ਦੇ ਮੁੱਖ ਪ੍ਰਬੰਧਕ ਅਤੇ ਨੈਸ਼ਨਲ ਚੈਂਪੀਅਨ ਵਰਿੰਦਰ ਸੂਰੀ ਵੱਲੋਂ ਇਥੋਂ ਦੇ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਵਿਖੇ ਕਰਵਾਏ ਗਏ ਲੜਕੀਆਂ ਤੇ ਲੜਕਿਆਂ ਦੇ ਬਾਡੀ ਬਿਲਡਿੰਗ ਅਤੇ ਵੇਟ ਲਿਫਟਿੰਗ ਦੇ ਮੁਕਾਬਲੇ ਸ਼ਾਨੋ ਸ਼ੌਕਤ ਨਾਲ ਮੁਕੰਮਲ ਹੋਏ। ਤਸੱਲੀ ਅਤੇ ਖੁਸ਼ੀ ਪ੍ਰਗਟ ਕਰਦਿਆਂ ਵਰਿੰਦਰ ਸੂਰੀ ਨੇ ਕਿਹਾ ਕਿ ਜਿਸ ਮਕਸਦ ਨੂੰ ਲੈ ਕੇ ਉਨ੍ਹਾਂ ਨੇ ਇਹ ਪ੍ਰਤੀਯੋਗਤਾ ਸ਼ੁਰੂ ਕੀਤੀ ਸੀ, ਉਸ ਵਿੱਚ ਉਹ ਕਾਮਯਾਬ ਹੋਏ ਹਨ। ਸਕੂਲ ਪ੍ਰਬੰਧਕ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਮਨ ਹੁੰਦਾ ਹੈ।

ਉਨ੍ਹਾ ਕਿਹਾ ਕਿ ਅਜਿਹੇ ਖੇਡ ਮੁਕਾਬਲੇ ਕਰਵਾ ਕੇ ਵਰਿੰਦਰ ਸੂਰੀ ਘੁੱਪ ਹਨੇਰੇ ਵਿੱਚ ਰੌਸ਼ਨੀ ਦੀ ਕਿਰਨ ਬਣ ਕੇ ਉਭਰੇ ਹਨ। ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਭਵਿੱਖ ਵਿੱਚ ਵੀ ਵਰਿੰਦਰ ਸੂਰੀ ਨੂੰ ਇਸ ਉਦਮ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਮਾਝਾ ਪ੍ਰੈਸ ਕਲੱਬ ਅੰਮ੍ਰਿਤਸਰ ਰਜਿ ਦੇ ਪ੍ਰਧਾਨ ਗੁਰਦੀਪ ਸਿੰਘ ਨਾਗੀ ਨੇ ਵੀ ਕਰਵਾਏ ਗਏ ਸੋਲ੍ਹਵੇਂ ਖੇਡ ਮੁਕਾਬਲੇ 'ਤੇ ਵਰਿੰਦਰ ਸੂਰੀ ਤੇ ਉਨ੍ਹਾਂ ਦੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਵਰਿੰਦਰ ਸੂਰੀ ਵਰਗੇ ਖੇਡ ਪ੍ਰੇਮੀਆਂ ਨੂੰ ਹੋਰ ਉਤਸ਼ਾਹਤ ਕਰਨ ਲਈ ਲੋੜੀਂਦੇ ਫੰਡ ਜਾਰੀ ਕਰਨੇ ਚਾਹੀਦੇ ਹਨ।

ਵਰਿੰਦਰ ਸੂਰੀ ਨੇ ਇਸ ਚੈਂਪੀਅਨਸ਼ਿਪ ਨੂੰ ਸਫਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਆਪਣਾ ਭਰਵਾਂ ਸਹਿਯੋਗ ਦੇਣ ਲਈ ਮੰਗਲ ਸਿੰਘ ਕਿਸ਼ਨਪੁਰੀ, ਆੜ੍ਹਤੀਆ ਐਸੋਸੀਏਸ਼ਨ ਦਾਣਾ ਮੰਡੀ ਜੰਡਿਆਲਾ ਗੁਰੂ ਦੇ ਪ੍ਰਧਾਨ ਸੁਰਜੀਤ ਸਿੰਘ ਕੰਗ, ਸੁਖਬੀਰ ਸਿੰਘ ਸੁੱਖ, ਜੋਬਨਜੀਤ ਸਿੰਘ ਝੰਡ ਯੂ ਐਸ ਏ, ਹਰਪ੍ਰੀਤ ਸਿੰਘ ਬਿੰਦ, ਦਲਬੀਰ ਸਿੰਘ ਸਮਰਾ ਯੂ ਕੇ, ਸਿਮਰਨਜੀਤ ਸਿੰਘ ਯੂ ਕੇ, ਸਨੀ ਗੁਰੂ ਯੂ ਐਸ ਏ, ਮਨੋਹਰ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਜੰਡਿਆਲਾ ਗੁਰੂ ਦੇ ਡਾਇਰੈਕਟਰ ਸੁਰੇਸ਼ ਕੁਮਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਰੋਜ਼ਗਾਰ ਕੈਂਪ 'ਚ 97 ਉਮੀਦਵਾਰ ਹੋਏ ਸ਼ਾਮਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਦੇ ਦਿਸ਼ਾ ਨਿਰਦੇਸ਼ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ 10 ਮਈ ਨੂੰ ਰੋਜ਼ਗਾਰ ਕੈਂਪ ਲਗਾਇਆ ਗਿਆ ਸੀ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਵਿਕਰਮ ਜੀਤ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ,ਅੰਮ੍ਰਿਤਸਰ ਨੇ ਦੱਸਿਆ ਕਿ ਇਸ ਰੋਜ਼ਗਾਰ ਕੈਂਪ ਵਿੱਚ ਮਸ਼ਹੂਰ ਕੰਪਨੀਆਂ ਵੱਲੋਂ ਭਾਗ ਲਿਆ ਗਿਆ।

ਇਸ ਰੋਜ਼ਗਾਰ ਕੈਂਪ ਵਿੱਚ ਕੰਪਨੀਆਂ ਵੱਲੋਂ ਇੰਸ਼ੋਰੈਂਸ ਸੈਕਟਰ, ਸੇਲਜ਼ ਐਕਜ਼ੀਕਿਊਟ ਆਦਿ ਅਸਾਮੀਆਂ ਲਈ ਚੋਣ ਕੀਤੀ ਗਈ। ਇਸ ਰੋਜ਼ਗਾਰ ਕੈਂਪ ਵਿੱਚ 97 ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ ਅਤੇ 42 ਉਮੀਦਵਾਰਾਂ ਨੂੰ ਨੌਕਰੀ ਲਈ ਚੋਣ/ਸ਼ਾਰਟਲਿਸਟ ਕੀਤਾ ਗਿਆ।

# ਭੱਠਾ ਮਜ਼ਦੂਰਾਂ ਦੀਆਂ ਮੰਗਾਂ ਨਾ ਮੰਨਣ 'ਤੇ ਮਜ਼ਦੂਰ ਕਰਨਗੇ ਹੜਤਾਲ : ਸੀ ਟੀ ਯੂ



ਪਠਾਨਕੋਟ (ਦਵਿੰਦਰ ਸਿੰਘ)- ਲਾਲ ਝੰਡਾ ਪੰਜਾਬ ਭੱਠਾ ਲੇਬਰ ਸਬੰਧੰਤ ਸੀ ਟੀ ਯੂ ਪੰਜਾਬ ਜ਼ਿਲ੍ਹਾ ਕਮੇਟੀ ਪਠਾਨਕੋਟ ਵੱਲੋਂ 16 ਮਾਰਚ ਨੂੰ ਭੱਠਾ ਮਜ਼ਦੂਰਾਂ ਦੀਆਂ ਮੁੱਖ ਮੰਗਾਂ ਲਗਾਤਾਰ ਬੇਰੋਕ ਵਧ ਰਹੀ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਝੰਬੇ ਮਜ਼ਦੂਰਾਂ ਦੀ ਮਜ਼ਦੂਰੀ ਵਿਚ ਵਾਧਾ ਕੀਤਾ ਜਾਵੇ, ਮਿੱਟੀ ਪੁਟਾਈ ਅਤੇ ਬਿਜਲੀ ਬਿੱਲਾਂ ਦੇ ਰੂਪ ਵਿੱਚ ਹਜ਼ਾਰਾਂ ਰੁਪਏ ਜਬਰੀ ਵਸੂਲਣੇ ਬੰਦ ਕੀਤੇ ਜਾਣ, ਲੇਬਰ ਦਾ ਇੰਤਜ਼ਾਮ ਕਰਨ ਵਾਲੇ ਜਮਾਂਦਾਰਾਂ ਨੂੰ ਮਿਨੀਮਮ ਵੇਜ ਅਨੁਸਾਰ ਪੂਰੀ ਕਮਿਸ਼ਨ ਦਿੱਤੀ ਜਾਵੇ ਅਤੇ ਹੋਰ ਮੰਗਾਂ ਨੂੰ ਲੈ ਕੇ ਜਿਹੜਾ ਮੰਗ ਪੱਤਰ ਅਸਿਸਟੈਂਟ ਲੇਬਰ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਨੂੰ ਦਿੱਤਾ ਗਿਆ ਸੀ, ਅਸਿਸਟੈਂਟ ਲੇਬਰ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਵੱਲੋਂ ਮੰਗ ਪੱਤਰ ਦੇ ਨਿਪਟਾਰੇ ਲਈ ਭੱਠਾ ਮਾਲਕਾਂ ਅਤੇ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਵਿਚਕਾਰ ਗੱਲਬਾਤ ਲਈ ਵਾਰ-ਵਾਰ ਸਮਾਂ ਨਿਰਧਾਰਤ ਕੀਤਾ ਗਿਆ ਪਰ ਮਾਲਕਾਂ ਵੱਲੋਂ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਮਿਲਿਆ। ਰੋਸ ਵੱਜੋਂ ਯੂਨੀਅਨ ਆਗੂਆਂ ਨੇ ਫੈਸਲਾ ਕੀਤਾ ਕਿ 18 ਮਈ ਨੂੰ ਕੱਚੀਆਂ ਇੱਟਾਂ ਬਣਾਉਣ ਵਾਲੇ ਪਥੇਰ ਕਿਰਤੀ ਪਾਣੀ ਨਹੀਂ ਲਾਉਣਗੇ ਅਤੇ ਨਿਕਾਸੀ ਵਾਲੇ ਮਜ਼ਦੂਰ ਵੀ ਇੱਕ ਦਿਨ ਦੀ ਹੜਤਾਲ ਕਰਕੇ 19 ਮਈ ਨੂੰ ਜ਼ਿਲ੍ਹਾ ਹੈਡਕੁਆਰਟਰ ਪਠਾਨਕੋਟ ਵਿਖੇ ਧਰਨਾ ਦੇਣਗੇ। ਸਮਝੌਤਾ ਨਾ ਹੋਣ ਦੀ ਸੂਰਤ ਵਿੱਚ ਅਣਮਿੱਥੇ ਸਮੇਂ ਲਈ ਹੜਤਾਲ ਵੀ ਹੋ ਸਕਦੀ ਹੈ ਜਿਸ ਦੀ ਸਾਰੀ ਜ਼ਿੰਮੇਵਾਰੀ ਭੱਠਾ ਮਾਲਕਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਅੱਜ ਵੀ ਅਸਿਸਟੈਂਟ ਲੇਬਰ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਪਣੇ ਦਫਤਰ ਦੋਨਾਂ ਧਿਰਾਂ ਦਰਮਿਆਨ ਗੱਲਬਾਤ ਲਈ ਸਮਾਂ ਨਿਸਚਤ ਕੀਤਾ ਗਿਆ ਪਰ ਮਾਲਕਾਂ ਵਲੋਂ ਪ੍ਰਧਾਨ ਰਾਜ ਪਾਲ ਗੁਪਤਾ ਤੇ ਸੰਜੀਵ ਅਗਰਵਾਲ ਆਏ ਅਤੇ ਕਿਰਤੀਆਂ ਵੱਲੋਂ ਸੀ ਟੀ ਯੂ ਪੰਜਾਬ ਦੇ ਆਗੂ ਕਾਮਰੇਡ ਨੱਥਾ ਸਿੰਘ ਢਡਵਾਲ, ਹਰਿੰਦਰ ਸਿੰਘ ਰੰਧਾਵਾ, ਸ਼ਿਵ ਕੁਮਾਰ, ਰਣਯੋਧ ਸਿੰਘ, ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਦੇ ਆਗੂ ਕਾਮਰੇਡ ਜਸਵੰਤ ਸਿੰਘ ਬੁੱਟਰ, ਦਰਸ਼ਨ ਸਿੰਘ ਅਖਰੋਟਾ, ਮਨਹਰਨ ਅਤੇ ਹੋਰ ਸਾਥੀ ਹਾਜ਼ਰ ਸਨ।

# ਫੁੱਟਬਾਲ ਮੁਕਾਬਲਿਆਂ ਚ ਸੈਕਰਡ ਹਾਰਟ ਦੇ ਵਿਦਿਆਰਥੀਆਂ ਮਾਰੀਆਂ ਮੱਲਾਂ



ਪੱਟੀ, (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ) - ਬੀਤੇ ਦਿਨੀਂ ਅੰਮ੍ਰਿਤਸਰ ਦੇ ਸੇਂਟ ਜੋਸਫ ਸਕੂਲ ਭਰਾੜੀਵਾਲ ਵਿਖੇ ਸੀ ਆਈ ਐਸ ਸੀ ਈ ਜ਼ੋਨ ਪੱਧਰੀ ਫੁੱਟਬਾਲ 19 ਅੰਡਰ ਖੇਡ ਮੁਕਾਬਲੇ ਕਰਵਾਏ ਗਏ। ਖੇਡ ਮੁਕਾਬਲਿਆਂ 'ਚ ਸੈਕਰਡ ਹਾਰਟ ਕੌਨਵੈਂਟ ਸੀਨੀਅਰ ਸਕੈਂਡਰੀ ਸਕੂਲ ਠੱਕਰਪੁਰਾ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਇਸ ਖੇਡ ਮੁਕਾਬਲੇ ਵਿਚ ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨ ਤਾਰਨ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ ।

ਸੈਕਰਡ ਹਾਰਟ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਪੱਟੀ ਦੇ ਵਿਦਿਆਰਥੀਆਂ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਦੂਸਰਾ ਸਥਾਨ ਹਾਸਲ ਕਰਕੇ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਨਾਂ ਰੌਸ਼ਨ ਕੀਤਾ। ਡਾਇਰੈਕਟਰ ਫਾਦਰ ਥੌਮਸ ਪੋਚਾਲਿਲ ਨੇ ਸਕੂਲ ਅਧਿਆਪਕਾਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਜੇਤੂ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

ਇਸ ਮੌਕੇ ਪ੍ਰਿੰਸੀਪਲ ਸਿਸਟਰ ਜੈਸਮੀਨ, ਸਿਸਟਰ ਨੇਹਾ, ਸਿਸਟਰ ਬੀਨਾ ਜੋਸ਼, ਕੋਚ ਅਵਤਾਰ ਸਿੰਘ, ਕੋਚ ਅਯੁਸ਼ ਸ਼ਰਮਾ, ਕੋਚ ਹਰਮੀਤ ਸਿੰਘ, ਕੋਚ ਕਰਨਬੀਰ ਸਿੰਘ, ਕੋਚ ਕਰਨਜੀਤ ਸਿੰਘ, ਕੋਚ ਦਲਬੀਰ ਕੌਰ ਸਮੇਤ ਸਾਰਾ ਸਕੂਲ ਸਟਾਫ ਹਾਜ਼ਰ ਸਨ।

# ਬੱਕਰੀਆਂ ਦੇ ਯੂਨਿਟ ਸਥਾਪਤ ਕਰਨ 'ਤੇ ਰਾਜ ਸਰਕਾਰ ਵੱਲੋਂ ਜਨਰਲ ਸ਼੍ਰੇਣੀ ਨੂੰ 25 ਤੇ ਅਨੁਸੂਚਿਤ ਜਾਤੀਆਂ ਨੂੰ 33 ਫ਼ੀਸਦੀ ਸਬਸਿਡੀ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ,ਜਨਕ ਮਹਾਜਨ)** - ਪੰਜਾਬ ਸਰਕਾਰ ਵੱਲੋਂ ਖੇਤੀ ਵਿਭਿੰਨਤਾ ਦੇ ਨਾਲ-ਨਾਲ ਸਹਾਇਕ ਧੰਦਿਆਂ ਨੂੰ ਪ੍ਰਫੁੱਲਿਤ ਕਰਨ ਲਈ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਨਾਲ ਕਿਸਾਨ ਅਤੇ ਬੇਰੁਜ਼ਗਾਰ ਨੌਜਵਾਨ ਆਪਣੀ ਆਰਥਕ ਸਥਿਤੀ ਵਿਚ ਹੋਰ ਸੁਧਾਰ ਕਰ ਸਕਦੇ ਹਨ। ਅਜੋਕੇ ਸਮੇਂ ਵਿਚ ਬੱਕਰੀਆਂ ਪਾਲਣਾ ਇੱਕ ਲਾਭਕਾਰੀ ਕਿੱਤਾ ਹੈ ਅਤੇ ਕਿਸਾਨਾਂ ਦਾ ਰੁਝਾਨ ਡੇਅਰੀ ਫਾਰਮਿੰਗ ਦੇ ਨਾਲ-ਨਾਲ ਇਸ ਕਿੱਤੇ ਵੱਲ ਵੀ ਹੋ ਰਿਹਾ ਹੈ। ਇਸ ਤੋਂ ਇਲਾਵਾ ਡੇਂਗੂ, ਪੀਲੀਆ ਆਦਿ ਦੇ ਮਰੀਜ਼ਾਂ ਲਈ ਵੀ ਬੱਕਰੀ ਦਾ ਦੁੱਧ ਲਾਹੇਵੰਦ ਹੁੰਦਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਸ਼ਾਮ ਸਿੰਘ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਬੱਕਰੀਆਂ ਦੇ ਯੂਨਿਟ ਖੁਲ੍ਹਵਾਏ ਜਾ ਰਹੇ ਹਨ, ਜਿਸ ਤਹਿਤ ਜਨਰਲ ਸ਼੍ਰੇਣੀ ਵਾਲਿਆਂ ਨੂੰ 40 ਬੱਕਰੀਆਂ ਅਤੇ 2 ਬੱਕਰਿਆਂ ਦੇ ਯੂਨਿਟ ਲਈ 1 ਲੱਖ ਰੁਪਏ 'ਤੇ 25000 ਰੁਪਏ ਸਬਸਿਡੀ ਦਿੱਤੀ ਜਾਂਦੀ ਹੈ ਜਦਕਿ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ 33000 ਰੁਪਏ ਸਬਸਿਡੀ ਵਜੋਂ ਦਿੱਤੇ ਜਾਂਦੇ ਹਨ। ਉਨ੍ਹਾ ਦੱਸਿਆ ਕਿ ਲਾਭਪਾਤਰੀ ਨੂੰ 25 ਹਜ਼ਾਰ ਰੁਪਏ ਆਪਣੇ ਕੋਲੋਂ ਮਾਰਜਨ ਮਨੀ ਵਜੋਂ ਪਾਉਣੇ ਹੁੰਦੇ ਹਨ ਅਤੇ 50,000 ਰੁਪਏ ਦਾ ਕਰਜ਼ਾ ਬੈਂਕ ਤੋਂ ਦਿਵਾਇਆ ਜਾਂਦਾ ਹੈ। ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ ਨੇ ਦੱਸਿਆ ਕਿ ਕਿਸਾਨਾਂ/ਨੌਜਵਾਨਾ ਨੂੰ ਇਹ ਕਿੱਤਾ ਅਪਨਾਉਣ ਤੋਂ ਪਹਿਲਾਂ ਸਿਖਲਾਈ ਲੈਣੀ ਚਾਹੀਦੀ ਹੈ ਅਤੇ ਬੱਕਰੀ ਪਾਲਣ ਦੀ ਬਕਾਇਦਾ ਸਿਖਲਾਈ ਪਸ਼ੂ ਪਾਲਣ ਵਿਭਾਗ ਤੋਂ ਲਈ ਜਾ ਸਕਦੀ ਹੈ।

ਉਨ੍ਹਾ ਦੱਸਿਆ ਕਿ ਸਿਖਲਾਈ ਦੌਰਾਨ ਹੀ ਬੱਕਰੀਆਂ ਦੇ ਸ਼ੈਡ ਦੀ ਸਹੀ ਬਣਤਰ ਬਾਰੇ, ਬੱਕਰੀਆਂ ਦੀਆਂ ਨਸਲਾਂ ਬਾਰੇ, ਬੱਕਰੀਆਂ ਲਈ ਚੰਗੇਰੀ ਫੀਡ ਅਤੇ ਖੁਰਾਕ, ਵਧੀਆ ਰਹਿਣ-ਸਹਿਣ ਦੇ ਪ੍ਰਬੰਧ ਦੀ ਮਹੱਤਤਾ ਬਾਰੇ ਜਾਣਿਆ ਜਾ ਸਕਦਾ ਹੈ, ਤਾਂ ਜੋ ਮੀਟ ਅਤੇ ਦੁੱਧ ਦੀ ਵਧੀਆ ਪੈਦਾਵਾਰ ਪ੍ਰਾਪਤ ਕੀਤੀ ਜਾ ਸਕੇ। ਉਨ੍ਹਾ ਕਿਹਾ ਕਿ ਬੱਕਰੀ ਪਾਲਣ ਦੇ ਕਿੱਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪਸ਼ੂ ਪਾਲਣ ਵਿਭਾਗ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 90 ਗ੍ਰਾਮ ਹੈਰੋਇਨ ਸਮੇਤ ਇੱਕ ਕਾਬੂ



ਖਾਲੜਾ/ ਭਿੱਖੀਵਿੰਡ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਥਾਣਾ ਖਾਲੜਾ ਦੀ ਪੁਲਸ ਨੇ 90 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਸਬ ਇੰਸਪੈਕਟਰ ਚਰਨ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਹੋਏ ਜਦ ਨਜ਼ਦੀਕ ਪਾਣੀ ਵਾਲੀ ਟੈਂਕੀ ਕਰਨੋਲੀ ਖਾਲੜਾ ਪੁੱਜੇ ਤਾਂ ਇੱਕ ਨੌਜਵਾਨ ਟੈਂਕੀ ਦੇ ਹੇਠੋਂ ਨਿਕਲ ਕੇ ਲਿੰਕ ਰੋਡ 'ਤੇ ਚੜ੍ਹਨ ਲੱਗਾ ਤਾਂ ਸਾਹਮਣੇ ਪੁਲਸ ਦੀ ਗੱਡੀ ਦੇਖ ਆਪਣੇ ਸੱਜੇ ਹੱਥ 'ਚ ਫੜਿਆ ਮੋਮੀ ਲਿਫਾਫਾ ਸੁੱਟ ਕੇ ਆਪ ਟੈਂਕੀ ਦੇ ਪਿਛਲੀ ਵਾਲੀ ਸਾਇਡ ਭੱਜਣ ਲੱਗਾ ਤਾਂ ਜਦ ਪੁਲਸ ਪਾਰਟੀ ਨੇ ਉਕਤ ਨੌਜਵਾਨ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਕਤ ਨੌਜਵਾਨ ਨੇ ਆਪਣਾ ਨਾਮ ਕਰਨਜੀਤ ਸਿੰਘ ਉਰਫ ਕਰਨ ਪੁੱਤਰ ਬਲਜੀਤ ਸਿੰਘ ਵਾਸੀ ਪਿੰਡ ਕਰਨੋਲੀ ਖਾਲੜਾ ਦੱਸਿਆ ।

ਉਥੇ ਹੀ ਜਦੋਂ ਪੁਲਸ ਪਾਰਟੀ ਨੇ ਨੌਜਵਾਨ ਵੱਲੋਂ ਜ਼ਮੀਨ 'ਤੇ ਸੁੱਟੇ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 90 ਗ੍ਰਾਮ ਹੈਰੋਇਨ ਬਰਾਮਦ ਹੋਈ। ਜਿਸ 'ਤੇ ਥਾਣਾ ਖਾਲੜਾ ਦੀ ਪੁਲਸ ਨੇ ਕੇਸ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ

**ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)** - ਬੀਤੇ ਦਿਨਾਂ ਤੋਂ ਦਿੱਲੀ ਵਿਖੇ ਮਹਿਲਾ ਭਲਵਾਨਾਂ ਵੱਲੋਂ ਦਿੱਤੇ ਜਾ ਧਰਨੇ ਦੀ ਹਮਾਇਤ 'ਤੇ ਜਾ ਰਹੇ ਪੰਜਾਬ ਦੇ ਕਿਸਾਨ ਆਗੂਆਂ ਨੂੰ ਪੁਲਸ ਨੇ ਰੋਕ ਕੇ ਹਿਰਾਸਤ ਵਿੱਚ ਲਿਆ। ਹਾਲਾਂਕਿ ਪੁਲਸ ਉਨ੍ਹਾਂ ਨੂੰ ਵਾਪਸ ਜਾਣ ਦੀ ਸ਼ਰਤ 'ਤੇ ਛੱਡ ਦੇਣ ਦੀ ਗੱਲ ਕਰ ਰਹੀ ਹੈ ਜਦੋਂ ਕਿ ਕਿਸਾਨ ਮਜ਼ਦਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜਥੇਦਾਰ ਸੁਖਵਿੰਦਰ ਸਿੰਘ ਸਭਰਾ ਹਰਿਆਣਾ ਦੀਆਂ ਜਥੇਬੰਦੀਆਂ ਦੇ ਹਿਰਾਸਤ ਵਿੱਚ ਲਏ ਆਗੂਆਂ ਨੂੰ ਛੁਡਾ ਕੇ ਧਰਨੇ ਵਿੱਚ ਨਾਲ ਲਿਜਾਣ ਦੀ ਮੰਗ 'ਤੇ ਬਜ਼ਿੱਦ ਸਨ। ਪੰਜਾਬ ਦੇ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਏ ਜਾਣ ਦੇ ਰੋਸ ਵਜੋਂ ਪਿੰਡ ਪਿੰਡ ਕੇਂਦਰ ਸਰਕਾਰ ਦੇ ਪੂਤਲੇ ਫੂਕ ਕੇ ਪ੍ਰਦਰਸ਼ਨ ਕੀਤਾ। ਪੱਟੀ ਜ਼ੋਨ ਆਗੂਆਂ ਰੂਪ ਸਿੰਘ ਸੈਦੋਂ, ਨਿਸ਼ਾਨ ਸਿੰਘ ਪੱਟੀ ਅਤੇ ਚਾਨਣ ਸਿੰਘ ਬੰਗਲਾ ਰਾਏ ਦੀ ਅਗਵਾਈ ਵਿੱਚ ਹਰੀਕੇ ਚੌਕ ਵਿੱਚ ਆਵਾਜਾਈ ਠੱਪ ਕਰਕੇ ਪੂਤਲਾ ਫੂਕਿਆ ਅਤੇ ਕੇਂਦਰ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। 25 ਪਿੰਡਾਂ ਤੋਂ ਇਕੱਤਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ ਸਾਡੀਆਂ ਧੀਆਂ ਦੇ ਜਿਨਸੀ ਸ਼ੋਸ਼ਣ ਲਈ ਜ਼ਿੰਮੇਵਾਰ ਬ੍ਰਿਜ ਭੂਸ਼ਣ 'ਤੇ ਮੁਕੱਦਮਾ ਦਰਜ ਕਰਨ ਦੇ ਬਾਵਜੂਦ ਪੁਲਸ ਨੂੰ ਫੜਨ ਲਈ ਸੰਜੀਦਾ ਨਹੀਂ ਜਿਸ ਲਈ ਕੇਂਦਰ ਸਰਕਾਰ ਵੀ ਪੁਲਸ ਦੀ ਪਿੱਠ ਥਾਪੜ ਰਹੀ ਹੈ। ਉਨ੍ਹਾਂ ਦੱਸਿਆ ਕਿ ਜੇਕਰ ਹਿਰਾਸਤ ਵਿੱਚ ਲਏ ਸੁਖਵਿੰਦਰ ਸਿੰਘ ਸਭਰਾ ਅਤੇ ਰਣਬੀਰ ਸਿੰਘ ਰਾਣਾ ਨੂੰ ਬਿਨਾਂ ਸ਼ਰਤ ਰਿਹਾਅ ਕਰਕੇ ਧਰਨੇ 'ਤੇ ਨਾ ਜਾਣ ਦਿੱਤਾ ਤਾਂ ਸੰਘਰਸ਼ ਦੀ ਰੂਪ ਰੇਖਾ ਹੋਰ ਤਿੱਖੀ ਕੀਤੀ ਜਾਵੇਗੀ। ਇਸ ਮੌਕੇ ਦਲਜੀਤ ਸਿੰਘ ਹਰੀਕੇ, ਬਲਕਾਰ ਸਿੰਘ ਸਭਰਾ, ਮਹਾਂਬੀਰ ਸਿੰਘ ਠੱਕਰਪੁਰਾ, ਡਾਕਟਰ ਹੀਰਾ ਸਿੰਘ ਚੂਸਲੇਵੜ੍ਹ, ਜਰਨੈਲ ਸਿੰਘ ਧਾਰੀਵਾਲ, ਪ੍ਰਮਿੰਦਰ ਸਿੰਘ ਬੁਰਜ ਦੇਵਾ ਸਿੰਘ, ਕਿਰਪਾਲ ਸਿੰਘ ਬੁਰਜ ਪੂਹਲਾ, ਖਜਾਨ ਸਿੰਘ ਕਿਰਤੋਵਾਲ, ਮੁਖਤਾਰ ਸਿੰਘ ਸਭਰਾ, ਜੁਗਿੰਦਰ ਸਿੰਘ ਗੱਟੀ, ਧਰਮ ਸਿੰਘ ਜੋਣੇਕੇ, ਵਿਰਸਾ ਸਿੰਘ ਕਿੜੀਆਂ, ਰਾਜਿੰਦਰ ਸਿੰਘ ਨਬੀਪੁਰ, ਭਜਨ ਸਿੰਘ ਬੂਹ ਹਵੇਲੀਆਂ, ਸਰਬਜੀਤ ਸਿੰਘ ਪ੍ਰਿੰਗੜੀ, ਬਾਜ ਸਿੰਘ ਤੁੰਗ, ਸੁਖਚੈਨ ਸਿੰਘ ਪੱਟੀ, ਸਰਵਣ ਸਿੰਘ ਸੀਤੋ, ਮੰਗਲ ਸਿੰਘ ਪੱਟੀ ਅਤੇ ਹਰਦੇਵ ਸਿੰਘ ਘੜੁੰਮ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਵਿਦਾਇਗੀ ਪਾਰਟੀ



ਤਰਨ ਤਾਰਨ ( ਪ੍ਰਿਤਪਾਲ ਸਿੰਘ)-ਚੀਫ ਖਾਲਸਾ ਦੀਵਾਨ ਦੀ ਛਤਰ ਛਾਇਆ ਹੇਠ ਚੱਲ ਰਹੀ ਜ਼ਿਲ੍ਹੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ +2 ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਚੀਫ ਖਾਲਸਾ ਦੀਵਾਨ ਦੇ ਅਡੀਸ਼ਨਲ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਅਤੇ ਰਣਦੀਪ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਪਾਰਟੀ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ। ਪ੍ਰਿੰਸੀਪਲ ਰਣਜੀਤ ਭਾਟੀਆ, ਮੈਡਮ ਪੁਨੀਤ ਚਾਵਲਾ ਅਤੇ ਮੈਡਮ ਅੰਜੂ ਸਿੰਘ ਨੇ ਮੁੱਖ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸੁਆਗਤ ਕੀਤਾ।

+1 ਅਤੇ +2 ਦੇ ਵਿਦਿਆਰਥੀਆਂ ਵੱਲੋਂ ਬਹੁਤ ਹੀ ਵਧੀਆ ਡਾਂਸ ਪੇਸ਼ ਕੀਤਾ ਗਿਆ। ਪੰਜਾਬੀ ਲੋਕ ਨਾਚ ਭੰਗੜੇ ਨੇ ਖੂਬ ਰੰਗ ਬੰਨ੍ਹਿਆ। +2 ਨਾਨਕ ਮੈਡੀਕਲ ਦੀ ਅਮਰੀਨ ਕੌਰ ਮਿਸ ਫੇਅਰਵੈਲ ਅਤੇ +2 ਕਮਰਸ ਦਾ ਦਾਨਿਸ ਮਿਸਟਰ ਫੇਅਰਵੈਲ ਚੁਣੇ ਗਏ। ਇਸ ਤੋਂ ਇਲਾਵਾ ਕੁਝ ਹੋਰ ਖਿਤਾਬ ਜਿਵੇਂ ਮਿਸ ਗ੍ਰੇਸਫੁੱਲ, ਮਿਸਟਰ ਹੈਂਡਸਮ, ਮਿਸਟਰ ਡਾਇਨਾਮਿਕ ਆਦਿ ਵੀ ਬੱਚਿਆਂ ਨੂੰ ਦਿੱਤੇ ਗਏ। ਚੀਫ ਖਾਲਸਾ ਦੀਵਾਨ ਦੇ ਅਡੀਸਨਲ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਬਾਰ੍ਹਵੀਂ ਜਮਾਤ ਪਾਸ ਕਰਕੇ ਜਾਣ ਵਾਲੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਉਤਸ਼ਾਹਤ ਕੀਤਾ। ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਖਤ ਮਿਹਨਤ ਅਤੇ ਲਗਨ ਸਦਕਾ ਉਹ ਆਉਣ ਵਾਲੇ ਭਵਿੱਖ ਵਿੱਚ ਕਾਮਯਾਬੀ ਦੀਆਂ ਮੰਜ਼ਲਾਂ ਛੂਹ ਸਕਦੇ ਹਨ।

ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਸਕੂਲ ਦੇ ਪ੍ਰਿੰ. ਰਣਜੀਤ ਭਾਟੀਆ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਨ੍ਹਾਂ ਵਿੱਚ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਆਤਮ ਵਿਸਵਾਸ ਅਤੇ ਦ੍ਰਿੜ੍ਹਤਾ ਹੋਣੀ ਚਾਹੀਦੀ ਹੈ ਤਾਂ ਹੀ ਉਹ ਯਕੀਨੀ ਤੌਰ 'ਤੇ ਆਪਣੇ ਜੀਵਨ ਵਿੱਚ ਸਫਲਤਾ ਹਾਸਲ ਕਰ ਸਕਦੇ ਹਨ।

# ਆਈ ਟੀ ਸੀ ਨੇ ਡੀਓਡਰੈਂਟਸ ਦੀ ਨਵੀਂ ਸ਼੍ਰੇਣੀ- ਇੰਗੇਜ ਇੰਟੈਂਸ ਲਈ ਸ਼ੁਭਮਨ ਗਿੱਲ ਨੂੰ ਬ੍ਰਾਂਡ ਅੰਬੈਸਡਰ ਚੁਣਿਆ

ਅੰਮ੍ਰਿਤਸਰ : ਆਈ ਟੀ ਸੀ ਇੰਗੇਜ ਆਪਣੀ ਨਵੀਂ ਰੇਂਜ ਇੰਗੇਜ ਇੰਟੈਂਸ ਦੀ ਸ਼ੁਰੂਆਤ ਦੇ ਨਾਲ ਇੰਟੈਂਸ ਪੈਸ਼ਨ ਅਤੇ ਪ੍ਰਫਾਰਮੈਂਸ ਲਈ ਉਤਸ਼ਾਹ ਦਾ ਜਸ਼ਨ ਮਨਾਉਂਦਾ ਹੈ। ਮਿਹਨਤ ਤੋਂ ਲੈ ਕੇ ਸ਼ਾਨ ਤੱਕ ਦੀ ਇਸ ਪੀੜ੍ਹੀ ਦੀ ਤੀਬਰਤਾ ਦੇ ਪ੍ਰਤੀਕ ਸ਼ੁਭਮਨ ਗਿੱਲ ਨੂੰ ਹੁਣ ਇੰਗੇਜ ਇੰਟੈਂਸ ਦਾ ਨਵਾਂ ਬ੍ਰਾਂਡ ਅੰਬੈਸਡਰ ਚੁਣਿਆ ਗਿਆ ਹੈ । ਲੈਦਰੀ,ਵੁਡੀ ਅਤੇ ਸਪਾਈਸੀ ਸੁਗੰਧ ਵਾਲੇ ਪ੍ਰੋਫਾਈਲਾਂ ਨੂੰ ਨੌਜਵਾਨਾਂ ਦੀ ਲਗਨ ਦੀ ਇਸ ਯਾਤਰਾ ਦਾ ਹਿੱਸਾ ਬਣਨ ਲਈ ਤਿਆਰ ਕੀਤਾ ਗਿਆ ਹੈ। ਸ਼ੁਭਮਨ ਗਿੱਲ ਨੇ ਬ੍ਰਾਂਡ ਅੰਬੈਸਡਰ ਵਜੋਂ ਆਪਣੀ ਤੀਬਰ ਤਿਆਰੀ ਅਤੇ ਖੇਡ ਨੂੰ ਇੰਗੇਜ ਇੰਟੈਂਸ ਲਈ ਪੇਸ਼ ਕੀਤਾ ਹੈ। ਓਗਿਲਵੀ ਇੰਡੀਆ ਦੁਆਰਾ ਸੰਕਲਪਿਤ ਅਤੇ ਵਿਜੇ ਸਾਵੰਤ ਦੁਆਰਾ ਨਿਰਦੇਸ਼ਤ ਇਹ ਵਿਗਿਆਪਨ ਫਿਲਮ ਉਨ੍ਹਾਂ ਪੁਰਸ਼ਾਂ ਦੀ ਕਠੋਰਤਾ, ਵਚਨਬੱਧਤਾ ਅਤੇ ਜਨੂੰਨ ਨੂੰ ਉਜਾਗਰ ਕਰਦੀ ਹੈ ਜੋ ਕੱਲ੍ਹ ਦੀਆਂ ਪ੍ਰਾਪਤੀਆਂ ਦਾ ਸੁਪਨਾ ਦੇਖਦੇ ਹਨ। ਸਮੀਰ ਸਤਪਥੀ,ਡਵੀਜ਼ਨਲ ਚੀਫ ਐਗਜ਼ੀਕਿਊਟਿਵ,ਪਰਸਨਲ ਕੇਅਰ ਬਿਜ਼ਨਸ,ਆਈ.ਟੀ.ਸੀ. ਲਿਮਟਿਡ ਨੇ ਕਿਹਾ, "ਇਹ ਵਿਗਿਆਪਨ ਸਫਲਤਾ ਅਤੇ ਪ੍ਰਾਪਤੀ ਪ੍ਰਤੀ ਬਦਲਦੇ ਰਵੱਈਏ ਨੂੰ ਦੇਖਣ ਲਈ ਸੱਚਮੁੱਚ ਇੱਕ ਪ੍ਰੇਰਨਾਸ੍ਰੋਤ ਦਾ ਕੰਮ ਕਰਦਾ ਹੈ।

# ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕਣਕ ਦੇ ਨਾੜ ਨੂੰ ਅੱਗ ਨਾ ਲਗਾਈ ਜਾਵੇ : ਡਿਪਟੀ ਕਮਿਸ਼ਨਰ

ਡੇਰਾ ਬਾਬਾ ਨਾਨਕ ( ਰਮੇਸ਼ ਸ਼ਰਮਾ) - ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਣਕ ਦੇ ਨਾੜ ਨੂੰ ਅੱਗ ਬਿਲਕੁਲ ਨਾ ਲਗਾਉਣ। ਉਨ੍ਹਾ ਕਿਹਾ ਕਿ ਨਾੜ ਨੂੰ ਅੱਗ ਲਗਾਉਣ ਨਾਲ ਨਾਈਟਰੋਜਨ, ਫਾਸਫੋਰਸ ਅਤੇ ਪੁਟਾਸ਼ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਲਘੂ ਤੱਤ ਨਸ਼ਟ ਹੋ ਜਾਂਦੇ ਹਨ ਅਤੇ ਇਸ ਦੇ ਨਾਲ ਜ਼ਹਿਰੀਲੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ ਆਦਿ ਪੈਦਾ ਹੁੰਦੀਆਂ ਹਨ, ਜਿਸ ਕਾਰਨ ਮਨੁੱਖਾਂ ਵਿੱਚ ਸਾਹ, ਅੱਖਾਂ ਵਿੱਚ ਜਲਣ ਅਤੇ ਚਮੜੀ ਦੇ ਰੋਗਾਂ ਦਾ ਖਤਰਾ ਪੈਦਾ ਹੋ ਜਾਂਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਤਪਸ਼ ਵਧਣ ਨਾਲ ਹੋ ਰਹੀਆਂ ਮੌਸਮੀ ਤਬਦੀਲੀਆਂ ਦੇ ਪ੍ਰਤੀਕੂਲ ਪ੍ਰਭਾਵ ਪਿਛਲੇ ਸਾਲਾਂ ਦੌਰਾਨ ਫਸਲਾਂ ਦੀ ਕਾਸ਼ਤ ਉੱਪਰ ਪ੍ਰਤੱਖ ਰੂਪ ਵਿੱਚ ਦੇਖਣ ਨੂੰ ਮਿਲ ਰਹੇ ਹਨ, ਜਿਸ ਦੇ ਨਤੀਜੇ ਵਜੋਂ ਬੇਮੌਸਮੀ ਬਰਸਾਤਾਂ ਨਾਲ ਅਚਨਚੇਤ ਹੜ੍ਹ ਆ ਰਹੇ ਹਨ ਅਤੇ ਦਿਨ ਦਾ ਤਾਪਮਾਨ ਵਧਣ ਕਾਰਨ ਸੋਕੇ ਵਰਗੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਖੇਤੀ ਮਾਹਰਾਂ ਅਨੁਸਾਰ ਮੌਸਮੀ ਤਬਦੀਲੀਆਂ ਕਾਰਨ ਫਸਲਾਂ ਨੂੰ ਲੱਗਣ ਵਾਲੇ ਕੀੜਿਆਂ ਮਕੌੜਿਆਂ ਅਤੇ ਬਿਮਾਰੀਆਂ ਵਿੱਚ ਬਦਲਾਅ ਵੀ ਦੇਖਣ ਨੂੰ ਮਿਲ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਣਕ ਦੇ ਨਾੜ ਨੂੰ ਅੱਗ ਬਿਲਕੁਲ ਨਾ ਲਗਾਉਣ ਤਾਂ ਜੋ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਉਨ੍ਹਾ ਕਿਹਾ ਕਿ ਕਣਕ ਦੇ ਨਾੜ ਦਾ ਵਿਗਿਆਨਿਕ ਢੰਗ ਨਾਲ ਨਿਪਟਾਰਾ ਕਰਨ ਲਈ ਕਿਸਾਨ ਖੇਤੀਬਾੜੀ ਵਿਭਾਗ ਦੇ ਮਾਹਰਾਂ ਨਾਲ ਸੰਪਰਕ ਕਰ ਸਕਦੇ ਹਨ।

# 13 ਮਈ ਨੂੰ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ 'ਤੇ ਲੱਗੇਗੀ ਨੈਸ਼ਨਲ ਲੋਕ ਅਦਾਲਤ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)** - ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਤਹਿਤ 13 ਮਈ ਨੂੰ ਜ਼ਿਲ੍ਹਾ ਪੱਧਰੀ ਅਤੇ ਸਬ-ਡਵੀਜ਼ਨ ਪੱਧਰ 'ਤੇ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ।

ਇਸ ਕੌਮੀ ਲੋਕ ਅਦਾਲਤ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ, ਰਜਿੰਦਰ ਅਗਰਵਾਲ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਸਿਵਲ ਮਾਮਲੇ, ਕਿਰਾਏ ਦੇ ਮਾਮਲੇ, ਐੱਮ.ਏ.ਸੀ.ਟੀ., ਕ੍ਰਿਮੀਨਲ ਕੰਪਾਊਂਡੇਬਲ ਮਾਮਲੇ, ਮਾਲ ਮਾਮਲੇ, 138 ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, ਪਰਿਵਾਰਕ ਮਾਮਲੇ, ਲੇਬਰ ਮਾਮਲੇ, ਬੈਂਕ ਮਾਮਲੇ, ਟੈਲੀਕਾਮ ਕੰਪਨੀਆਂ ਅਤੇ ਹੋਰ ਮਾਮਲਿਆਂ ਦਾ ਨਿਪਟਾਰਾ ਕਰਵਾਉਣ ਸੰਬੰਧੀ ਕੇਸ ਰੱਖੇ ਜਾਣਗੇ ਅਤੇ ਇਸ ਲੋਕ ਅਦਾਲਤ ਵਿੱਚ ਬਕਾਇਆ ਅਤੇ ਪ੍ਰੀ-ਲਿਟੀਗੇਟਿਵ ਦੋਵੇਂ ਹੀ ਨਿਪਟਾਰੇ ਲਈ ਰੱਖੇ ਜਾ ਸਕਦੇ ਹਨ। ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਅਪੀਲ ਕੀਤੀ ਕਿ ਵੱਧ ਤੋਂ ਵੱਧ ਕੇਸ ਇਸ ਕੌਮੀ ਲੋਕ ਅਦਾਲਤ ਵਿੱਚ ਲਗਾਏ ਜਾਣ। ਉਨ੍ਹਾ ਕਿਹਾ ਕਿ ਲੋਕ ਅਦਾਲਤ ਰਾਹੀਂ ਫੈਸਲਾ ਕਰਵਾਉਣ ਨਾਲ ਸਮੇਂ ਅਤੇ ਪੈਸੇ ਦੋਵਾਂ ਦੀ ਬੱਚਤ ਹੁੰਦੀ ਹੈ। ਉਨ੍ਹਾ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੁੰਦੀ ਹੈ ਅਤੇ ਲੋਕ ਇਨ੍ਹਾਂ ਲੋਕ ਅਦਾਲਤਾਂ ਰਾਹੀਂ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾ ਕੇ ਲਾਭ ਪ੍ਰਾਪਤ ਕਰ ਸਕਦੇ ਹਨ।

# ਹਵਾਰਾ ਸਮੇਤ 9 ਬੰਦੀ ਸਿੰਘਾਂ ਦੀ ਹੋਵੇ ਤੁਰੰਤ ਰਿਹਾਈ : ਸਿੱਖ ਯੂਥ ਫ਼ੈਡਰੇਸ਼ਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ ) ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀਆਂ ਬਰੂਹਾਂ 'ਤੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਨਗਰ (ਮੋਹਾਲੀ) 'ਚ ਲੱਗੇ ਕੌਮੀ ਇਨਸਾਫ਼ ਮੋਰਚੇ 'ਚ ਹਾਜ਼ਰੀ ਲਵਾਉਣ ਪੁੱਜੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ ਜਾਣਬੁੱਝ ਕੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲਟਕਾ ਰਹੀ ਹੈ ਜਿਸ ਕਾਰਨ ਸਿੱਖਾਂ 'ਚ ਰੋਹ ਅਤੇ ਰੋਸ ਹੈ। ਸਰਕਾਰਾਂ ਵੱਲੋਂ ਸੰਵਿਧਾਨ ਅਤੇ ਕਾਨੂੰਨ ਛਿੱਕੇ ਟੰਗ ਦਿੱਤੇ ਗਏ ਹਨ ਤੇ ਸਿੱਖਾਂ ਖ਼ਿਲਾਫ਼ ਖੁੱਲ੍ਹ ਕੇ ਨਾਦਰਸ਼ਾਹੀ ਫ਼ੁਰਮਾਨ ਜਾਰੀ ਕੀਤੇ ਜਾ ਰਹੇ ਹਨ ਜੋ ਸਰਕਾਰਾਂ ਦੇ ਘਟੀਆ ਮਨਸੂਬਿਆਂ ਨੂੰ ਦਰਸਾਉਂਦਾ ਹੈ। ਫ਼ੈਡਰੇਸ਼ਨ ਆਗੂਆਂ ਨੇ ਕਿਹਾ ਕਿ ਭਾਰਤ ਵਿੱਚ ਹਿੰਦੂ ਰਾਜ ਚਲ ਰਿਹਾ ਹੈ ਤੇ ਸਿੱਖਾਂ-ਮੁਸਲਮਾਨਾਂ ਤੇ ਹੋਰ ਘੱਟ-ਗਿਣਤੀਆਂ ਨੂੰ ਕੁਚਲਿਆ ਜਾ ਰਿਹਾ ਹੈ। ਸਿੱਖ ਇਸ ਸਮੇਂ ਮਾਨਸਿਕ ਪੀੜਾ 'ਚੋਂ ਗੁਜ਼ਰ ਰਹੇ ਹਨ। ਉਨ੍ਹਾਂ ਕਿਹਾ ਕਿ ਹਿੰਦੂ ਹਾਕਮ ਵਾਰ-ਵਾਰ ਵਾਅਦੇ ਕਰ ਕੇ ਮੁੱਕਰ ਜਾਂਦੇ ਹਨ ਜੋ ਇਨ੍ਹਾਂ ਦੀ ਮੱਕਾਰੀ, ਡਰਾਮੇਬਾਜ਼ੀ ਅਤੇ ਅਕ੍ਰਿਤਘਣਤਾ ਹੈ। ਉਨ੍ਹਾਂ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇਣ ਦਾ ਫ਼ੈਸਲਾ ਕਰਕੇ ਸਰਕਾਰ ਇੱਕ ਵਾਰ ਫਿਰ ਸਿੱਖਾਂ ਦਾ ਕਰੰਟ ਚੈੱਕ ਕਰਨ ਦਾ ਯਤਨ ਕਰੇਗੀ ਪਰ ਸਰਕਾਰ ਨੂੰ ਮੂੰਹ ਦੀ ਖਾਣੀ ਪਏਗੀ। ਉਨ੍ਹਾਂ ਕਿਹਾ ਕਿ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ, ਭਾਈ ਪਪਲਪ੍ਰੀਤ ਸਿੰਘ ਤੇ ਸਾਥੀਆਂ 'ਤੇ ਐਨ ਐਸ ਏ ਲਾ ਕੇ ਸਰਕਾਰ ਨੇ ਜ਼ਿਆਦਤੀ ਕੀਤੀ ਹੈ ਤੇ ਪੰਜਾਬ ਨੂੰ ਪੁਲਸ ਸਟੇਟ ਅਤੇ ਫ਼ੌਜ ਛਾਉਣੀ 'ਚ ਬਦਲ ਦਿੱਤਾ ਹੈ ਤੇ ਸਮੁੱਚੀ ਸਿੱਖ ਕੌਮ ਨੂੰ ਡਰਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਜਗਤਾਰ ਸਿੰਘ ਹਵਾਰਾ ਸਮੇਤ 9 ਬੰਦੀ ਸਿੰਘਾਂ ਨੂੰ ਭਾਰਤ ਸਰਕਾਰ ਤੁਰੰਤ ਰਿਹਾਅ ਕਰੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਹ ਵੀ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੇ ਨੇੜਲੇ ਰਸਤਿਆਂ 'ਚ ਹੋ ਰਹੇ ਬੰਬ ਧਮਾਕੇ ਕਿਸੇ ਡੂੰਘੀ ਸਾਜ਼ਿਸ਼ ਦਾ ਸੰਕੇਤ ਹਨ।

# 15 ਨੂੰ ਛੁੱਟੀ ਦਾ ਐਲਾਨ

ਕਪੂਰਥਲਾ ( ਰਵਿੰਦਰ ਸਿੰਘ) ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਵਲੋਂ ਮਾਤਾ ਭੱਦਰਕਾਲੀ ਜੀ ਦੇ ਮੇਲੇ ਦੇ ਮੱਦੇਨਜ਼ਰ ਸਬ ਡਵੀਜਨ ਕਪੂਰਥਲਾ ਵਿਖੇ 15 ਮਈ 2023 ਨੂੰ ਸਥਾਨਕ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਤਾ ਭੱਦਰਕਾਲੀ ਜੀ ਦਾ ਮੇਲਾ 15 ਮਈ ਨੂੰ ਪਿੰਡ ਸੇਖੂਪੁਰ ਸਬ ਡਵੀਜਨ ਕਪੂਰਥਲਾ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਇਤਿਹਾਸਕ ਮੇਲੇ ਦੀ ਮਹੱਤਤਾ ਦੇ ਮੱਦੇਨਜ਼ਰ ਸਬ ਡਵੀਜਨ ਕਪੂਰਥਲਾ ਵਿਖੇ ਪੈਂਦੇ ਸਾਰੇ ਸਰਕਾਰੀ ਅਦਾਰਿਆਂ, ਨਿਗਮਾਂ, ਬੋਰਡਾਂ, ਵਿਦਿਅਕ ਅਦਾਰਿਆਂ ਅਤੇ ਹੋਰ ਸਰਕਾਰੀ ਸੰਸਥਾਵਾਂ ਵਿਚ 15 ਮਈ ਨੂੰ ਸਥਾਨਕ ਛੁੱਟੀ ਹੋਵੇਗੀ। ਉਨ੍ਹਾਂ ਇਹ ਸਪੱਸ਼ਟ ਕੀਤਾ ਕਿ ਜਿਨ੍ਹਾਂ ਅਧਿਕਾਰੀਆਂ ਦੀ ਮੇਲੇ ਦੌਰਾਨ ਡਿਊਟੀ ਲੱਗੀ ਹੈ, ਉਨ੍ਹਾਂ 'ਤੇ ਇਹ ਹੁਕਮ ਲਾਗੂ ਨਹੀਂ ਹੋਣਗੇ।

# ਰਵੀਕਰਨ ਸਿੰਘ ਕਾਹਲੋਂ ਨੇ ਸਾਬਕਾ ਸਰਪੰਚ ਸੁਰਜੀਤ ਸਿੰਘ ਕਾਦੀਆਂ ਗੁੱਜਰਾਂ ਨਾਲ ਕੀਤਾ ਦੁੱਖ ਸਾਂਝਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬੀਤੇ ਦਿਨੀਂ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਕਾਦੀਆਂ ਗੁੱਜਰਾਂ ਦੇ ਸਾਬਕਾ ਸਰਪੰਚ ਬਾਬਾ ਸੁਰਜੀਤ ਸਿੰਘ ਦੇ ਛੋਟੇ ਭਰਾ ਪਲਵਿੰਦਰ ਕੁਮਾਰ ਦੀ ਧਰਮ ਸੁਪਤਨੀ ਬੀਬੀ ਮੰਜੂ ਬਾਲਾ (35) ਜੋ ਪਿਛਲੇ ਦਿਨੀਂ ਛੋਟੀ ਉਮਰ ਵਿੱਚ ਹੀ ਅਕਾਲ ਚਲਾਣਾ ਕਰ ਗਏ ਸਨ ,ਅੱਜ ਉਨ੍ਹਾ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਵਾਸਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਡੇਰਾ ਬਾਬਾ ਨਾਨਕ ਦੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਸਾਥੀਆਂ ਸਮੇਤ ਉਨ੍ਹਾਂ ਦੇ ਗ੍ਰਹਿ ਪਿੰਡ ਕਾਦੀਆ ਗੁੱਜਰਾਂ ਵਿਖੇ ਪੁੱਜੇ । ਇਸ ਮੌਕੇ ਉਨ੍ਹਾ ਵੱਲੋਂ ਸਾਬਕਾ ਸਰਪੰਚ ਸੁਰਜੀਤ ਸਿੰਘ ਸੱਕਰੀ ਅਤੇ ਉਨ੍ਹਾਂ ਦੇ ਪਰਵਾਰਕ ਮੈਬਰਾਂ ਨਾਲ ਦੁੱਖ ਸਾਂਝਾ ਕੀਤਾ ਤੇ ਕਿਹਾ ਕਿ ਬੀਬੀ ਮੰਜੂ ਬਾਲਾ ਦੀ ਹੋਈ ਬੇਵਕਤੀ ਮੌਤ ਨਾਲ ਪਰਵਾਰ ਨੂੰ ਬਹੁਤ ਵੱਡਾ ਘਾਟਾ ਪਿਆ । ਇਸ ਦੁੱਖ ਦੀ ਘੜੀ ਵਿੱਚ ਕਾਹਲੋਂ ਪਰਵਾਰ ਉਨਾਂ ਦੇ ਪਰਵਾਰ ਨਾਲ ਖੜ੍ਹਾ ਹੈ। ਅਸੀਂ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਬੀਬੀ ਮੰਜੂ ਬਾਲਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ । ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਸਾਬਕਾ ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਅਕਾਲੀ ਆਗੂ ਸਤਬੀਰ ਸਿੰਘ ਬਿੱਟੂ, ਸਾਬਕਾ ਸਰਪੰਚ ਸਵਿੰਦਰ ਸਿੰਘ ਰਣਸੀਕਾ, ਪਲਵਿੰਦਰ ਕੁਮਾਰ, ਗੁਰਮੇਜ ਸਿੰਘ,ਜਸਪਾਲ ਸਿੰਘ, ਵਿਜੇ ਕੁਮਾਰ, ਬਲਬੀਰ ਲਾਲ,ਜਸਵੰਤ ਸਿੰਘ,ਮਨਪ੍ਰੀਤ ਸਿੰਘ,ਆਦਿ ਅਕਾਲੀ ਵਰਕਰ ਵੀ ਹਾਜ਼ਰ ਸਨ।


**Capital Small Finance Bank Ltd.**

H.O. : MIDAS Corporate Park, 3rd Floor, 37, G.T. Road, Jalandhar-144001

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫ਼ਸਰ ਵਜੋਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਤਹਿਤ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ। ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਮਾਮਲੇ 'ਚ ਐੱਨ ਪੀ ਏ ਦੇ ਖਾਤਿਆਂ ਵਿਰੁੱਧ ਖੜੀ ਬਕਾਇਆ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ ਦੀ ਵਸੂਲੀ ਲਈ ਬੈਂਕ ਵੱਲੋਂ 14.6.2023 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ (ਕਰਜ਼ਦਾਰ ਅਤੇ ਸਹਿ-ਕਰਜ਼ਦਾਰ) | ਮੈਸਰਜ਼ ਸ੍ਰੀ ਗੁਰੂ ਕਿਰਪਾ ਐਸੋਸੀਏਟ ਪ੍ਰਾਈ: ਲਿਮ: ਜੋ ਕਿ ਏ-6/216 ਐੱਸ ਬੀ ਕੰਪਲੈਕਸ, ਤ੍ਰਿਪੁਰਾ ਰੋਡ, ਖਾਨਾਪੁਰਾ, ਗੁਹਾਟੀ ਵਿੱਚ ਸਥਿਤ ਹੈ। ਨਾਲ ਹੀ : ਮੈਸਰਜ਼ ਸ੍ਰੀ ਗੁਰੂ ਕਿਰਪਾ ਪ੍ਰਾਈ: ਲਿਮ: 148 ਲਿਟਲ ਕੋਲੰਬਸ ਸਕੂਲ, ਏਅਰ ਪੋਰਟ ਰੋਡ, ਆਬਾਦੀ ਪ੍ਰੀਤ ਵਿਹਾਰ, ਗੁੰਮਟਾਲਾ, ਅੰਮ੍ਰਿਤਸਰ-143001 ਵਿਖੇ ਸਥਿਤ ਹੈ ਦੇ ਡਾਇਰੈਕਟਰ ਸ੍ਰੀ ਰਜੇਸ਼ ਸ਼ਰਮਾ ਪੁੱਤਰ ਸ੍ਰੀ ਰਾਮ ਸ਼ਰਮਾ ਵਾਸੀ ਸੀ 369, ਸੁਸ਼ਾਂਤ ਲੋਕ 1 ਗੁਰੂ ਗ੍ਰਾਮ ਹਰਿਆਣਾ-122001 (ਸਾਬਕਾ ਡਾਇਰੈਕਟਰ) ਨਾਲ ਹੀ : ਸ੍ਰੀ ਰਾਜੇਸ਼ ਸ਼ਰਮਾ ਪੁੱਤਰ ਸ੍ਰੀ ਰਾਮ ਸ਼ਰਮਾ ਵਾਸੀ 130 ਕਾਲੀਆ ਕਾਲੋਨੀ ਨੇੜੇ ਵੇਰਕਾ ਮਿਲਕ ਪਲਾਂਟ, ਜਲੰਧਰ-1440001 (ਸਾਬਕਾ ਡਾਇਰੈਕਟਰ) ਸ੍ਰੀਮਤੀ ਮਧੂ ਸ਼ਰਮਾ ਪਤਨੀ ਜੁਗਲ ਕਿਸ਼ੋਰ 148 ਲਿਟਲ ਕੋਲੰਬਸ ਸਕੂਲ, ਏਅਰ ਪੋਰਟ ਰੋਡ, ਆਬਾਦੀ ਪ੍ਰੀਤ ਵਿਹਾਰ, ਗੁੰਮਟਾਲਾ, ਅੰਮ੍ਰਿਤਸਰ-143001 ਨਾਲ ਹੀ : ਸ੍ਰੀਮਤੀ ਮਧੂ ਸ਼ਰਮਾ ਪਤਨੀ ਜੁਗਲ ਕਿਸ਼ੋਰ ਸ਼ਰਮਾ 201-ਬੀ, ਬਸੰਤ ਐਵੇਨਿਊ, ਅੰਮ੍ਰਿਤਸਰ-143001, ਸ੍ਰੀ ਅਮਿਤ ਸ਼ਰਮਾ ਪੁੱਤਰ ਰਾਜੇਸ਼ ਸ਼ਰਮਾ ਵਾਸੀ 148 ਲਿਟਲ ਕੋਲੰਬਸ ਸਕੂਲ, ਏਅਰ ਪੋਰਟ ਰੋਡ, ਆਬਾਦੀ ਪ੍ਰੀਤ ਵਿਹਾਰ, ਗੁੰਮਟਾਲਾ, ਅੰਮ੍ਰਿਤਸਰ-143001 (ਕਰਜ਼ਦਾਰ) ਸ੍ਰੀ ਰਾਜੇਸ਼ ਸ਼ਰਮਾ ਪੁੱਤਰ ਸ੍ਰੀ ਰਾਮ ਸ਼ਰਮਾ ਵਾਸੀ ਸੀ 369, ਸੁਸ਼ਾਂਤ ਲੋਕ 1 ਗੁਰੂ ਗ੍ਰਾਮ ਹਰਿਆਣਾ-122001 ਨਾਲ ਹੀ : ਸ੍ਰੀ ਰਾਜੇਸ਼ ਸ਼ਰਮਾ ਪੁੱਤਰ ਸ੍ਰੀ ਰਾਮ ਸ਼ਰਮਾ ਵਾਸੀ 130 ਕਾਲੀਆ ਕਾਲੋਨੀ ਨੇੜੇ ਵੇਰਕਾ ਮਿਲਕ ਪਲਾਂਟ, ਜਲੰਧਰ-144001 ਸ੍ਰੀਮਤੀ ਮਧੂ ਸ਼ਰਮਾ ਪਤਨੀ ਸ੍ਰੀ ਜੁਗਲ ਕਿਸ਼ੋਰ ਵਾਸੀ 148 ਲਿਟਲ ਕੋਲੰਬਸ ਸਕੂਲ, ਏਅਰ ਪੋਰਟ ਰੋਡ, ਆਬਾਦੀ ਪ੍ਰੀਤ ਵਿਹਾਰ, ਗੁੰਮਟਾਲਾ, ਅੰਮ੍ਰਿਤਸਰ-143001 ਨਾਲ ਹੀ : ਸ੍ਰੀਮਤੀ ਮਧੂ ਸ਼ਰਮਾ ਪਤਨੀ ਜੁਗਲ ਕਿਸ਼ੋਰ ਵਾਸੀ 201-ਬੀ, ਬਸੰਤ ਐਵੇਨਿਊ, ਅੰਮ੍ਰਿਤਸਰ, ਸ੍ਰੀ ਜੁਗਲ ਕਿਸ਼ੋਰ ਪੁੱਤਰ ਸਤਪਾਲ ਸ਼ਰਮਾ ਵਾਸੀ 148 ਲਿਟਲ ਕੋਲੰਬਸ ਸਕੂਲ, ਏਅਰ ਪੋਰਟ ਰੋਡ, ਆਬਾਦੀ ਪ੍ਰੀਤ ਵਿਹਾਰ, ਗੁੰਮਟਾਲਾ, ਅੰਮ੍ਰਿਤਸਰ-143001 ਨਾਲ ਹੀ : ਜੁਗਲ ਕਿਸ਼ੋਰ ਪੁੱਤਰ ਸਤਪਾਲ ਸ਼ਰਮਾ ਵਾਸੀ 201-ਬੀ, ਬਸੰਤ ਐਵੇਨਿਊ, ਅੰਮ੍ਰਿਤਸਰ-143001, ਸਤਪਾਲ ਸ਼ਰਮਾ ਪੁੱਤਰ ਪ੍ਰੀਤਮ ਦਾਸ ਵਾਸੀ ਅਜਨਾਲਾ ਰੋਡ, ਸਾਹਮਣੇ ਗੁਰੂਕੁਲ ਜੇਲ੍ਹ ਅੰਮ੍ਰਿਤਸਰ (ਮ੍ਰਿਤਕ ਦੇ ਕਾਨੂੰਨੀ ਵਾਰਸ ਰਾਹੀਂ) ਏ) ਅਰੁਨ ਸ਼ਰਮਾ ਪੁੱਤਰ ਸਤਪਾਲ ਸ਼ਰਮਾ ਵਾਸੀ 67 ਮਾਡਲ ਟਾਊਨ, ਰਾਣੀ ਕਾ ਬਾਗ, ਅੰਮ੍ਰਿਤਸਰ, ਬੀ) ਪਵਨ ਸ਼ਰਮਾ ਪੁੱਤਰ ਸਤਪਾਲ ਸ਼ਰਮਾ ਵਾਸੀ 238 ਫੇਸ-2, ਬਿਊਟੀ ਐਵੇਨਿਊ, ਅੰਮ੍ਰਿਤਸਰ-143001 ਸੀ) ਸੁਨੀਲ ਦੱਤ ਸ਼ਰਮਾ ਪੁੱਤਰ ਸਤਪਾਲ ਸ਼ਰਮਾ ਵਾਸੀ 238 ਫੇਸ-2, ਬਿਊਟੀ ਐਵੇਨਿਊ, ਅੰਮ੍ਰਿਤਸਰ-143001 ਡੀ) ਰਾਜ ਰਾਣੀ ਪਤਨੀ ਸਤਪਾਲ ਸ਼ਰਮਾ ਵਾਸੀ 67 ਮਾਡਲ ਟਾਊਨ, ਰਾਣੀ ਕਾ ਬਾਗ, ਅੰਮ੍ਰਿਤਸਰ, ਈ) ਕਾਂਤਾ ਸ਼ਰਮਾ ਪਤਨੀ ਰਾਜੇਸ਼ ਸ਼ਰਮਾ ਵਾਸੀ 148 ਲਿਟਲ ਕੋਲੰਬਸ ਸਕੂਲ, ਏਅਰ ਪੋਰਟ ਰੋਡ, ਆਬਾਦੀ ਪ੍ਰੀਤ ਵਿਹਾਰ, ਗੁੰਮਟਾਲਾ, ਅੰਮ੍ਰਿਤਸਰ, ਸ੍ਰੀ ਅਮਿਤ ਸ਼ਰਮਾ ਪੁੱਤਰ ਰਾਜੇਸ਼ ਸ਼ਰਮਾ ਵਾਸੀ 148 ਲਿਟਲ ਕੋਲੰਬਸ ਸਕੂਲ, ਏਅਰ ਪੋਰਟ ਰੋਡ, ਆਬਾਦੀ ਪ੍ਰੀਤ ਵਿਹਾਰ, ਗੁੰਮਟਾਲਾ, ਅੰਮ੍ਰਿਤਸਰ-143001 (ਗਾਰੰਟਰ) |
| 9.5.2023 ਨੂੰ ਬਕਾਇਆ ਖੜੀ ਰਕਮ<br>ਸੀ ਸੀ ਲਿਮਟ/025300000048<br>ਓ ਡੀ ਟੀ ਲਿਮਟ/025400000262<br>ਡਬਲਊ ਸੀ ਟੀ ਐੱਲ ਈ ਸੀ ਐੱਲ ਜੀ ਐੱਸ/025612000054<br>ਡਬਲਊ ਸੀ ਟੀ ਐੱਲ/025612000154 | Rs. 8,50,08,855/-<br>Rs. 1,40,56,105/-<br>Rs. 1,68,59,757/-<br>Rs. 3,33,79,298/-<br>1.5.2023 ਤੋਂ ਸਮੇਤ ਭਵਿੱਖੀ ਵਿਆਜ |

| (ਜਾਇਦਾਦ ਦਾ ਵੇਰਵਾ) | ਰਾਖਵੀਂ ਕੀਮਤ |
|---|---|
| ਬੈਨਾਮਾ ਨੰ: 2019-20/93/1/1414 ਮਿਤੀ 23.4.2019 ਅਨੁਸਾਰ ਸ੍ਰੀ ਰਾਜੇਸ਼ ਸ਼ਰਮਾ ਪੁੱਤਰ ਸ੍ਰੀ ਸ੍ਰੀਰਾਮ ਸ਼ਰਮਾ ਦੀ ਮਲਕੀਅਤ, ਜਾਇਦਾਦ ਰਕਬਾ 545 ਵਰਗ ਗਜ਼ (ਸਾਈਟ 'ਤੇ 457 ਵਰਗ ਗਜ਼) ਹਦਬਸਤ ਨੰ: 370, ਗੁਮਟਾਲਾ ਸਬ-ਅਰਬਨ, ਪ੍ਰੇਮ ਨਗਰ, ਮੇਨ ਅਜਨਾਲਾ ਰੋਡ, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। | ਰੁ: 1, 70, 00,000/- (ਇੱਕ ਕਰੋੜ ਸੱਤਰ ਲੱਖ ਰੁਪਏ ਕੇਵਲ) |
| 2. ਬੈਨਾਮਾ ਨੰ: 2019-20/93/1/4382 ਮਿਤੀ 21.6.2019 ਅਨੁਸਾਰ ਸ੍ਰੀ ਰਾਜੇਸ਼ ਸ਼ਰਮਾ ਪੁੱਤਰ ਸ੍ਰੀ ਰਾਮ ਸ਼ਰਮਾ ਦੀ ਮਲਕੀਅਤ ਜਾਇਦਾਦ ਰਕਬਾ 2 ਕਨਾਲ 3 ਮਰਲੇ, ਵਾਕਿਆ ਰਕਬਾ ਗੁਮਟਾਲਾ ਸਬ-ਅਰਬਨ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। | ਰੁ: 10,000000/- (ਇੱਕ ਕਰੋੜ ਰੁਪਏ ਕੇਵਲ) |

| | |
|---|---|
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ, ਡਿਮਾਂਡ ਡਰਾਫਟ ਰਾਹੀਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਹੱਕ 'ਚ ਜਲੰਧਰ ਵਿਖੇ ਅਦਾਇਗੀਯੋਗ। ਟੈਂਡਰ ਫਾਰਮ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਮੁੱਖ ਦਫਤਰ - ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ. ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ ਜਾਇਦਾਦ 'ਜਿਵੇਂ ਹੈ ਜਿੱਥੇ ਹੈ' 'ਤੇ ਵੇਚੀ ਜਾ ਰਹੀ ਹੈ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ ਈ ਐੱਮ ਡੀ 25% ਰਾਹੀਂ ਡਿਮਾਂਡ ਡਰਾਫਟ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਹੱਕ 'ਚ, ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ ਅਤੇ ਸਮਾਂ : 14.6.2023 ਨੂੰ ਸਵੇਰ ਦੇ 11.00 ਵਜੇ ਤੱਕ। ਟੈਂਡਰ ਉਕਤ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਰਤਾਵਾਂ। ਉਹਨਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਮੁੱਖ ਦਫਤਰ ਮਿਡਾਸ, ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਤੇ ਵਿਚਾਰੇ ਜਾਣਗੇ। ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਸਮੇਤ ਟੈਂਡਰ ਫਾਰਮ ਅਤੇ ਜਾਇਦਾਦ ਦੇ ਨਿਰੀਖਣ ਲਈ ਕ੍ਰਿਪਾ ਕਰਕੇ ਬਰਾਂਚ ਦਫਤਰ : ਵਿਜੇ ਨਗਰ ਜਲੰਧਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਦੇ ਨਿਯਮਾਂ/ਸ਼ਰਤਾਂ ਦੇ ਅਨੁਸਾਰ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਕਿਸੇ ਸਮੇਂ ਵੀ ਬੋਲੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ, ਸ਼ਰਤਾਂ ਅਤੇ ਨਿਯਮ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 09.05.2023 ਅਧਿਕਾਰਤ ਅਫਸਰ

12-May-Page-12.qxd 5/11/2023 10:39 PM Page 1



# ਮੋਦੀ ਭਜਾਓ, ਦੇਸ਼ ਬਚਾਓ ਪ੍ਰੋਗਰਾਮ ਤਹਿਤ ਕਨੌਣ 'ਚ ਚੇਤਨਾ ਮਾਰਚ

ਨਵਾਂਸ਼ਹਿਰ, ਬਹਿਰਾਮ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ) ਭਾਰਤੀ ਕਮਿਊਨਿਸਟ ਪਾਰਟੀ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜਿਲ੍ਹਾ ਸਕੱਤਰ ਕਾਮਰੇਡ ਸੁਤੰਤਰ ਕੁਮਾਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਅਤੇ ਸੀ ਪੀ ਆਈ ਦੇ ਸੂਬਾ ਸਕਤਰੇਤ ਮੈਂਬਰ ਕਾਮਰੇਡ ਦੇਵੀ ਕੁਮਾਰੀ, ਪੰਜਾਬ ਕਿਸਾਨ ਸਭਾ ਦੇ ਜਿਲ੍ਹਾ ਜਨਰਲ ਸਕੱਤਰ ਜਸਵਿੰਦਰ ਸਿੰਘ ਭੰਗਲ ਅਤੇ ਸੀ ਪੀ ਆਈ ਦੇ ਸੂਬਾ ਕਮੇਟੀ ਮੈਂਬਰ ਨਰੰਜਣ ਦਾਸ ਮੇਹਲੀ ਦੀ ਅਗਵਾਈ ਹੇਠ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਸੱਦੇ 'ਤੇ ਚੌਦਾਂ ਅਪ੍ਰੈਲ ਤੋਂ ਪੰਦਰਾਂ ਮਈ ਤੱਕ ਮੋਦੀ ਭਜਾਓ, ਦੇਸ਼ ਬਚਾਓ ਪ੍ਰੋਗਰਾਮ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਕਨੌਣ, ਨੀਲੋਂ ਵਾਲ ਵਿੱਚ ਚੇਤਨਾ ਮਾਰਚ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਤੇ ਕੇਂਦਰ ਦੀ ਆਰ ਐਸ ਐਸ ਦੀ ਮੋਦੀ ਸਰਕਾਰ, ਪੰਜਾਬ ਦੀ ਮਾਨ ਸਰਕਾਰ ਦੀਆਂ ਸਰਮਾਏਦਾਰੀ ਨੀਤੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਰ ਐਸ ਐਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਭਾਰਤੀ ਸੰਵਿਧਾਨ ਦੀ ਥਾਂ ਮਨੂੰ ਸਮ੍ਰਿਤੀ ਨੂੰ ਅਤੇ ਆਪਣੇ ਸਰਮਾਏਦਾਰ ਮਿਤਰਾਂ ਅਡਾਨੀ, ਅਬਾਨੀ ਨੂੰ ਪਬਲਿਕ ਸੈਕਟਰ ਦੇ ਅਦਾਰੇ ਕੌਡੀਆਂ ਦੇ ਭਾਅ ਵੇਚ ਰਹੀ




ਹੈ। ਉਨ੍ਹਾਂ ਦੇ ਵੱਡੇ ਕਰਜੇ ਮੁਆਫ ਕਰ ਕੇ ਵੱਟੇ ਖਾਤੇ ਪਾ ਰਹੀ ਹੈ। ਪਿੰਡਾਂ ਦੇ ਮਜ਼ਦੂਰਾਂ ਲਈ ਬਣੇ ਕਾਨੂੰਨ ਮਗਨਰੇਗਾ ਨੂੰ ਖਤਮ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ। ਨਰੇਗਾ ਸਕੀਮ ਦੇ ਫੰਡਾਂ ਵਿੱਚ 35 % ਦਾ ਕੱਟ ਲਾ ਕੇ ਇਸ ਨੂੰ ਬੰਦ ਕਰਨ ਲਈ ਯਤਨਸ਼ੀਲ ਹੈ। ਇਸ ਸਮੇਂ ਭ੍ਰਿਸ਼ਟਾਚਾਰ ਆਪਣੀਆਂ ਸਭ ਹੱਦਾਂ ਪਾਰ ਕਰ ਗਿਆ ਹੈ। ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਦੀਆਂ ਇੱਜਤਾਂ 'ਤੇ ਹਮਲੇ ਭਾਜਪਾ ਲੀਡਰਾਂ ਵੱਲੋਂ ਹੋ ਰਹੇ ਹਨ। ਦੇਸ਼ ਦਾ ਮਾਣ ਪਹਿਲਵਾਨ ਬੇਟੀਆਂ ਇਨਸਾਫ ਲੈਣ ਲਈ ਜੰਤਰ ਮੰਤਰ ਤੇ ਧਰਨੇ 'ਤੇ ਬੈਠੀਆਂ ਹਨ ਉਨ੍ਹਾਂ ਦੇ ਹੱਕ 'ਚ ਬੋਲਣ ਵਾਲਿਆਂ 'ਤੇ ਹਮਲੇ ਕਰਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਨ੍ਹਾਂ ਕਾਰਨਾਮਿਆਂ ਦੀ ਸੀ ਪੀ ਆਈ ਨਿੰਦਾ ਕਰਦੀ ਹੈ ਤੇ ਮੋਦੀ ਭਜਾਓ, ਦੇਸ ਬਚਾਓ, ਪ੍ਰੋਗਰਾਮ ਤਹਿਤ ਭਾਜਪਾ ਦੀ ਫਾਸੀਵਾਦੀ ਸਰਕਾਰ ਨੂੰ ਚਲਦਾ ਕਰਨ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਮਜਦੂਰਾਂ ਦੀਆਂ ਮੰਗਾਂ ਸੰਬੰਧੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਰੇਗਾ ਸਕੀਮ ਤਹਿਤ ਸਾਲ ਵਿੱਚ ਸੌ ਦਿਨ ਕੰਮ, ਕੰਮ ਦਿਹਾੜੀ ਸੱਤ ਸੌ ਰੁਪਏ ਦਿੱਤੇ ਜਾਣ ਬੇਘਰ ਮਜਦੂਰਾਂ ਨੂੰ ਘਰ ਬਣਾਉਣ ਲਈ ਦਸ ਦਸ ਮਰਲੇ ਦੇ ਪਲਾਟ ਤੇ ਮਕਾਨ ਦੀ ਉਸਾਰੀ ਲਈ ਪੰਜ ਲੱਖ ਰੁਪਏ ਬਿਨਾਂ ਵਿਆਜ ਦਿੱਤੇ ਜਾਣ। ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮਜ਼ਦੂਰਾਂ ਦੇ ਹਰ ਤਰ੍ਹਾਂ ਦੇ ਕਰਜੇ ਮੁਆਫ ਕੀਤੇ ਜਾਣ। ਨਰੇਗਾ ਕਾਮਿਆਂ ਦੀ ਹਾਜ਼ਰੀ ਆਨ ਦੇ ਨਾਲ ਨਾਲ ਪਹਿਲਾਂ ਵਾਂਗ ਆਫ ਵੀ ਲਗਾਈ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਇਸਤਰੀ ਸਭਾ ਦੀ ਜਿਲ੍ਹਾ ਸਕੱਤਰ ਕਾਮਰੇਡ ਗੁਰਬਖਸ ਕੌਰ ਰਾਹੋਂ, ਰਾਜਵੀਰ ਕੌਰ, ਜਸਵਿੰਦਰ ਲਾਲ ਸਰਪੰਚ ਬੈਰਸਾਲ, ਗੁਰਿੰਦਰ ਲਾਲ ਆਦਿ ਉਨ੍ਹਾਂ ਦੀ ਟੀਮ ਵਿੱਚ ਹਾਜ਼ਰ ਸਨ।

## ਪੰਜਾਬ ਸਰਕਾਰ ਵੱਲੋਂ ਬੈਂਕ ਪੀ ਓ ਤੇ ਏ ਏ ਓ ਵਾਸਤੇ ਫ੍ਰੀ ਕੋਚਿੰਗ ਲਈ ਅਰਜ਼ੀਆਂ ਦੀ ਮੰਗ

ਚੰਡੀਗੜ੍ਹ, (ਗੁਰਜੀਤ ਬਿੱਲਾ )— ਮੁੱਖ ਮੰਤਰੀ ਭਗਵੰਤ ਮਾਨ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਰੋਜਗਾਰ ਮੁਹੱਈਆਂ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸੇ ਲੜੀ ਤਹਿਤ ਬੈਂਕ ਪ੍ਰੋਬੇਸ਼ਨਰੀ ਅਫਸਰ (ਪੀ.ਓ.) ਅਤੇ ਅੈਸਿਸਟੈਂਟ ਐਡਮਨਿਸਟ੍ਰੇਟਿਵ ਅਫਸਰ (ਏ.ਏ.ਓ.) (ਐਲ.ਆਈ.ਸੀ./ਜੀ.ਆਈ.ਸੀ.)2023 ਲਈ ਐਂਟਰੈਂਸ ਟੈਸਟ ਵਾਸਤੇ ਫਰੀ ਕੋਚਿੰਗ ਲਈ ਪੰਜਾਬ ਰਾਜ ਦੇ ਗਰੈਜੂਏਟ ਨੌਜਵਾਨਾਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ.ਬਲਜੀਤ ਕੌਰ ਨੇ ਦੱਸਿਆ ਕਿ ਬਿਨੈਕਾਰ ਪੰਜਾਬ ਰਾਜ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਇ (ਮੁਸਲਿਮ, ਸਿੱਖ, ਇਸਾਈ, ਬੋਧੀ, ਪਾਰਸੀ ਅਤੇ ਜੈਨੀ) ਨਾਲ ਸਬੰਧਤ ਹੋਣਾ ਚਾਹੀਦਾ ਹੈ। ਜਿਸ ਦੀ ਘੱਟੋ-ਘੱਟ ਵਿਦਿਅਕ ਯੋਗਤਾ ਗਰੈਜੂਏਸ਼ਨ ਹੋਵੇ, ਇਸ ਸਕੀਮ ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਦਾਖਲੇ ਲਈ ਉਮੀਦਵਾਰ ਦੇ ਪਰਵਾਰਾਂ ਦੀ ਸਾਰੇ ਸਰੋਤਾਂ ਤੋਂ ਸਲਾਨਾ ਆਮਦਨ 3.00 ਲੱਖ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ ਕੈਬਨਿਟ ਮੰਤਰੀ ਨੇ ਦੱਸਿਆ ਕਿ ਉਮੀਵਾਰ ਦੀ ਚੋਣ ਜਨਰਲ ਇੰਗਲਿਸ਼, ਕੁਆਂਟੀਟੇਟਿਵ ਐਪਟੀਚਿਊਡ, ਰੀਜ਼ਨਿੰਗ ਅਤੇ ਕਰੰਟ ਇਵੈਂਟਸ ਵਿਸ਼ਿਆਂ ਦੇ ਆਬਜੈਕਟਿਵ ਟਾਈਪ ਟੈਸਟ ਦੇ ਆਧਾਰ 'ਤੇ ਕੀਤੀ ਜਾਵੇਗੀ, ਜੋ ਅੰਬੇਦਕਰ ਇੰਸਟੀਚਿਊਟ ਆਫ ਕੈਰੀਅਰਜ ਐਂਡ ਕੋਰਸਿਜ਼, ਫੇਜ਼-3-ਬੀ-2, ਐਸ.ਏ.ਐਸ ਨਗਰ ਮੁਹਾਲੀ ਵਿਖੇ 07 ਜੂਨ ਨੂੰ ਸਵੇਰੇ 10:00 ਵਜੇ ਹੋਵੇਗਾ। ਇਸ ਟੈਸਟ ਦਾ ਸਮਾਂ ਇੱਕ ਘੰਟੇ ਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਾਗੂ ਇਸ ਸਕੀਮ ਤਹਿਤ ਜੋ ਉਮੀਦਵਾਰ ਬੈਂਕ ਪੀ.ਓ. ਅਤੇ ਏ.ਓ.ਓ. (ਐਲ.ਆਈ.ਸੀ./ਜੀ.ਆਈ.ਸੀ.)2023 ਲਈ ਐਂਟਰੈਂਸ ਟੈਸਟ ਵਾਸਤੇ ਫਰੀ ਕੋਚਿੰਗ ਕੋਰਸ ਕਰਨ ਦੇ ਚਾਹਵਾਨ ਹਨ, ਅਪਲਾਈ ਕਰ ਸਕਦੇ ਹਨ। ਉਹ ਆਪਣੀਆਂ ਮੁਕੰਮਲ ਦਰਖਾਸਤਾਂ, ਜਿਸ ਨਾਲ ਸਾਰੇ ਲੋੜੀਂਦੇ ਸਰਟੀਫਿਕੇਟ ਦੀਆਂ ਆਪਣੇ ਵਲੋਂ ਤਸਦੀਕਸੁਦਾ ਕਾਪੀਆਂ ਨਾਲ ਨੱਥੀ ਕਰਕੇ ਪ੍ਰਿੰਸੀਪਲ, ਅੰਬੇਦਕਰ ਇੰਸਟੀਚਿਊਟ ਆਫ ਕਰੀਅਰਜ ਐਂਡ ਕੋਰਸਿਜ, ਫੇਸ 3-ਬੀ-2, ਐਸ.ਏ.ਐਸ ਨਗਰ (ਮੁਹਾਲੀ) ਨੂੰ 24 ਮਈ 2023 ਤੱਕ ਜਾਂ ਇਸ ਤੋਂ ਪਹਿਲਾਂ ਭੇਜ ਸਕਦੇ ਹਨ। ਉਮੀਦਵਾਰ ਦਾਖਲੇ ਸਬੰਧੀ ਮੁਕੰਮਲ ਜਾਣਕਾਰੀ ਸੰਸਥਾ ਦੀ ਵੈੱਬਸਾਈਟ 'ਤੇ ਪ੍ਰਾਪਤ ਕਰ ਸਕਦੇ ਹਨ।

# ਥਾਣੇ ਮੂਹਰੇ ਲਾਇਆ ਧਰਨਾ ਤੇ ਕੀਤੀ ਨਾਅਰੇਬਾਜ਼ੀ



ਫਿਲੌਰ (ਨਿਰਮਲ) ਮੁਹੱਲਾ ਉੱਚੀ ਘਾਟੀ ਵਿਖੇ ਇੱਕ ਨਾਬਾਲਗ ਲੜਕੀ ਵੱਲੋਂ ਜਹਿਰੀਲੀ ਦਵਾਈ ਖਾਣ ਤੋਂ ਬਾਅਦ ਨਾਜ਼ੁਕ ਹਾਲਤ ਹੋਣ ਕਾਰਨ ਫਿਲੌਰ ਦੇ ਨਿੱਜੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਸਾਬਕਾ ਕੌਂਸਲਰ ਨੀਤੂ ਡਾਬਰ ਨੇ ਦੱਸਿਆ ਕਿ ਬੀਤੇ ਦਿਨ ਉਨ੍ਹਾਂ ਦੇ ਪਿੱਛਲੇ ਮੁਹੱਲੇ ਲੜਾਈ ਹੋਈ ਸੀ। ਜਿਸ ਦੌਰਾਨ ਮੁਹੱਲੇ ਦੀਆ ਔਰਤਾਂ ਵੱਲੋਂ ਉਨ੍ਹਾਂ ਨੂੰ ਗੰਦੀਆਂ ਗਾਲ੍ਹਾਂ ਕੱਢੀਆਂ ਗਈਆਂ ਅਤੇ ਉਨ੍ਹਾਂ ਵੱਲੋਂ ਮੇਰੀ ਬੇਟੀ ਨੂੰ ਧਮਕੀ ਦਿੱਤੀ ਗਈ ਕਿ ਉਹ ਜੇਲ੍ਹ ਜਾ ਕੇ ਆਈਆਂ ਹਨ ਅਤੇ ਉਹ ਜੇਲ੍ਹ ਜਾਣ ਤੋਂ ਨਹੀਂ ਡਰਦੀਆਂ। ਉਨ੍ਹਾਂ ਕਿਹਾ ਕਿ ਉਹ ਵੋਟਾਂ ਉਪਰੰਤ ਉਹ ਸੁਰਿੰਦਰ ਡਾਬਰ ਨੂੰ ਮਰਵਾ ਦੇਣਗੇ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਵੀ ਉਨ੍ਹਾਂ ਨੂੰ ਧਮਕੀ ਦਿੱਤੀ ਗਈ ਕਿ ਉਹ ਉਨ੍ਹਾਂ ਦੀ ਬੇਟੀ 'ਤੇ ਮੁਕੱਦਮਾ ਦਰਜ ਕਰ ਦਿੱਤਾ ਜਾਵੇਗਾ ਜਿਸ ਦੇ ਰੋਸ ਵੱਜੋਂ ਥਾਣੇ ਅੱਗੇ ਧਰਨਾ ਲਗਾਇਆ ਗਿਆ ਅਤੇ ਜੰਮ ਕੇ ਪੁਲਸ ਪ੍ਰਸ਼ਾਸਨ ਖਿਲਾਫ ਨਾਅਰੇਬਾਜੀ ਕੀਤੀ ਗਈ। ਥਾਣਾ ਮੁਖੀ ਹਰਜਿੰਦਰ ਸਿੰਘ ਨੇ ਕਿਹਾ ਕਿ ਬੀਤੀ ਰਾਤ ਡਾਕਟਰ ਦੇ ਕਹਿਣ ਮੁਤਾਬਕ ਲੜਕੀ ਬਿਆਨ ਦੇਣ ਦੇ ਕਾਬਲ ਨਹੀਂ ਸੀ। ਹੁਣ ਲੜਕੀ ਦੇ ਬਿਆਨ ਲੈਣ ਉਪਰੰਤ ਦੋਸ਼ੀਆਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ।

## ਸ੍ਰੀ ਦਰਬਾਰ ਸਾਹਿਬ ਨੇੜੇ ਵਾਪਰੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ : ਸੰਧਵਾਂ

ਚੰਡੀਗੜ੍ਹ, (ਗੁਰਜੀਤ ਬਿੱਲਾ)-ਸਿਫਤੀ ਦੇ ਘਰ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਬੀਤੇ ਦਿਨੀਂ ਵਾਪਰੀਆਂ ਘਟਨਾਵਾਂ ਉਤੇ ਡੂੰਘੇ ਦੁਖ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਹ ਘਟਨਾਵਾਂ ਚਿੰਤਾ ਦਾ ਵਿਸ਼ਾ ਹਨ। ਇਥੇ ਜਾਰੀ ਪ੍ਰੈਸ ਬਿਆਨ ਵਿੱਚ ਸਪੀਕਰ ਸੰਧਵਾਂ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਲਗਾਤਾਰ ਵਾਪਰੀਆਂ ਘਟਨਾਵਾਂ ਨਾਲ ਪੂਰੀ ਦੁਨੀਆਂ ਤੋਂ ਸਰਧਾ ਨਾਲ ਆਉਣ ਵਾਲੇ ਯਾਤਰੀਆਂ ਨੂੰ ਡਰਾਉਣ ਦੀ ਕੋਝੀ ਸਾਜ਼ਿਸ਼ ਕੀਤੀ ਜਾ ਰਹੀ ਹੈ ਜਿਸ ਨੂੰ ਪੰਜਾਬ ਸਰਕਾਰ ਕਦੇ ਵੀ ਸਫਲ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਕੁਝ ਪੰਜਾਬ ਵਿਰੋਧੀ ਤਾਕਤਾਂ ਤੋਂ ਸੂਬੇ ਦੀ ਸ਼ਾਂਤੀ, ਭਾਈਚਾਰਕ ਸਾਂਝ ਅਤੇ ਤਰੱਕੀ ਬਰਦਾਸ਼ਤ ਨਹੀਂ ਹੋ ਰਹੀ ਜਿਸ ਨੂੰ ਤਾਰ-ਤਾਰ ਕਰਨ ਲਈ ਇਸ ਤਰ੍ਹਾਂ ਦੀਆਂ ਕੋਝੀਆਂ ਹਰਕਤਾਂ ਕੀਤੀਆਂ ਜਾ ਰਹੀਆਂ ਹਨ। ਸਪੀਕਰ ਨੇ ਪੁਲਸ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਦੇ ਨਾਲ-ਨਾਲ ਇਸ ਨਾਪਾਕ ਸਾਜ਼ਿਸ਼ ਦੇ ਘਾੜਿਆਂ ਨੂੰ ਵੀ ਜਲਦ ਗ੍ਰਿਫਤਾਰ ਕਰਨ ਅਤੇ ਸੂਬੇ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜਬੂਤ ਕਰਨ।

# ਫੁੱਟਬਾਲਰ ਗਿੱਲ ਤੇ ਹੋਰ ਖਿਡਾਰੀ 15 ਨੂੰ ਪੁੱਜਣਗੇ ਜੰਤਰ-ਮੰਤਰ



ਮਾਹਿਲਪੁਰ/(ਸਫਰੀ)- ਰਾਮ ਰਾਜ ਦੀਆਂ ਫੜਾਂ ਮਾਰਨ ਵਾਲੀ ਫਿਰਕਾਪ੍ਰਸਤ ਕੇਂਦਰ ਸਰਕਾਰ ਸਰੇਆਮ ਰਾਵਣਾਂ ਦਾ ਸਾਥ ਦੇ ਰਹੀ ਹੈ। ਕਈ ਦਿਨਾਂ ਤੋਂ ਦਿੱਲੀ ਧਰਨੇ 'ਤੇ ਰੁਲਣ ਲਈ ਮਜਬੂਰ ਤੇ ਸਰਕਾਰਾਂ ਵਲੋਂ ਜਲੀਲ ਤੇ ਨਜਰਅੰਦਾਜ ਕੀਤੀਆਂ ਜਾ ਰਹੀਆਂ ਪਹਿਲਾਵਾਨ ਧੀਆਂ ਨੂੰ ਇਨਸਾਫ ਦਿਵਾਉਣ ਲਈ ਫੁੱਟਬਾਲ ਦੀ ਨਰਸਰੀ ਵਜੋਂ ਪਹਿਚਾਣ ਸਥਾਪਿਤ ਕਰਨ ਵਾਲੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬੇ ਮਾਹਿਲਪੁਰ ਵਿੱਚ ਅਰਜਨਾ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਵੱਖ ਵੱਖ ਵੱਖ ਵਰਗਾਂ ਦੇ ਇਨਸਾਫ ਪਸੰਦ ਲੋਕਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਪਹਿਲਵਾਨ ਧੀਆਂ ਨੂੰ ਇਨਸਾਫ ਦਿਵਾਉਣ ਲਈ ਹਰ ਤਰ੍ਹਾਂ ਦਾ ਸਮੱਰਥਨ ਕਰਨ ਦਾ ਭਰੋਸਾ ਦਿਵਾਇਆ ਗਿਆ। ਦਿੱਲੀ ਪੁਲਸ ਵਲੋਂ ਕੁੱਝ ਦਿਨ ਪਹਿਲਾਂ ਧੀਆਂ ਤੇ ਕੀਤੇ ਤਸੱਦਦ ਦੀ ਕਰੜੇ ਸ਼ਦਾਂ ਵਿੱਚ ਘੋਰ ਨਿੰਦਿਆ ਕੀਤੀ ਗਈ। ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਉਹ ਦਿੱਲੀ ਧਰਨੇ 'ਤੇ ਹਾਜਰੀ ਲਗਵਾ ਕੇ ਆਏ ਹਨ ਪਰ ਜੋ ਹਾਲਾਤ ਕੇਂਦਰ ਸਰਕਾਰ ਤੇ ਦਿੱਲੀ ਪੁਲਸ ਨੇ ਬਣਾਏ ਹੋਏ ਹਨ ਉਹ ਨਾ ਕਾਬਿਲੇ ਬਰਦਾਸ਼ਤ ਤੇ ਅਤਿ ਨਿੰਦਣਯੋਗ ਹਨ। ਉਨ੍ਹਾਂ ਕਿਹਾ ਕਿ ਉਹ 15 ਮਈ ਨੂੰ ਅਰਜਨਾ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ ਤੇ ਹੋਰ ਖਿਡਾਰੀ ਸਾਥੀਆਂ ਸਮੇਤ ਦੁਬਾਰਾ ਦਿੱਲੀ ਧਰਨੇ ਵਿੱਚ ਪਹੁੰਚ ਕੇ ਪਹਿਲਵਾਨ ਧੀਆਂ ਨੂੰ ਮਿਲਣਗੇ ਤੇ ਧਰਨੇ 'ਚ ਬੈਠਣਗੇ ਤੇ ਪੂਰਨ ਸਮੱਰਥਨ ਦੇਣਗੇ। ਇਸ ਮੌਕੇ 'ਤੇ ਮਾਸਟਰ ਸ਼ਿੰਗਾਰਾ ਸਿੰਘ, ਮਾਸਟਰ ਮਦਨ ਲਾਲ, ਗੁਰਮਿੰਦਰ ਕੈਂਡੋਵਾਲ,ਰਾਜ ਕੁਮਾਰ ਭੋਲਾ,ਓਮ ਪ੍ਰਕਾਸ਼ ਸਟਿਆਣਾਂ,ਪੂਨਮ ਤਨੇਜਾ,ਰਵੀ ਤਨੇਜਾ,ਵਿਜੇ ਬੰਬੇਲੀ,ਰਜਿੰਦਰ ਸਿੰਘ, ਬਲਜਿੰਦਰ ਮਾਨ,ਸਤਪਾਲ ਲੱਠ,ਮਲਕੀਤ ਬਾਹੋਵਾਲ,ਸੀਤਾਰਾਮ,ਪਰਮਜੀਤ ਸਿੰਘ ਕਾਲਕਟ,ਗੁਰਕੀਰਤ ਸਿੰਘ ਥਿਆੜਾ,ਜਗਤਾਰ ਸਿੰਘ, ਕੁਲਦੀਪ ਸਿੰਘ ਸਿੱਧੂ,ਜਸਵੀਰ ਸੀਰਾ,ਇਕਬਾਲ ਸਿੰਘ,ਪਵਿੱਤਰ ਸਿੰਘ,ਪਰਮਿੰਦਰ ਸਿੰਘ,ਜਾਗੀਰ ਸਿੰਘ,ਅਮਨਦੀਪ ਸਿੰਘ ਕੰਮੋਵਾਲ ਹਾਜਰ ਸਨ।

# ਪੰਜਾਬ ਖੇਤ ਮਜ਼ਦੂਰ ਸਭਾ ਦੀ ਸੱਤ ਮੈਂਬਰੀ ਕਮੇਟੀ ਦਾ ਗਠਨ



ਨਵਾ ਸ਼ਹਿਰ (ਪੱਤਰ ਪ੍ਰੇਰਕ) ਪੰਜਾਬ ਖੇਤ ਮਜ਼ਦੂਰ ਸਭਾ ਦੀ ਮੀਟਿੰਗ ਪਿੰਡ ਵਿਚ ਬਹਿਲੂਰ ਕਲਾ ਵਿਖੇ ਬੀਬੀ ਕਸ਼ਮੀਰ ਕੌਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾ,ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਤੰਤਰ ਕੁਮਾਰ ਨਵਾਂਸ਼ਹਿਰ,ਸੂਬਾ ਕਮੇਟੀ ਮੈਂਬਰ ਕਾਮਰੇਡ ਨਿਰੰਜਣ ਦਾਸ ਮੇਹਲੀ, ਕਿਸਾਨ ਸਭਾ ਦੇ ਆਗੂ ਕਾਮਰੇਡ ਜਸਵਿੰਦਰ ਸਿੰਘ ਭੰਗਲ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਜਦੋਂ ਦੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ ਵਿੱਚ ਆਈ ਹੈ ਦੇਸ਼ ਵਿੱਚ ਬੇਰੁਜ਼ਗਾਰੀ ਨੇ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ। ਬੇਰੋਜਗਾਰੀ ਦਾ ਸੇਕ ਹਰ ਘਰ ਨੂੰ ਲੱਗ ਰਿਹਾ ਹੈ। ਜਦੋਂ ਕੋਈ ਰੋਜ਼ਗਾਰ ਨਹੀ ਤਾ ਗਰੀਬ ਲੋਕ ਕਿਸ ਤਰ੍ਹਾਂ ਜੀਵਨ ਨਿਰਬਾਹ ਕਰ ਸਕਦੇ ਹਨ। ਗਰੀਬ ਲੋਕਾਂ ਦਾ ਜੀਵਨ ਬਹੁਤ ਤੰਗੀਆਂ ਤੁਰਸ਼ੀਆਂ ਵਿੱਚ ਗੁਜਰ ਰਿਹਾ ਹੈ। ਮਹਿੰਗਾਈ ਏਨੀ ਜਿਆਦਾ ਵੱਧ ਗਈ ਹੈ ਕਿ ਖਾਣ ਪੀਣ ਵਾਲੀਆਂ ਵਸਤੂਆਂ ਗਰੀਬਾਂ ਦੀ ਪਹੁੰਚ ਤੋਂ ਬਾਹਰ ਹੈ। ਗਰੀਬੀ ਅਤੇ ਮਹਿੰਗਾਈ ਕਾਰਨ ਗਰੀਬ ਲੋਕਾਂ ਦੇ ਬੱਚਿਆਂ ਨੂੰ ਪੜਾਈ ਅੱਧਵਾਟੇ ਛੱਡ ਕੇ ਬਾਲ ਮਜਦੂਰੀ ਕਰਨੀ ਪੈ ਰਹੀ ਹੈ। ਗਰੀਬਾਂ ਦੀ ਤਰਾਸਦੀ ਇਹ ਵੀ ਹੈ ਕਿ ਉਹ ਆਪਣੀਆਂ ਬੀਮਾਰੀਆਂ ਦਾ ਇਲਾਜ ਕਰਵਾਉਣ ਤੋਂ ਵੀ ਅਸਮਰੱਥ ਹਨ। ਇਹੋ ਜਿਹੀਆਂ ਪ੍ਰਸਥਿਤੀਆ ਵਿੱਚ ਗਰੀਬਾਂ ਦੇ ਰਾਸ਼ਨ ਕਾਰਡ ਬੰਦ ਅਤੇ ਸ਼ਗਨ ਸਕੀਮ ਵੀ ਸਿਆਸਤ ਦੀ ਭੇਟ ਚੜ੍ਹ ਗਈ ਹੈ। ਰਾਸ਼ਨ ਡਿਪੂਆਂ ਤੋਂ ਸਸਤਾ ਰਾਸ਼ਨ ਗਾਇਬ ਹੈ। ਰਸੋਈ ਗੈਸ ਦੀਆਂ ਕੀਮਤਾਂ ਵੱਧਣ ਕਾਰਨ ਸੜਕਾਂ ਦੇ ਕਿਨਾਰਿਆਂ ਤੋਂ ਰੁੱਖਾਂ ਦੀਆਂ ਟਹਿਣੀਆ ਇਕੱਠੀਆਂ ਕਰਦਿਆਂ ਆਮ ਔਰਤਾਂ ਨੂੰ ਦੇਖਿਆ ਜਾ ਸਕਦਾ ਹੈ। ਅਜਿਹੇ ਹਲਾਤਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਭਾਰਤ ਦੇ ਲੋਕਾਂ ਦੀ ਖੁਸ਼ਹਾਲੀ ਵਾਸਤੇ ਅਸੀਂ ਗਲੀ ,ਮੁਹੱਲੇ ਅਤੇ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸੁਚੇਤ, ਜਾਗਰਤ ਅਤੇ ਜਥੇਬੰਦ ਕਰੀਏ। ਸਾਡੇ ਦੇਸ਼ ਨੂੰ ਪਹਿਲਾਂ ਮੁਗਲਾ ਨੇ ਲੁੱਟਿਆ ਫੇਰ ਅੰਗਰੇਜਾਂ ਨੇ ਤੇ ਹੁਣ ਕਾਰਪੋਰੇਟ ਘਰਾਣਿਆਂ ਨੇ, ਉਹਨਾਂ ਕਿਹਾ ਕਿ ਮੌਜੂਦਾ ਪੂੰਜੀਪਤੀਆਂ ਦਾ ਰਾਜ ਪ੍ਰਬੰਧ ਖਤਮ ਕਰਕੇ ਕਿਰਤੀ ਲੋਕਾਂ ਦਾ ਰਾਜ ਪ੍ਰਬੰਧ ਕਾਇਮ ਕੀਤਾ ਜਾਵੇ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੀਆਂ ਕੀਤੀਆਂ ਗਰੰਟੀਆਂ ਪੂਰੀਆਂ ਕਰੇ। ਬੇਘਰੇ ਤੇ ਲੋੜਵੰਦ ਲੋਕਾਂ ਨੂੰ ਦਸ ਦਸ ਮਰਲੇ ਦੇ ਪਲਾਟ ਅਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ। ਮਜਦੂਰਾਂ ਸਿਰ ਚੜ੍ਹਿਆ ਕਰਜਾ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮੁਆਫ ਕੀਤਾ ਜਾਵੇ, ਔਰਤਾਂ ਦੇ ਖਾਤਿਆਂ ਵਿੱਚ ਇੱਕ ਇੱਕ ਹਜਾਰ ਰੁਪਏ ਤੁਰੰਤ ਪਾਏ ਜਾਣ। ਮਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਸੱਤ ਸੌ ਰੁਪਏ ਦਿੱਤੀ ਜਾਵੇ। ਉਹਨਾਂ ਕਿਰਤੀ ਲੋਕਾਂ ਨੂੰ ਅਪੀਲ ਕੀਤੀ ਕਿ ਖੇਤ ਮਜਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ 30 ਮਈ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਦੇਸ਼ ਵਿਆਪੀ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਉਸ ਰੈਲੀ ਨੂੰ ਕਾਮਯਾਬ ਕਰਨ ਲਈ ਪਿੰਡਾਂ ਦੇ ਕਿਰਤੀ ਲੋਕ ਵੱਡੀ ਗਿਣਤੀ ਵਿੱਚ ਪਹੁੰਚ ਕਿ ਰੈਲੀ ਨੂੰ ਕਾਮਯਾਬ ਕੀਤਾ ਜਾਵੇ। ਇਸ ਮੌਕੇ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੀ ਪ੍ਰਧਾਨ ਕਸ਼ਮੀਰ ਕੌਰ, ਜਰਨਲ ਸਕੱਤਰ ਸ਼ੀਲਾ ਰਾਣੀ, ਮੀਤ ਪ੍ਰਧਾਨ ਸੁਖਦੇਵ ਰਾਮ, ਸਨੀਤਾ ਰਾਣੀ, ਮੀਤ ਸਕੱਤਰ ਜਸਵਿੰਦਰ ਕੌਰ, ਜਸਵਿੰਦਰ ਕੌਰ ਮਿੰਦੀ, ਕੈਸ਼ੀਅਰ ਆਸ਼ਾ ਰਾਣੀ ਆਦਿ ਚੁਣੇ ਗਏ। ਹੋਰਨਾਂ ਤੋਂ ਇਲਾਵਾ ਕਾਮਰੇਡ ਗੁਰਬਖਸ਼ ਕੌਰ, ਰਾਜਬੀਰ ਕੌਰ ,ਕਾਮਰੇਡ ਪਰਸ ਰਾਮ, ਚੰਦਰ ਭਾਟੀਆ ਆਦਿ ਨੇ ਸੰਬੋਧਨ ਕੀਤਾ।

# 400 ਏਕੜ ਨਾੜ ਸੜਨ ਕੇ ਸੁਆਹ



ਫਿਲੌਰ (ਨਿਰਮਲ) ਫਿਲੌਰ ਨੇੜੇ ਪਿੰਡ ਅਚਾਨਚੱਕ ਵਿਖੇ ਕਣਕ ਦੇ ਖੇਤਾਂ ਵਿਚ ਖੜੀ ਨਾੜ ਨੂੰ ਅੱਗ ਨੇ ਆਪਣੀ ਲਪੇਟ ਵਿੱਚ ਲੈ ਲਿਆ।

ਕਿਸਾਨ ਬਲਜਿੰਦਰ ਸਿੰਘ ਪੁੱਤਰ ਗੁਰਦਿੱਤ ਸਿੰਘ ਅਤੇ ਮਹਿੰਦਰ ਸਿੰਘ ਵਾਸੀ ਛੋਅਲੇ ਬਜਾੜ ਨੇ ਦੱਸਿਆ ਕਿ ਨਾੜ ਦੇ ਖੇਤਾਂ ਨੂੰ ਲੱਗੀ ਅੱਗ ਪਿਛਲੇ ਪਿੰਡਾਂ ਤੋਂ ਹੁੰਦੀ ਹੋਈ ਸਾਡੇ ਵੱਲ ਆ ਗਈ। ਤੇਜ ਹਵਾਵਾਂ ਚੱਲਣ ਕਾਰਨ ਅੱਗ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਹੋ ਗਿਆ। ਫਾਇਰ ਬ੍ਰਿਗੇਡ ਫਗਵਾੜਾ ਤੋਂ ਮੰਗਵਾਇਆ। ਉਹਨਾਂ ਨੇ ਬਹੁਤ ਕੋਸ਼ਿਸ਼ ਕੀਤੀ ਪਰ ਉਸ ਵਿੱਚ ਵੀ ਖਰਾਬ ਆ ਗਈ। ਅੱਗ ਅੱਗੇ ਵਧਦੀ ਵੇਖ ਕੇ ਨੇੜਲੇ 4-5 ਪਿੰਡਾਂ ਦੇ ਕਿਸਾਨ ਟਰੈਕਟਰ ਟਰਾਲੀਆਂ ਲੈ ਕੇ ਮੌਕੇ 'ਤੇ ਪੁੱਜ ਗਏ ਅਤੇ 3-4 ਘੰਟੇ ਦੀ ਸਖਤ ਮਿਹਨਤ ਉਪਰੰਤ ਅੱਗ 'ਤੇ ਕਾਬੂ ਪਾਇਆ ਗਿਆ। ਖੇਤਾਂ ਵਿਚ ਖੜ੍ਹੇ ਇੰਜਣ ਅਤੇ ਹੋਰ ਸਮਾਨ ਸੜ ਕੇ ਸਵਾਹ ਹੋ ਗਿਆ।

# ਕੁਲ ਹਿੰਦ ਕਿਸਾਨ ਸਭਾ ਵੱਲੋਂ ਬ੍ਰਿਜ ਭੂਸ਼ਨ ਨੂੰ ਗ੍ਰਿਫਤਾਰ ਕਰਨ ਦੀ ਮੰਗ

ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ ) ਕੁਲ ਹਿੰਦ ਕਿਸਾਨ ਸਭਾ ਤਹਿਸੀਲ ਹੁਸ਼ਿਆਰਪੁਰ ਦੀ ਮੀਟਿੰਗ ਸਾਥੀ ਸੰਤੋਖ ਸਿੰਘ ਭੀਲੋਵਾਲ ਦੀ ਪ੍ਰਧਾਨਗੀ ਹੇਠ ਪਿੰਡ ਅਹਿਰਾਣਾ ਕਲਾਂ ਕੀਤੀ ਗਈ। ਸਭ ਤੋਂ ਪਹਿਲਾਂ ਸਾਥੀ ਸੁਨੀਤ ਚੋਪੜਾ, ਮਦਨ ਘੋਸ਼ ,ਚਰਨਜੀਤ ਸਿੰਘ ਚਠਿਆਲ ਦੀ ਬੇਵਕਤ ਮੌਤ 'ਤੇ ਦੋ ਮਿੰਟ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ।

ਮੀਟਿੰਗ ਨੂੰ ਦਰਸ਼ਨ ਸਿੰਘ ਮੱਟੂ ਜ਼ਿਲ੍ਹਾ ਜਨਰਲ ਸਕੱਤਰ, ਸ਼ੇਰ ਜੰਗ ਬਹਾਦਰ ਸਿੰਘ ਜ਼ਿਲ੍ਹਾ ਸਕੱਤਰ ਕੁਲ ਹਿੰਦ ਕਿਸਾਨ ਸਭਾ, ਕਮਲਜੀਤ ਸਿੰਘ ਰਾਜਪੁਰ ਭਾਈਆਂ ਨੇ ਸੰਬੋਧਨ ਕੀਤਾ। ਸਾਰੇ ਸਾਥੀਆਂ ਨੂੰ ਟੀਮ ਵਰਕ ਕਰਨ ਦੀ ਅਪੀਲ ਕੀਤੀ। ਜੰਤਰ ਮੰਤਰ 'ਤੇ ਬੈਠੀਆਂ ਭਾਰਤ ਦੀਆਂ ਧੀਆਂ ਦੇ ਘੋਲ ਦੀ ਪੂਰਨ ਹਮਾਇਤ ਕਰਦਿਆਂ ਬ੍ਰਿਜ ਭੂਸ਼ਨ ਸ਼ਰਨ ਸਿੰਘ ਐਮ ਪੀ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ ਤੇ ਮੋਦੀ ਸਰਕਾਰ ਦੀ ਬਲਾਤਕਾਰੀ ਬੀ ਜੀ ਪੀ ਐਮ ਪੀ ਨੂੰ ਬਚਾਉਣ ਦੀ ਸਖਤ ਨਿਖੇਧੀ ਕੀਤੀ। ਇਸ ਮੌਕੇ ਇੰਦਰ ਪਾਲ ਸਿੰਘ ਤਹਿਸੀਲ ਜਰਨਲ ਸਕੱਤਰ ਕੁਲ ਹਿੰਦ ਕਿਸਾਨ ਸਭਾ, ਪਰਸਨ ਸਿੰਘ,ਅਜੀਤ ਸਿੰਘ, ਬਲਰਾਜ ਸਿੰਘ ,ਗੁਰਨਾਮ ਸਿੰਘ, ਧਰਮ ਪਾਲ, ਭੁਪਿੰਦਰ ਸਿੰਘ ਤਨੁੱਲੀ, ਹਜ਼ੂਰਾ ਸਿੰਘ ਅਹਿਰਾਣਾ ਕਲਾਂ, ਨਿਰਵੈਰ ਸਿੰਘ, ਰਾਜਿੰਦਰ ਸਿੰਘ ਮਨਰਾਈਆਂ ਕਲਾਂ ਹਾਜਰ ਸਨ।



# ਬੇਗਮਪੁਰਾ ਟਾਈਗਰ ਫੋਰਸ ਨੇ ਮੋਦੀ ਸਰਕਾਰ ਦਾ ਫੂਕਿਆ ਪੁਤਲਾ



ਹੁਸ਼ਿਆਰਪੁਰ ( ਓ ਪੀ ਰਾਣਾ ) ਦਿੱਲੀ ਦੇ ਜੰਤਰ-ਮੰਤਰ ਵਿਖੇ ਮਹਿਲਾ ਪਹਿਲਵਾਨਾਂ ਦੇ ਸਮਰਥਨ 'ਚ ਬੇਗਮਪੁਰਾ ਟਾਇਗਰ ਫੋਰਸ ਵਲੋਂ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਦਕਰ ਚੌਕ ਨੇੜੇ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਪ੍ਰਧਾਨ ਸ਼ਤੀਸ ਕੁਮਾਰ ਸ਼ੇਰਗੜ ਦੀ ਅਗਵਾਈ ਵਿੱਚ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ,ਵੀਰਪਾਲ ਠਰੋਲੀ ਪੰਜਾਬ ਪ੍ਰਧਾਨ ,ਨਰੇਸ਼ ਕੁਮਾਰ ਬੱਧਣ ਸੀਨੀਅਰ ਮੀਤ ਪ੍ਰਧਾਨ ਪੰਜਾਬ , ਨੈਕੂ ਬੱਧਣ ਸੀਨੀਅਰ ਮੀਤ ਪ੍ਰਧਾਨ ਦੋਆਬਾ ਤੇ ਹੈਪੀ ਫਤਿਹਗੜ੍ਹ ਜ਼ਿਲ੍ਹਾ ਪ੍ਰਧਾਨ ਵਿਸ਼ੇਸ ਤੌਰ 'ਤੇ ਪਹੁੰਚੇ । ਆਗੂਆਂ ਨੇ ਕਿਹਾ ਕਿ ਬ੍ਰਿਜਭੂਸ਼ਨ ਸ਼ਰਨ ਸਿੰਘ ਵਿਰੁੱਧ ਲਾਏ ਗਏ ਸੰਗੀਨ ਦੋਸ਼ਾਂ ਮੁਤਾਬਿਕ ਸੁਪਰੀਮ ਕੋਰਟ ਵਲੋਂ ਦਿੱਤੇ ਗਏ ਅਦੇਸ਼ਾਂ ਅਨੁਸਾਰ ਤੁਰੰਤ ਕਾਰਵਾਈ ਕਰਨ ਨੂੰ ਅੱਖੋਂ ਪਰੋਖੇ ਕਰਕੇ ਮੋਦੀ ਸਰਕਾਰ ਬ੍ਰਿਜਭੂਸ਼ਨ ਸ਼ਰਨ ਸਿੰਘ ਦੀ ਮਦਦ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਜਿਣਸੀ ਸ਼ੋਸ਼ਣ ਦੇ ਦੋਸ਼ੀਆਂ ਨੂੰ ਮੌਤ ਦੀ ਸਜਾ ਦੀ ਵਿਵਸਥਾ ਹੋਣ 'ਤੇ ਹੀ ਦੇਸ਼ ਦੀਆਂ ਮਹਿਲਾਵਾਂ ਅਤੇ ਬੱਚੀਆਂ ਬਿਨਾਂ ਕਿਸੇ ਖੌਫ ਦੇ ਸਮਾਜ ਵਿੱਚ ਵਿਚਰ ਸਕਦੀਆਂ ਹਨ। ਉਹਨਾਂ ਕਿਹਾ ਕਿ ਕੌਮਾਤਰੀ ਪੱਧਰ 'ਤੇ ਦੇਸ਼ ਦਾ ਨਾਂਅ ਰੋਸ਼ਨ ਕਰਨ ਵਾਲੀਆਂ ਕੁੜੀਆਂ ਨਾਲ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੁਲਸ ਵਲੋਂ ਸਰੇਆਮ ਧੱਕਾ ਕਰਨਾ ਸ਼ਰਮਨਾਕ ਹੈ । ਇਸ ਮੌਕੇ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ , ਅਮਨਦੀਪ, ਹਰੀ ਰਾਮ ਆਦੀਆ ਜ਼ਿਲ੍ਹਾ ਪ੍ਰਧਾਨ ਭਾਵਾਦਾਸ ,ਸਤੀਸ਼ ਕੁਮਾਰ ਸ਼ੇਰਗੜ, ਚਰਨਜੀਤ ਸਿੰਘ, ਕਮਲਜੀਤ, ਰਾਮ ਜੀ, ਦਵਿੰਦਰ ਕੁਮਾਰ, ਰਾਜੀਵ ਸੈਣੀ, ਸੁਰਮੂ ਭਲਵਾਨ ,ਪੰਮਾ ਡਾਡਾ, ਗੋਗਾ ਮਾਂਝੀ ,ਰਾਜ ਕੁਮਾਰ ਬੱਧਣ, ਅਵਤਾਰ ਡਿੰਪੀ ,ਅਵਿਨਾਸ਼ ਸਿੰਘ ,ਅਮਨਦੀਪ ਸਿੰਘ, ਚਰਨਜੀਤ ਸਿੰਘ,ਭੁਪਿੰਦਰ ਕੁਮਾਰ ਬੱਧਣ ਕਮਲਜੀਤ ਸਿੰਘ, ਬਿਸ਼ਨਪਾਲ, ਗਿਆਨ ਚੰਦ, ਮੁਸਾਫਰ ਸਿੰਘ, ਸ਼ੇਰਾ ਸਿੰਘ, ਵਿਸ਼ਾਲ ਸਿੰਘ, ਹਰਨੇਕ ਸਿੰਘ ਬੱਧਣ, ਸਨੀ ਸੀਣਾ,ਭਿੰਦਾ ਸੀਣਾ, ਬਿਕਰਮ ਵਿੱਜ, ਮਨੀਸ਼ ਕੁਮਾਰ, ਦਵਿੰਦਰ ਕੁਮਾਰ, ਰਾਕੇਸ਼ ਕੁਮਾਰ ਭੱਟੀ ਵਿਜੇ ਕੁਮਾਰ ਜੱਲੋਵਾਲ ਖਨੂਰ , ਸੀਨੀਅਰ ਮੀਤ ਪ੍ਰਧਾਨ ਸ਼ਹਿਰੀ ਸੁਸ਼ਾਂਤ ਮੰਮਣ, ਨਰੇਸ਼ ਕੁਮਾਰ ਸ਼ਹਿਰੀ ਪ੍ਰਧਾਨ , ਬਾਲੀ , ਗੁਰਪ੍ਰੀਤ ਗੋਪਾ ,ਰਵੀ ਸਮੇਤ ਸੰਗਠਨ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

## 6000 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, (ਗੁਰਜੀਤ ਬਿੱਲਾ)-ਸੂਬੇ ਵਿੱਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਮਕਸਦ ਨਾਲ ਆਰੰਭੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਹਲਕਾ ਰਾਜੀਆ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਤਾਇਨਾਤ ਪਟਵਾਰੀ ਕਾਬਲ ਸਿੰਘ ਨੂੰ 6,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਪਰਗਟ ਸਿੰਘ ਵਾਸੀ ਪਿੰਡ ਧਾਲੀਵਾਲ ਕਲੇਰ, ਤਹਿਸੀਲ ਅਜਨਾਲਾ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਸ ਦੇ ਰਿਸ਼ਤੇਦਾਰਾਂ ਦੀ ਜਮੀਨ ਦੇ ਇੰਤਕਾਲ ਵਿੱਚ ਸੋਧ ਕਰਨ ਬਦਲੇ ਉਕਤ ਪਟਵਾਰੀ 6,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਉਸਦੀ ਸ਼ਿਕਾਇਤ ਵਿੱਚਲੇ ਦੋਸ਼ਾਂ ਦੀ ਪੁਸ਼ਟੀ ਉਪਰੰਤ, ਅੰਮ੍ਰਿਤਸਰ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਅਤੇ ਦੋਸ਼ੀ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ 6,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਉਕਤ ਮੁਲਜਮ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਜੀਨੀਅਸ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਕੈਬਨਿਟ ਦੀ ਚੋਣ




ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)— ਜੀਨੀਅਸ ਇੰਟਰਨੈਸ਼ਨਲ ਪਬਲਿਕ ਸਕੂਲ ਵਿੱਚ ਸਕੂਲ ਦੀ ਨਵੀਂ ਕੈਬਨਿਟ ਦੀ ਚੋਣ ਕੀਤੀ ਗਈ। ਜਿਸ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਬਾਰ ਕੌਂਸਲ ਦੇ ਚੇਅਰਪਰਸਨ ਅਮਰੀਕ ਸਿੰਘ ਪਹੁੰਚੇ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਭੁਪਿੰਦਰ ਸਿੰਘ, ਸ੍ਰੀਮਤੀ ਗੁਣਵੰਤ ਕੌਰ ਡਾਇਰੈਕਟਰ, ਸ੍ਰੀਮਤੀ ਗੁਰਪ੍ਰੀਤ ਮਾਥੁਰ ਉੱਪ ਪ੍ਰਿੰਸੀਪਲ ਤੇ ਸ੍ਰੀਮਤੀ ਭੁਪਿੰਦਰ ਕੌਰ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਮਿਸ ਕਾਜਲ ਥਾਪਾ ਅਤੇ ਉਹਨਾਂ ਦੇ ਸਾਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਬਾਅਦ 'ਚ ਸਕੂਲ ਕੈਬਨਿਟ ਲਈ ਚੁਣੇ ਗਏ ਸਾਰੇ ਵਿਦਿਆਰਥੀਆਂ ਨੂੰ ਬਿੱਲੇ ਦਿੱਤੇ ਗਏ। ਮੈਨੇਜਿੰਗ ਡਾਇਰੈਕਟਰ , ਡਾਇਰੈਕਟਰ,ਉੱਪ ਪ੍ਰਿੰਸੀਪਲ, ਅਕਾਦਮੀ ਡੀਨ ਅਤੇ ਮੁੱਖ ਮਹਿਮਾਨ ਨੇ ਸਕੂਲ ਕੈਬਿਨਟ ਦੇ ਹੈੱਡ ਬੁਆਏ ਮਨਜੋਤ ਸਿੰਘ, ਹੈੱਡ ਗਰਲ ਜਸਪ੍ਰੀਤ ਕੌਰ ਅਤੇ ਸਕੂਲ ਕਪਤਾਨ ਰਾਜਵਿੰਦਰ ਕੌਰ ਨੂੰ ਉਹਨਾਂ ਦੀਆਂ ਪਦਵੀਆਂ ਸੰਭਾਲਦੇ ਹੋਏ ਸ਼ੁੱਭ ਇੱਛਾਵਾਂ ਦਿੱਤੀਆਂ।

## ਨੌਜਵਾਨ ਹਰਮਿੰਦਰ ਸਿੰਘ ਦਾ ਕੀਤਾ ਅੰਤਮ ਸੰਸਕਾਰ

ਰੋਪੜ (ਬਿੰਦਰਾ) ਪਿੰਡ ਅਵਾਨਕੋਟ ਦੇ ਨੌਜਵਾਨ ਹਰਮਿੰਦਰ ਸਿੰਘ ਜਿਸ ਦੀ ਕਲ ਖਣਨ ਕਰਦਿਆਂ ਢਿੱਗ ਹੇਠ ਆਉਣ ਕਾਰਨ ਮੌਤ ਹੋ ਗਈ ਸੀ ਦਾ ਅੰਤਿਮ ਸੰਸਕਾਰ ਪਿੰਡ ਦੇ ਮੁਹਤਬਰਾਂ ਦੀ ਹਾਜਰੀ ਵਿੱਚ ਕੀਤਾ ਗਿਆ।

ਮ੍ਰਿਤਕ ਦੇ ਪਿਤਾ ਗਰੀਬ ਦਾਸ ਅਤੇ ਪਿੰਡ ਦੇ ਸਰਪੰਚ ਸਰਬਜੀਤ ਸਿੰਘ ਅਵਾਨਕੋਟ ਨੇ ਆਖਿਆ ਕਿ ਨੌਜਵਾਨ ਹਰਮਿੰਦਰ ਸਿੰਘ ਦੀ ਮੌਤ ਆਲੋਵਾਲ ਵਿਚ ਸਰਕਾਰ ਵੱਲੋਂ ਪ੍ਰਵਾਨਿਤ ਪਿੱਟ ਤੇ ਖੁਦਾਈ ਸਮੇਂ ਢਿੱਗ ਹੇਠ ਆਉਣ ਕਾਰਨ ਹੋਈ, ਪਰ ਅਧਿਕਾਰੀਆਂ ਵਲੋਂ ਗਰੀਬ ਪਰਵਾਰ ਦੀ ਕੋਈ ਸਹਾਇਤਾ ਕਰਨ ਦਾ ਐਲਾਨ ਨਾ ਕੀਤਾ ਗਿਆ ਜਿਸ ਕਾਰਨ ਨੌਜਵਾਨ ਨੇ ਨਾਹਰੇ ਲਗਾਏ ਅਤੇ ਧਰਨਾ ਦੇਣ ਦਾ ਐਲਾਨ ਕੀਤਾ।

ਖਣਨ ਵਿਭਾਗ ਦੇ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਮੁੱਖ ਮੰਤਰੀ ਰਿਲੀਫ ਫੰਡ 'ਚੋਂ ਸਹਾਇਤਾ ਦੇਣ ਦਾ ਵਾਅਦਾ ਕੀਤਾ।

ਜਿਸ ਤੋਂ ਬਾਅਦ ਅੰਤਮ ਸੰਸਕਾਰ ਕੀਤਾ ਗਿਆ।

# ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ 'ਚ ਖੇਡ ਮੈਦਾਨਾਂ ਤੇ ਸਵਿਮਿੰਗ ਪੂਲ ਦਾ ਉਦਘਾਟਨ



ਅੱਡਾ ਸਰਾਂ , (ਕਾਜਲ )- ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਸੁਸਾਇਟੀ ਬੋਕਾਰੋ ਝਾਰਖੰਡ ਵੱਲੋਂ ਚਲਾਏ ਜਾ ਰਹੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਣੋਵਾਲ ਵੈਦ ਵਿਚ ਬੱਚਿਆਂ ਲਈ ਸਵੀਮਿੰਗ ਪੂਲ ਅਤੇ ਵੱਖ-ਵੱਖ ਖੇਡਾਂ ਲਈ ਖੇਡ ਮੈਦਾਨਾਂ ਦਾ ਉਦਘਾਟਨ ਕੀਤਾ ਗਿਆ। ਕਾਰਜਕਾਰੀ ਪ੍ਰਿੰਸੀਪਲ ਸੁਮਨ ਨਾਂਗੀਆ ਦੀ ਅਗਵਾਈ 'ਚ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਸਕੂਲ ਦੇ ਪ੍ਰਧਾਨ ਤਰਸੇਮ ਸਿੰਘ ਨੇ ਬੱਚਿਆਂ ਲਈ ਹੈਂਡਬਾਲ, ਵਾਲੀਬਾਲ, ਖੋ-ਖੋ ਆਦਿ ਦੇ ਮੈਦਾਨ ਦੇ ਨਾਲ-ਨਾਲ ਸਵਿਮਿੰਗ ਪੂਲ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਪੜ੍ਹਾਈ ਦੇ ਨਾਲ-ਨਾਲ ਸਿਹਤ 'ਤੇ ਖੇਡਾਂ ਦੇ ਸਾਕਾਰਾਤਮਕ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜੂਨ ਮਹੀਨੇ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਸਕੂਲ ਵਿੱਚ ਵਿਸ਼ੇਸ਼ ਸਮਰ ਕੈਂਪ ਲਾਇਆ ਜਾਵੇਗਾ। ਇਸ ਦੌਰਾਨ ਮੋਹਨ ਰੂਪ ਰਾਏ, ਅਰਵਿੰਦ ਕੁਮਾਰ ਸਿੰਘ ਦਫਤਰ ਸੁਪਰਡੈਂਟ ਅਤੇ ਹੋਰ ਸਟਾਫ ਮੈਂਬਰ ਵੀ ਹਾਜਰ ਸਨ।

## ਸ਼ਹਿਨਾਈਆਂ



ਸੁਨੈਨਾ ਸ਼ਰਮਾ ਪੁੱਤਰੀ ਹੀਰਾ ਲਾਲ ਸ਼ਰਮਾ ਦਾ ਸ਼ੁਭ ਵਿਆਹ ਅਜੇ ਕੁਮਾਰ ਸ਼ਰਮਾ ਵਾਸੀ ਅੱਚਲੀ ਗੇਟ (ਬਟਾਲਾ) ਨਾਲ ਹੋਇਆ।

## ਵਰ੍ਹੇਗੰਢ ਮਨਾਈ



ਹਰਭਜਨ ਸਿੰਘ ਢਿੱਲੋਂ ਤੇ ਜਸਵਿੰਦਰ ਕੌਰ ਢਿੱਲੋਂ ਵਾਸੀ ਛੋਟੇਵਾਲ ਤਹਿ ਨੰਗਲ ਨੇ ਵਿਆਹ ਦੀ 24ਵੀਂ ਵਰ੍ਹੇਗੰਢ ਮਨਾਈ

## ਰਿਟਾਇਰ ਮੁਲਾਜ਼ਮ ਸ਼ਹਿਰ ਨੂੰ ਸਿੰਗਲ ਯੂਜ਼ ਪਲਾਸਟਿਕ ਤੋਂ ਮੁਕਤ ਕਰਵਾਉਣਗੇ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਰਿਟਾਇਰਡ ਇੰਪਲਾਈਜ਼ ਯੂਨੀਅਨ ਦੀ ਵਿਸ਼ੇਸ਼ ਬੈਠਕ ਪ੍ਰਧਾਨ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੰਦੀਪ ਤਿਵਾੜੀ ਅਸਿਸਟੈਂਟ ਕਮਿਸ਼ਨਰ ਨਗਰ ਨਿਗਮ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਸ਼੍ਰੀ ਸੰਜੀਵ ਅਰੋੜਾ ਸਰਪ੍ਰਸਤ, ਕੁਲਵੰਤ ਸਿੰਘ ਸੈਣੀ ਚੇਅਰਮੈਨ ਵਿਸ਼ੇਸ਼ ਤੌਰ +ਤੇ ਹਾਜ਼ਰ ਸਨ। ਬੈਠਕ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਲਾਲ ਸਿੰਘ ਨੇ ਕਿਹਾ ਕਿ ਯੂਨੀਅਨ ਵਲੋਂ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਕੰਮਾਂ ਦੇ ਨਾਲ ਨਾਲ ਸਮਾਜਿਕ ਕੰਮ ਵੀ ਕੀਤੇ ਜਾਣਗੇ ਜੋ ਕਿ ਜਲਦੀ ਹੀ ਸ਼ੁਰੂ ਕੀਤੇ ਜਾਣਗੇ। ਯੂਨੀਅਨ ਵਲੋਂ ਨਗਰ ਨਿਗਮ ਦੇ ਨਾਲ ਮਿਲਕੇ ਸਫਾਈ ਅਭਿਆਨ, ਪੌਦਾਰੋਪਣ ਵਿੱਚ ਪੂਰਾ ਸਹਿਯੋਗ ਦਿੱਤਾ ਜਾਵੇਗਾ ਅਤੇ ਇਸ ਦੇ ਨਾਲ ਨਾਲ ਜੋ ਸਕੀਮਾਂ ਸਰਕਾਰ ਵਲੋਂ ਲਾਗੂ ਕੀਤੀਆਂ ਜਾਣਗੀਆਂ ਉਸ ਨੂੰ ਘਰ-ਘਰ ਵਿੱਚ ਪਹੁੰਚਾਉਣ ਲਈ ਵੀ ਪੂਰਾ ਯਤਨ ਕੀਤਾ ਜਾਵੇਗਾ। ਸ਼ਹਿਰ ਨੂੰ ਸਿੰਗਲ ਯੂਜ਼ ਪਲਾਸਟਿਕ ਤੋਂ ਮੁਕਤ ਕਰਵਾਉਣ ਲਈ ਵਿਸ਼ੇਸ਼ ਅਭਿਆਨ ਚਲਾਉਣ ਲਈ ਕਿਹਾ ਗਿਆ ਕਿਉਂ ਜੋ ਸ਼ਹਿਰ ਵਾਸੀਆਂ ਨੂੰ ਸ਼ੁੱਧ ਵਾਤਾਵਰਣ ਮੁਹੱਈਆ ਕਰਵਾਇਆ ਜਾਵੇ।

# ਮਹਿਲਾ ਪਹਿਲਵਾਨਾਂ ਦੇ ਸੰਘਰਸ਼ ਦੀ ਹਮਾਇਤ 'ਚ ਮੁਜ਼ਾਹਰਾ ਅੱਜ



ਸ਼ਾਹਕੋਟ (ਗਿਆਨ ਸੈਦਪੁਰੀ) ਦੇਸ ਦੀ ਰਾਜਧਾਨੀ ਦਿੱਲੀ ਦੇ ਜੰਤਰ ਮੰਤਰ ਵਿਖੇ ਧਰਨੇ 'ਤੇ ਬੈਠੀਆਂ ਕੌਮਾਂਤਰੀ ਪੱਧਰ ਦੀਆਂ ਖਿਡਾਰਨਾਂ ਦੇ ਸੰਘਰਸ਼ ਦੀ ਹਮਾਇਤ 'ਚ ਮਜਦੂਰ ਕਿਸਾਨ ਮੁਲਾਜਮ ਅਤੇ ਤਰਕਸ਼ੀਲ ਸੁਸਾਇਟੀ ਵਲੋਂ 12 ਮਈ ਨੂੰ ਨਕੋਦਰ ਸਹਿਰ ਵਿੱਚ ਮੁਜਾਹਰਾ ਕੀਤਾ ਜਾਵੇਗਾ। ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ,ਦਿਹਾਤੀ ਮਜਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ,ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮੋਹਨ ਸਿੰਘ ਬੱਲ , ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਸੁਖਵਿੰਦਰ ਬਾਗਪੁਰ ,ਡੈਮੋਕ੍ਰੇਟਿਕ ਟੀਚਰਜ ਫਰੰਟ ਦੇ ਸੂਬਾ ਆਗੂ ਗੁਰਮੀਤ ਕੋਟਲੀ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮਨੋਹਰ ਸਿੰਘ ਗਿੱਲ ਅਤੇ ਟੈਕਨੀਕਲ ਸਰਵਿਸਿਜ ਯੂਨੀਅਨ ਦੇ ਸਰਕਲ ਕਪੂਰਥਲਾ ਦੇ ਪ੍ਰਧਾਨ ਸੰਜੀਵ ਕੁਮਾਰ ਦੇ ਕਿਹਾ ਕਿ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਸਾਂਸਦ ਬ੍ਰਿਜ ਭੂਸ਼ਣ ਵਲੋਂ ਰਾਜਸੀ ਸੱਤਾ ਦੇ ਨਸ਼ੇ 'ਚ ਖਿਡਾਰਨਾਂ ਨਾਲ ਸਿਰੇ ਦੀ ਬਦਤਮੀਜੀ ਕੀਤੀ ਗਈ ਹੈ । ਉਨ੍ਹਾਂ ਕਿਹਾ ਕਿ ਦਰਜਨਾਂ ਅਪਰਾਧਿਕ ਮਾਮਲਿਆਂ 'ਚ ਦੋਸ਼ੀ ,ਜਿਸਨੇ ਕਤਲ ਵੀ ਕੀਤੇ , ਟਾਡਾ ਵਰਗੇ ਚਾਰਜ ਵੀ ਲੱਗੇ ,ਜਿਸ ਨੂੰ ਲੋਕ ਪੱਖੀ ਮੀਡੀਆ ਬਾਹੂਬਲੀ ਕਹਿੰਦਾ ਹੈ ਪਰ ਬੀਜੇਪੀ ਹਕੂਮਤ ਉਸਨੂੰ ਆਪਣੀ ਗੋਦੀ 'ਚ ਬਿਠਾਈ ਬੈਠੀ ਹੈ। ਆਗੂਆਂ ਨੇ ਕਿਹਾ ਕਿ ਇਸ ਕਾਂਡ ਨੇ ਇਹ ਜਾਹਰ ਕੀਤਾ ਹੈ ਸਰਕਾਰੀ ਖੇਡ ਤੰਤਰ ਅੰਦਰ ਕੀ ਕੁਝ ਹੁੰਦਾ ਹੈ ,ਉਹਨਾਂ ਕਿਹਾ ਕਿ ਇਸ ਕਾਂਡ ਨੇ ਇੱਕ ਵਾਰ ਫਿਰ ਲੋਕਾਂ ਦੇ ਸਾਹਮਣੇ ਇਹ ਉਜਾਗਰ ਕੀਤਾ ਹੈ ਕਿ ਰਾਜ ਭਾਗ 'ਤੇ ਕਾਬਜ ਪਾਰਟੀਆਂ ਦੇ ਨੇਤਾ ਕਿਸ ਕਿਰਦਾਰ ਦੇ ਹਨ। ਆਗੂਆਂ ਨੇ ਕਿਹਾ ਕਿ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਆਵਾਜ ਉਠਾਉਣੀ ਹਰ ਜਾਗਦੀ ਜਮੀਰ ਵਾਲੇ ਇਨਸਾਨ ਦਾ ਫਰਜ ਹੈ । ਉਹਨਾਂ ਇਨਸਾਫ ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ 12 ਤਰੀਕ ਨੂੰ 11ਵਜੇ ਗਗਨ ਪਾਰਕ ਨਕੋਦਰ ਪਹੁੰਚਣ।

# ਡਿਗਰੀਆਂ ਜਾਰੀ ਕਰਾਉਣ ਲਈ ਜਥੇਬੰਦੀਆਂ ਤੇ ਮਾਪਿਆਂ ਦਾ ਵਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ



ਖਰੜ (ਹਰਨਾਮ ਸਿੰਘ ਡੱਲਾ) ਮੋਹਾਲੀ ਜ਼ਿਲ੍ਹੇ ਦੇ ਬਹੁਤ ਸਾਰੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਲੋਂ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਦੀਆਂ ਡਿਗਰੀਆਂ ਰੋਕੇ ਜਾਣ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਪੰਜਾਬ ਸਟੂਡੈਂਟਸ ਯੂਨੀਅਨ, ਸੰਵਿਧਾਨ ਬਚਾਓ ਸੰਘਰਸ਼ ਸੰਮਤੀ, ਕਿਰਤੀ ਕਿਸਾਨ ਯੂਨੀਅਨ ਮੋਰਚਾ, ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ,ਘੱਟ ਗਿਣਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਫਰੰਟ ਪੰਜਾਬ ਅਤੇ ਬੱਚਿਆਂ ਤੇ ਮਾਪਿਆਂ ਵਲੋਂ ਡਿਪਟੀ ਕਮਿਸ਼ਨਰ ਮੋਹਾਲੀ ਨੂੰ ਲਿਖਤੀ ਰੂਪ ਵਿੱਚ ਸ਼ਿਕਾਇਤ ਕੀਤੀ ਹੈ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਦੀ ਅਗਵਾਈ ਵਿੱਚ ਮਿਲੇ ਵਫਦ ਵਿੱਚ ਸ਼ਾਮਲ ਸਾਥੀ ਕਰਨੈਲਜੀਤ ਸਿੰਘ, ਜਰਨੈਲ ਸਿੰਘ ਮਗਰੋੜ, ਸੁਖਵਿੰਦਰ ਸਿੰਘ ਦੁਮਣਾ, ਸੁਰਿੰਦਰ ਸਿੰਘ ਬਡਾਲਾ, ਪਰਮਿੰਦਰ ਸਿੰਘ ਪੰਮੀ, ਸੇਵਾ ਸਿੰਘ,ਪੀੜਤ ਬੱਚੇ ਅਤੇ ਉਨ੍ਹਾਂ ਦੇ ਮਾਪੇ ਸ਼ਾਮਲ ਸਨ। ਉਨ੍ਹਾਂ ਦਸਿਆ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜਾਂ ਵਲੋਂ ਬੱਚਿਆਂ ਦੀਆਂ ਡਿਗਰੀਆਂ ਰੋਕੇ ਜਾਣ ਕਰਕੇ ਬੱਚਿਆਂ ਦਾ ਭਵਿੱਖ ਦਾਅ ਉੱਤੇ ਲੱਗਿਆ ਹੋਇਆ ਹੈ। ਜਦੋਂ ਕਿ ਬੱਚਿਆਂ ਨੇ ਵੱਖ ਵੱਖ ਕੋਰਸ ਪਾਸ ਕਰ ਲਏ ਹਨ। ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਮੈਨੇਜਮੈਂਟਾਂ ਇਹ ਬਹਾਨਾ ਬਣਾ ਰਹੀਆਂ ਹਨ ਕਿ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਦੀ ਫੀਸ ਉਨ੍ਹਾਂ ਨੂੰ ਨਹੀਂ ਦਿੱਤੀ ਜਾ ਰਹੀ। ਪਰ ਦੂਜੇ ਪਾਸੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਦੋਸ਼ ਹੈ ਕਿ ਜੇਕਰ ਸਰਕਾਰ ਵਲੋਂ ਸੰਸਥਾਵਾਂ ਨੂੰ ਫੀਸ ਅਦਾ ਨਹੀਂ ਕੀਤੀ ਗਈ ਤਾਂ ਬੱਚਿਆਂ ਦਾ ਇਸ ਵਿੱਚ ਕੀ ਕਸੂਰ ਹੈ ? ਬੱਚਿਆਂ ਅਤੇ ਮਾਪਿਆਂ ਦੇ ਸਮਰਥਨ ਵਿੱਚ ਆਈਆਂ ਉਪਰੋਕਤ ਜਥੇਬੰਦੀਆਂ ਨੇ ਡਿਪਟੀ ਕਮਿਸ਼ਨਰ ਮੋਹਾਲੀ ਤੋਂ ਮੰਗ ਕੀਤੀ ਹੈ ਕਿ ਉਕਤ ਮਾਮਲੇ ਦੀ ਜਾਂਚ ਕਰਵਾ ਕੇ ਬੱਚਿਆਂ ਨੂੰ ਡਿਗਰੀਆਂ ਤਕਸੀਮ ਕਰਵਾਈਆਂ ਜਾਣ, ਵਰਨਾ 29 ਮਈ ਨੂੰ ਸਬੰਧਿਤ ਯੂਨੀਵਰਸਿਟੀ ਵਿੱਚ ਧਰਨਾ ਮਾਰ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।